ਕਾਲੇ ਬੱਦਲਾਂ ਵਾਂਗ ਪਹਾੜ ਦਿੱਸਨ ਡੇਰਾ ਚਾਰ ਚੁਫੇਰੇ ਲਗਾਯਾ ਹੈ ਜੀ
ਬੜੇ ਬੜੇ ਮੁਲਖਈਆਂ ਭੁੱਈਆਂ ਨੇ ਡੇਰਾ ਕਿਲੇ ਦੇ ਕੋਲ ਆ ਲਾਯਾ ਹੈ ਜੀ
ਡਾਕ ਰਸਦ ਪਾਣੀ ਸਭ ਖਾਲਸੇ ਦੇ ਜਾਣਾ ਆਵਣਾ ਬੰਦ ਕਰਾਯਾ ਹੈ ਜੀ
ਐਪਰ ਸ਼ਾਬਾਸ਼ੇ ਮਹਾਂ ਸਿੰਘ ਸੂਰਮੇ ਦੇ ਜਿਨ ਸਿੰਘਾਂ ਨੂੰ ਚਾ ਬਚਾਯਾ ਹੈ ਜੀ
ਬੜਾ ਹੌਸਲਾ ਦੇਕੇ ਖਾਲਸੇ ਨੂੰ ਨਾਲ ਤੁਰਕਾਂ ਦੇ ਖੂਬ ਲੜਾਯਾ ਹੈ ਜੀ
ਮਹਾਂ ਸਿੰਘ ਨੇ ਧੀਰਜ ਹੈ ਬੜੀ ਰੱਖੀ ਸਾਰੇ ਸਿੰਘਾਂ ਨੂੰ ਸ਼ਾਬਾ ਸੁਣਾਯਾ ਹੈ ਜੀ
ਅੰਦਰੋਂ ਤੋਪ ਬੰਦੂਕ ਦਾ ਜੰਗ ਭਾਰਾ ਐਸੇ ਢੰਗ ਤੇ ਕਰ ਵਖਾਯਾ ਹੈ ਜੀ
ਨੇੜੇ ਢੁਕਣ ਨ ਦਿੱਤਾ ਮੁਲਖਈਆਂ ਨੂੰ ਸਗੋਂ ਦੂਰ ਤਕ ਪਰੇ ਹਟਾਯਾ ਹੈ ਜੀ
ਅੰਦਰ ਵੜਨ ਨ ਦਿੱਤਾ ਹੈ ਵੈਰੀਆਂ ਨੂੰ ਮਾਰ ਮਾਰਕੇ ਸਗੋਂ ਉਠਾਯਾ ਹੈ ਜੀ
ਅੰਦਰ ਕਿਲੇ ਜਮਰੌਦ ਦੇ ਖਾਲਸੇ ਨੇ ਦੁਖ ਬਹੁਤ ਹੀ ਭਾਰਾ ਉਠਾਯਾ ਹੈ ਜੀ
ਇਕ ਇਕ ਫੁਲਕਾ ਸਾਰੇ ਖਾਲਸੇ ਨੂੰ ਅਠੀਂ ਪੈਹਰੀਂ ਮਹਾਂ ਸਿੰਘ ਖੁਵਾਯਾ ਹੈ ਜੀ
ਐਪਰ ਦਿਲ ਨ ਹਾਰਿਆ ਬਿਸ਼ਨ ਸਿੰਘਾ ਸਗੋਂ ਹੌਸਲਾਂ ਬੜਾ ਵਧਾਯਾ ਹੈ ਜੀ

{ ਇਹ ਖਬਰ ਸੁਣਕੇ ੨੧ ਕੱਤਕ ਨੂੰ ਹਰੀ ਸਿੰਘ ਨੇ ਪਸ਼ੌਰਵਾਲੀ ਫੌਜ ਲੈਕੇ ਆਵਣਾ ਤੇ ਜੰਗ }

ਹਰੀ ਸਿੰਘ ਇਹ ਖਬਰ ਪਸ਼ੌਰ ਸੁਣਕੇ ਝਟ ਪਟ ਜਮਰੌਦ ਦੇ ਰਾਹ ਪਿਆ
ਸਾਰੀ ਫੌਜ ਪਸ਼ੌਰ ਦੀ ਨਾਲ ਲੈਕੇ ਬਿਜਲੀ ਵਾਂਗ ਹੈ ਗੱਜਦਾ ਆ ਪਿਆ
ਜੇਹੜੇ ਕਿਲੇ ਨੂੰ ਘੇਰ ਪਠਾਣ ਬੈਠੇ ਬੁਰਾ ਓਨਾਂ ਤੇ ਹੈ ਗੁਸਾ ਖਾ ਪਿਆ
ਏਧਰੋਂ ਕਿਲੇ ਵਾਲਾ ਦਲ ਮਹਾਂ ਸਿੰਘ ਦਾ ਗੁੱਸਾ ਖਾ ਪਠਾਣਾਂ ਤੇ ਜਾ ਪਿਆ
ਦੋਹਾਂ ਪਾਸਿਓਂ ਜੰਗ ਹੈ ਜੁਟ ਪਿਆ ਓਧ੍ਰੋ ਓਧਰੀ ਦਲ ਹੈ ਧਾ ਪਿਆ
ਪਿਆ ਗੋਲੇ ਤੇ ਗੋਲਾ ਹੈ ਚਲਣ ਲਗਾ ਖੜਕਾ ਤੋਪਾਂ ਦਾ ਧਰਤ ਕੰਬਾ ਪਿਆ
ਮੀਂਹ ਵਾਂਗ ਆ ਗੋਲੀ ਹੈ ਚਲਣ ਲਗੀ ਦਲ ਦੋਹਾਂ ਦਾ ਛਾਤੀਆਂ ਡਾਹ ਪਿਆ
ਧੂਆਂ ਇਤਨਾ ਅਕਾਸ਼ ਦੇ ਵਿਚ ਹੋਯਾ ਸੂਰਜ ਦਿਨੇਂ ਹੀ ਕਿਧਰੇ ਸਮਾ ਪਿਆ
ਦਲ ਸਿੰਘਾਂ ਦਾ ਵਟ ਕਚੀਚੀਆਂ ਨੂੰ ਇਕ ਵਾਰ ਤਾਂ ਜ਼ੋਰ ਲਗਾ ਪਿਆ
ਗੋਲੇ ਗੋਲੀ ਦੀ ਨਹੀਂ ਪਰਵਾਹ ਕੀਤੀ ਦਲ ਸਿੰਘਾਂ ਦਾ ਤੇਗ ਉਠਾ ਪਿਆ
ਜੰਗ ਦੇਖਕੇ ਸਿੰਘਾਂ ਦਾ ਬਿਸ਼ਨ ਸਿੰਘਾ ਸਾਰੇ ਹੋਂਵਦਾ ਹੈ ਵਾਹ ਵਾਹ ਪਿਆ

[ਤਥਾ]

ਸਿੰਘਾਂ ਸਾਰਿਆਂ ਨੇ ਜਾਨਾ ਤੋੜ ਕਰਕੇ ਇਸ ਜੰਗ ਵਿਚ ਕਰੀ ਲੜਾਈ ਭਾਵੇਂ
ਵਧ ਵਧ ਕੇ ਹਥ ਵਿਖਾ ਦਿੱਤੇ ਬੜੀ ਭਾਰੀ ਹੈ ਫੌਜ ਮੁਕਾਈ ਭਾਵੇਂ
ਹਰੀ ਸਿੰਘ ਸਰਦਾਰਾਂ ਬਹਾਦਰਾਂ ਨੇ ਸੂਰਮਤਾਈ ਹੈ ਬੜੀ ਵਿਖਾਈ ਭਾਵੇਂ
ਮਾਰ ਤੀਰਾਂ ਬੰਦੂਕਾਂ ਦੀ ਬੜੀ ਕਰਕੇ ਫੌਜ ਤੁਰਕਾਂ ਦੀ ਬੜੀ ਵਢਾਈ ਭਾਵੇਂ
ਫਰਕ ਰਤਾ ਨਾ ਕਿਸੇ ਨੇ ਰਹਿਣ ਦਿੱਤਾ ਵਧ ਵਧ ਲੜਾਈ ਮਚਾਈ ਭਾਵੇਂ
ਬੜੇ ਬੜੇ ਪਠਾਣ ਪਛਾੜ ਸੁਟੇ ਕੀਤੀ ਸਿੰਘਾਂ ਨੇ ਬੜੀ ਕਮਾਈ ਭਾਵੇਂ

ਦਲ ਮਕੜੀ ਫੇਰ ਵੀ ਮੁਕੇ ਕਿਥੋਂ ਤਾਕਤ ਸਿੰਘਾਂ ਨੇ ਬੜੀ ਲਗਾਈ ਭਾਵੇਂ
ਟਿੱਡੀ ਦਲ ਨ ਮੁਕਿਆ ਬਿਸ਼ਨ ਸਿੰਘਾ ਕਸਰ ਸਿੰਘਾਂ ਨੇ ਛਡੀ ਨ ਕਾਈ ਭਾਵੇਂ

[ਹਰੀ ਸਿੰਘ ਨੇ ਸਿੰਘਾਂ ਨੂੰ ਦਲੇਰੀ ਦੇਣੀ]

*ਹਰੀ ਸਿੰਘ ਨੇ ਆਖਿਆ ਖਾਲਸੇ ਨੂੰ ਇਕ ਵਾਰ ਤਾਂ ਹਥ ਵਿਖਾ ਛਡੋ
ਇਹ ਦਲ ਦੇ ਦਲ ਜੋ ਉਤਰੇ ਨੇ ਜ਼ੋਰ ਲਾਕੇ ਮਾਰ ਮੁਕਾ ਛਡੋ
ਇਹ ਕੀ ਜਾਨਣਗੇ ਤੁਸਾਂ ਨੂੰ ਖਾਲਸਾ ਜੀ ਇਕ ਵਾਰ ਤਾਂ ਬੰਬ ਬੁਲਾ ਛਡੋ
ਕਈਆਂ ਕੋਹਾਂ ਦੇ ਵਿਚ ਜੋ ਉਤਰੇ ਨੇ ਵਾਢੀ ਵਾਂਗ ਵਿਛਾਈ ਵਛਾ ਛਡੋ
ਮਹਾਰਾਜ ਦਾ ਖਾਧਾ ਹੈ ਨਿਮਕ ਤੁਸਾਂ ਕਰਜਾ ਸਿਰ ਮਹਾਰਾਜ ਚੜ੍ਹਾ ਛਡੋ
ਮਹਾਰਾਜ ਨੂੰ ਤਾਂ ਖਬਰੇ ਕੀ ਹੋਯਾ ਤੁਸੀ ਆਪਣਾ ਫਰਜ਼ ਵਜਾ ਛਡੋ
ਇਸ ਸਰੀਰ ਨੂੰ ਪਿਆਰਿਓ ਭਾਈਓ ਓਇ ਮਹਾਰਾਜ ਦੇ ਲੇਖੇ ਲਗਾ ਛਡੋ
ਮਹਾਰਾਜ ਕੀ ਜਾਨਣਗੇ ਬਿਸ਼ਨ ਸਿੰਘਾ ਅਜ ਵਧਕੇ ਹਥ ਵਖਾ ਛਡੋ

[ਸਿੰਘਾਂ ਨੇ ਹੱਲਾ ਕਰਨਾ ਤੇ ਪਠਾਣਾਂ ਨੇ ਦੌੜਨਾ]

ਸਿੰਘ ਸੁਣਕੇ ਬਚਨ ਸਰਦਾਰ ਜੀ ਦਾ ਹੱਲਾ ਕਰਕੇ ਤੁਰਕਾਂ ਤੇ ਜਾ ਪਏ
ਰਾਹ ਲਭਾ ਪਠਾਣਾਂ ਨੂੰ ਭਜਦਿਆਂ ਨਾਂ ਆਪੋ ਆਪਣੇ ਰਾਹ ਕੁਰਾਹ ਪਏ
ਅਗੇ ਅਗੇ ਹੁਣ ਭਜੇ ਪਠਾਣ ਸਾਰੇ ਬਿਜਲੀ ਵਾਂਗ ਪਿੱਛੋਂ ਸਿੰਘ ਆ ਪਏ
ਸੂਤ ਸੂਤ ਭਗੌਤੀਆਂ ਬਿਸ਼ਨ ਸਿੰਘਾ ਸਿੰਘ ਸੂਰਮੇ ਨੇ ਗੁਸਾ ਖਾ ਪਏ

[ਤਥਾ]

ਭੇਡਾਂ ਵਾਂਗ ਪਠਾਣਾਂ ਨੂੰ ਸਿੰਘ ਸਾਰੇ ਮਗਰੋਂ ਹੋਕੇ ਹੈਣ ਭਜਾਈ ਗਏ
ਬੜੇ ਪੂਰਾਂ ਦੇ ਪੂਰ ਨੇ ਲਾਹੀ ਗਏ ਉਤੇ ਲੋਥਾਂ ਦੇ ਲੋਥ ਚੜ੍ਹਾਈ ਗਏ
ਜ਼ੋਰ ਦੇ ਮੁਲਖੱਈਆਂ ਨੂੰ ਸਿੰਘ ਸਾਰੇ ਅਲੀ ਮਸੀਤ ਦੇ ਤਾਈਂ ਦਬਾਈ ਗਏ
ਜਿੰਨੀ ਵਾਹ ਲਗੀ ਸਿੰਘਾਂ ਸਾਰਿਆਂ ਦੀ ਜ਼ੋਰ ਲਾਕੇ ਤੁਰਕ ਮੁਕਾਈ ਗਏ
ਵਾਹ ਵਾਹ ਬਹਾਦਰੀ ਖਾਲਸੇ ਦੀ ਵਧ ਵਧਕੇ ਹੈਣ ਵਖਾਈ ਗਏ
ਅਗੇ ਅਗੇ ਪਠਾਣ ਕੀ ਬਿਸ਼ਨ ਸਿੰਘਾ ਮਗਰ ਸਿੰਘ ਨੇ ਘੋੜੇ ਦੁੜਾਈ ਗਏ

*ਓੜਕ ਹਰੀ ਸਿੰਘ ਨਲੂਏ ਨੇ ਸੋਚਿਆਂ ਕਿ ਜੇ ਅਜ ਅਸੀ ਕਿਲੇ ਵਿਚ ਰਹਿ ਗਏ ਤਾਂ ਦੋਸਤ ਮੁਹਿਮਦ ਖਾਂ ਨੇ ਹੱਲਾ ਕਰਕੇ ਕਲ ਨੂੰ ਇਕ ਸਿੰਘ ਵੀ ਜੀਉਂਦਾ ਨਹੀਂ ਛਡਣਾ, ਇਸ ਲਈ ਅਸੀ ਕਿਉਂ ਨਾਂ ਪੈਹਲੇ ਹੀ ਹੱਲਾ ਕਰ ਦਈਏ। ਏਹੋ ਗੁਰਮਤਾ ਕਰਕੇ ਹੱਲਾ ਕਰ ਦਿੱਤਾ ਅਤੇ ਆਪਵੀ ਤਲਵਾਰ ਸੂਤਕੇ ਅਗੇ ਹੋ ਤੁਰਿਆ ਓਸ ਸਮੇਂ ਇਕ ਤਾਂ ਦਸਕੁ ਹਜ਼ਾਰ ਸਿੰਘਾਂ ਦਾ ਹੱਲਾ ਹੋ ਪਿਆ ਦੂਜੇ ਕਈ ਪਸਤੋ ਬੋਲਣ ਵਾਲੇ ਸਿੰਘਾਂ ਨੇ ਪਠਾਣੀ ਭੇਸ ਧਾਰਕੇ ਮੁਲਖੱਈਏ ਦੇ ਦਲ ਵਿਚ ਏਹੋ ਰੌਲਾ ਪਾ ਦਿਤਾ ਕਿ ਲਾਹੌਰੋਂ ਫੌਜ ਆ ਪਹੁੰਚੀ ਜਿਸ ਤੋਂ ਢਿੱਲੇ ਹੋਕੇ ਪਠਾਣ ਪਿਛਾਂਹ ਨੂੰ ਮੁੜ ਪਏ।

{ਸਿੰਘਾਂ ਨੇ ਲੁੱਟ ਦੇ ਮਾਲ ਵਿਚ ਰੁਕ ਜਾਣਾ ਅਤੇ ਸਰਦਾਰ ਹਰੀ ਸਿੰਘ ਨੇ ਅਗਾਹਾਂ ੨ ਵਧਦੇ ਜਾਣਾ।}

ਮਾਲ ਬੜਾ ਮੁਲਖੱਈਆਂ ਦਾ ਪਿਆ ਹੋਯਾ ਜੰਗ ਛਡਕੇ ਸਿੰਘ ਉਠਾਉਣ ਲਗ ਪਏ
ਵਕਤਜੰਗਦੇ ਲਾਲਚ ਇਹ ਬੁਰਾ ਹੁੰਦਾ ਸਿੰਘ ਮਾਲ ਲੈ ਪਿਛਾਂ ਨੂੰ ਆਉਂਣ ਲਗ ਪਏ
ਹਰੀ ਸਿੰਘ ਕੁਝ ਸਿੰਘਾਂ ਨੂੰ ਨਾਲ ਲੈਕੇ ਵਧ ਵਧਕੇ ਹੱਥ ਵਖਾਉਂਣ ਲਗ ਪਏ
ਭਜੇ ਜਾਂਦੇ ਜੋ ਸੀਗ ਪਠਾਣ ਭਾਰੇ ਮਗਰੋਂ ਉਹਾਂ ਨੂੰ ਹੋ ਮੁਕਾਉਂਣ ਲਗ ਪਏ
ਭਾਵੇਂ ਵਰਜਿਆਸਿੰਘਾਂ ਨੇ ਹਰੀਸਿੰਘਨੂੰ ਲਿਖੇ ਲੇਖ ਪਰ ਕੌਣਮਟਾਉਂਣ ਲਗ ਪਏ
*ਜਿਧਰਘੋਰਸੀ ਤੁਰਕਾਂ ਦਾ ਬਿਸ਼ਨਸਿੰਘਾਹਰੀਸਿੰਘਜੀਓਧਰਨੂੰਧਾਉਂਣਲਗ ਪਏ

[ਹਰੀ ਸਿੰਘ ਨਲੂਏ ਨੇ ਸਿੰਘਾਂ ਨੂੰ ਆਖਣਾ]

ਮੇਰੇ ਪਿਆਰਿਓ ਭਾਈਓ ਖਾਲਸਿਓ ਅਜ ਅਸਾਂ ਸ਼ਹੀਦ ਹੋ ਜਾਵਣਾਂ ਜੇ
ਖਬਰਦਾਰ ਹੋਕੇ ਤੁਸਾਂ ਪਿਛੋਂ ਰੈਹਣਾ ਸੂਰਮਤਾਈ ਨੂੰ ਦਾਗ ਨਾਂ ਲਾਵਣਾ ਜੇ
ਹੁਣ ਮੈਂ ਤਾਂ ਚਲਿਆ ਜੇ ਆਗਾਂ ਵਧ ਵਧਕੇ ਜੰਗ ਮਚਾਵਣਾਂ ਜੇ
ਇਹ ਦਲ ਮੁਲਖੱਈਆਂ ਦਾ ਉਤਰਿਆ ਜੋ ਇਹਨੂੰ ਮਾਰਕੇ ਪਿਛਾਂ ਹਟਾਵਣਾਂ ਜੇ
ਏਥੋਂ ਬਚਨ ਦੀ ਨਹੀਂ ਉਮੈਦ ਮੇਰੀ ਨਾ ਹੀ ਬਚਕੇ ਏਥੋਂ ਮੈਂ ਆਵਣਾਂ ਜੇ
ਇਹ ਹਾਲ ਮੇਰਾ ਮਹਾਰਾਜ ਤਾਈਂ ਤੁਸਾਂ ਖੋਲਕੇ ਸਾਰਾ ਸੁਣਾਵਣਾਂ ਜੇ
ਜਦ ਮਰ ਵੀ ਗਿਆ ਮੈਂ ਜੰਗ ਅੰਦਰ ਭੇਤ ਕਿਸੇ ਨੂੰ ਨਹੀਂ ਬਤਾਵਣਾਂ ਜੇ
ਚੁਪ ਗੁਪ ਹੀ ਸਾਰਾ ਸੁਨੇਹਾ ਏਹੋ ਮਹਾਰਾਜ ਨੂੰ ਤੁਸਾਂ ਪਹੁੰਚਾਵਣਾਂ ਜੇ
ਤੇਰੇ ਵਾਸਤੇ ਸਿੰਘ ਸ਼ਹੀਦ ਹੋਯਾ ਸਚ ਸੱਚ ਇਹ ਤੁਸਾਂ ਅਲਾਵਣਾਂ ਜੇ
ਨਾਲੇ ਤੁਸਾਂ ਨੂੰ ਮੈਂ ਨਸੀਹਤ ਕਰਦਾ ਦਾਗ ਸਿਖੀ ਨੂੰ ਨਹੀਂ ਲਗਾਵਣਾਂ ਜੇ
ਜਿਥੋਂ ਤੀਕ ਹੈ ਤੁਸਾਂ ਦੀ ਵਾਹ ਲਗੇ ਵਧ ਵਧ ਕੇ ਹਥ ਵਿਖਾਵਣਾਂ ਜੇ
ਪਿਛਲੇ ਸਿੰਘਾਂ ਦੇ ਵਾਂਗ ਸ਼ਹੀਦ ਹੋਕੇ ਬੜਾ ਬੜਾ ਮੁਰਾਤਬਾ ਪਾਵਣਾਂ ਜੇ
ਕਿਲਾ ਛਡਣਾਂ ਨਹੀਂ ਜਮਰੋਦ ਸਿਦਾ ਭਾਵੇਂ ਦੁਖ ਵੀ ਤੁਸਾਂ ਉਠਾਵਣਾਂ ਜੇ
ਭੁਖੇ ਮਰ ਜਾਣਾਂ ਕਿਲੇ ਵਿਚ ਬੈਠੇ ਐਪਰ ਨਹੀਂ ਲਾਹੌਰ ਨੂੰ ਧਾਵਣਾਂ ਜੇ
ਹਰੀ ਸਿੰਘ ਨੇ ਆਖਿਆ ਬਿਸ਼ਨ ਸਿੰਘਾ ਏਸ ਗਲ ਤੋਂ ਨਹੀਂ ਭੁਲਾਵਣਾਂ ਜੇ

---

*ਰਾਤ ਪੈ ਗਈ ਜੇਕਰ ਉਸ ਵਕਤ ਸਿੰਘ ਲੁੱਟ ਦਾ ਮਾਲ ਚੁਕਣ ਵਿੱਚਨਾ ਰੁਕਦੇ ਤੇ ਹਰੀ ਸਿੰਘ ਵੀ ਮੁੜ ਪੈਂਦਾ ਤਾਂਤੇ ਫਤੇ ਲੈ ਲੀਤੀ ਸੀ ਪਰ ਭਾਵੀ ਕੀਕੂੰ ਟਲੇ,ਸਿੰਘ ਤਾਂ ਲੁੱਟ ਦੇ ਲੋਭ ਵਿਚ ਲਪਟ ਪਏ ਤੇ ਸੂੰਦਾਰ ਬਹਾਦਰ ਫੌਜ ਦੇ ਹਟਕਦਿਆਂ ੨ ਅਪਣੀ ਅੜਦਲ ਦੀ ਫੌਜ ਨਾਲ ਅਗੇ ਨੂੰ ਹੀ ਵਧਦਾ ਚਲਾ ਗਿਆ। ਏਧਰ ਕਈ ਵਾਰੀ ਹਰੀ ਸਿੰਘ ਨੇ ਲਾਹੌਰ ਮਹਾਰਾਜ ਵਲ ਚਿੱਠੀਆਂ ਲਿਖੀਆਂ ਕਿ ਫੌਜ ਭੇਜੋ ਯਾ ਆਪ ਆਓ ਪਰ ਉਹ ਚਿੱਠੀਆਂ ਡੋਗਰਾ ਧਿਆਨ ਸਿੰਘ ਸਿੰਘਾਂ ਦਾ ਵੈਰੀ ਮਹਾਰਾਜ ਤਾਈਂ ਪਹੁੰਚਣ ਹੀ ਨਾਂ ਦੇਂਦਾ ਰਿਹਾ।

[ਹਰੀ ਸਿੰਘ ਦਾ ਜੰਗ]

ਹਰੀ ਸਿੰਘ ਜੀ ਅੜਦਲ ਦੀ ਫੌਜ ਲੈਕੇ ਅਪਣਾ ਘੋੜਾ ਅਗਾਹਾਂ ਵਧਾਈ ਆਯਾ
ਮਾਰ ਮਾਰ ਸਥਾਰ ਨੇ ਲਾਹ ਸੁਟੇ ਲੋਥਾਂ ਉਤੇ ਹੈ ਲੋਥਾਂ ਚੜ੍ਹਾਈ ਆਯਾ
ਬੜੇ ਬੜੇ ਪਠਾਣ ਮੁਕਾਈ ਆਯਾ ਬੜੀ ਭਾਰੀ ਵਿਛਾਈ ਵਿਛਾਈ ਆਯਾ
ਵਾਂਗ ਜੋਧਿਆਂ ਹਥ ਵਿਖਾਈ ਆਯਾ ਫੌਜ ਤੁਰਕਾਂ ਦੀ ਸਭ ਦਬਾਈ ਆਯਾ
ਅਗੇ ਅਗੇ ਹੈ ਤੁਰਕ ਦੁੜਾਈ ਆਯਾ ਮਗਰ ਮਗਰ ਹੈ ਘੋੜਾ ਭਜਾਈ ਆਯਾ
ਸਤਿ ਸ੍ਰੀ ਅਕਾਲ ਗਜਾਈ ਆਯਾ ਫੜ ਲੌ ਮਾਰ ਲੌ ਇਹ ਸੁਣਾਈ ਆਯਾ
ਸ੍ਰੀ ਵਾਹਿਗੁਰੂ ਫਤੇ ਬੁਲਾਈ ਆਯਾ ਜਾਣਾ ਪੌਣ ਨ ਇਹ ਅਲਾਈ ਆਯਾ
ਸਿੰਘ ਸ਼ੇਰਾਂਜਿਉਂਮਗਰਲਗਾਈ ਆਯਾਤੁਰਕ ਭੇਡਾਂ ਜਿਉਂਅਗੇ ਹੈ ਲਾਈ ਆਯਾ
*ਬਲਦੀ ਅੱਗ ਵਿਚਵੜਿਆ ਆਬਿਸ਼ਨਸਿੰਘਾਹਾਲੀਆਪਣਾਆਪਬਚਾਈ ਆਯਾ

[ਹਰੀ ਸਿੰਘ ਨੂੰ ਇਕ ਪਠਾਣ ਨੇ ਜ਼ਖਮੀ ਕਰਨਾ]

ਵਧਦਾ ਵੇਖ ਸਰਦਾਰ ਨੂੰ ਜੰਗ ਅੰਦਰ ਇਕ ਪਾਪੀ ਪਠਾਣ ਹੈ ਆ ਗਿਆ
ਕਸ ਲਿਆ ਦੁਗਾੜਾ ਦੁਨਾਲੀ ਸੰਦਾ ਬਸ ਛਾਤੀ ਦੇ ਵਿਚ ਹੈ ਲਾ ਗਿਆ
ਹਰੀ ਸਿੰਘ ਨੂੰ ਠੀਕ ਪਛਾਣ ਕਰਕੇ ਕੱਸ ਕਰ ਦੁਗਾੜਾ ਚਲਾ ਗਿਆ
ਬਸ ਕੀ ਹੋਯਾ ਜ਼ਖਮੀ ਸਿੰਘ ਹੋਯਾ ਪਾਪੀ ਆਪਣਾ ਹਥ ਵਿਖਾ ਗਿਆ
ਘੋੜੇ ਉਤੇ ਸਰਦਾਰ ਸੀ ਜਿਥੇ ਲੜਦਾ ਮੂਧੇ ਮੂੰਹ ਸਰਦਾਰ ਨੂੰ ਪਾ ਗਿਆ
ਗਰਦਨ ਘੋੜੇ ਦੀ ਤੇ ਲੰਮਾਂ ਸਿੰਘ ਪਿਆ ਡਰਦਾ ਪਾਪੀ ਪਠਾਣ ਹੈ ਧਾ ਗਿਆ
ਹਰੀ ਸਿੰਘ ਨੂੰ ਜ਼ਖਮੀ ਨ ਕਰ ਗਿਆ ਸੱਲ ਸਿੰਘਾਂ ਦੀ ਛਾਤੀ ਲਗਾ ਗਿਆ
ਜ਼ਖਮੀ ਕਰਕੇ ਸਿੰਘ ਨੂੰ ਬਿਸ਼ਨ ਸਿੰਘਾ ਪਾਪੀ ਆਪਣਾ ਆਪ ਬਚਾ ਗਿਆ

{ਹਰੀ ਸਿੰਘ ਦੇ ਪੁਤ੍ਰੇਲੇ ਮਹਾਂ ਸਿੰਘ ਨੇ ਹਰੀ ਸਿੰਘ ਨੂੰ ਸੰਭਾਲਕੇ ਡੇਰੇ ਲੈ ਆਵਣਾ ਤੇ ਸਿੰਘਾਂ ਨੂੰ ਹੌਸਲਾ ਦੇਣਾਂ}

ਘੋੜਾ ਐਸਾ ਸਿਆਣਾ ਹੈ, ਪਿਆ ਓਥੋਂ ਪਿਛਲੇ ਰਾਹ ਪਿਛਾਹਾਂ ਨੂੰ ਪੈ ਆਯਾ
ਮਹਾਂ ਸਿੰਘ ਨੇ ਝਟ ਸੰਭਾਲ ਲਿਆ ਚੁਕ ਸਿੰਘ ਨੂੰ ਡੇਰੇ ਹੈ ਲੈ ਆਯਾ
ਲੜਦੇ ਸਿੰਘਾਂ ਨੂੰ ਹੌਸਲਾ ਦੇ ਕਰਕੇ ਸਿੰਘ ਤਜਾਰ ਬਰ ਤਜਾਰ ਨੇ ਕਹਿ ਆਯਾ
†ਕਰਨਾ ਹੌਸਲਾ ਸਿੰਘ ਜੀ ਬਿਸ਼ਨ ਸਿੰਘਾ ਸਿੰਘ ਤੁਰਕਾਂ ਨੂੰ ਕਰਕੇ ਜੈ ਆਯਾ

---

*ਜਦ ਚੰਦ ਦ ਚਾਂਨਣੇ ਵਿਚ ਪਠਾਣਾਂ ਨੇ ਸਿੰਘਾਂ ਨੂੰ ਲੁਟ ਉਤੇ ਲੋਟਣ ਹੋਟੇ ਦੇਖਿਆ ਤਾਂ ਮੁੜ ਹੱਲਾ ਕਰਕੇ ਸਰਦਾਰ ਨੂੰ ਜੋ ਓਦੋਂ ਡੂਢਕੁ ਸੌ ਆਦਮੀ ਨਾਲ ਸੀ ਅੰਲੀ ੨ ਕਰਕੇ ਆ ਘੇਰਿਆ ਭਾਵੇਂ ਏਨ੍ਹਾਂ ਜੋਧਿਆਂ ਨੇ ਬੇਅੰਤ ਵੈਰੀ ਤਲਵਾਰਾਂ ਦੇ ਘਾਟ ਪਾਰ ਉਤਾਰੇ ਪਰ ਜਹਾਨ ਉਲਟੇ ਨੂੰ ਕੀ ਕਰਨ, ਜਿਉਂ ਹੀ ਸਰਦਾਰ ਤੀਰਾਂ ਨਾਲ ਪਠਾਣਾਂ ਨੂੰ ਚੀਰਦਾ ਹੋਯਾ ਅਗਾਂ ਜਾ ਰਿਹਾ ਸੀ।

†ਹਰੀ ਸਿੰਘ ਦੇ ਨਾਲ ਹੀ ਸਿੰਘਾਂ ਨੂੰ ਦੁਗਾੜਾ ਵਜ ਗਿਆ, ਛਾਤੀ ਧੜਕ ਉਠੀ, ਹੌਸਲੇ ਹਾਰ ਗਏ, ਚਿਹਰੇ ਚਿਟੇ ਹੋ ਗਏ ਪਰ ਸ਼ਾਬਾਸ਼ੇ ਮਹਾਂ ਸਿੰਘ ਦੇ—

[ਹਰੀ ਸਿੰਘ ਨੇ ਮਹਾਂ ਸਿੰਘ ਨੂੰ ਨਸੀਹਤ ਕਰਨੀ]

ਹਰੀ ਸਿੰਘ ਨੇ ਆਖਿਆ ਮਹਾਂ ਸਿੰਘ ਨੂੰ ਮੇਰੇ ਮਰਨ ਦਾ ਭੇਤ ਬਤਾਵਨਾਂ ਨ
ਹੁਣ ਘੜੀ ਯਾ ਪਲ ਹਾਂ ਪਿਆਰਿਆ ਓਇ ਇਹ ਕਿਸੇ ਨੂੰ ਹਾਲ ਸੁਣਾਵਣਾਂ ਨ
ਦੇਈ ਰਖਣਾ ਹੌਸਲਾ ਸਿੰਘਾਂ ਤਾਈਂ ਅਤੇ ਮਨ ਤੋਂ ਤੁਸਾਂ ਭੁਲਾਵਣਾਂ ਨ
ਮੇਰੇ ਮਰਨ ਦਾ ਹਾਲ ਪਿਆਰਿਆ ਓਇ ਕਿਤੇ ਤੁਰਕਾਂ ਦੇ ਵਿਚ ਅਲਾਵਣਾਂ ਨ
ਜਿਨਾਂ ਚਿਰ ਸਰਕਾਰ ਨ ਆਵੇ ਏਥੇ ਮੇਰੀ ਲੋਥ ਨੂੰ ਤੁਸਾਂ ਜਲਾਵਣਾਂ ਨ
ਅੰਦਰ ਬੈਠਕੇ ਕਿਲੇ ਦੇ ਲੜੋ ਸਾਰੇ ਅਤੇ ਕਿਲੇ ਤੋਂ ਬਾਹਰ ਵੀ ਜਾਵਣਾਂ ਨ
ਹਰੀ ਸਿੰਘ ਜੀਉਂਦਾ ਏਹੋ ਕਹੀ ਜਾਣਾ ਕਿਤੇ ਡਰ ਲਾਹੌਰ ਨੂੰ ਧਾਵਣਾਂ ਨ
ਮੇਰੀ ਮੇਹਨਤ ਨੂੰ ਐਵੇਂ ਗਵਾਵਣਾਂ ਨ ਸੂਰਮ ਤਾਈ ਨੂੰ ਦਾਗ ਲਗਾਵਣਾਂ ਨ
ਗੰਢ ਬੰਨ ਲੈ ਪੱਲੇ ਤੂੰ ਬਿਸ਼ਨ ਸਿੰਘਾ ਏਸ ਗਲ ਤੋਂ ਕਿਤੇ ਭੁਲਾਵਣਾਂ ਨ

[ਹਰੀ ਸਿੰਘ ਦਾ ਮਹਾਰਾਜ ਨੂੰ ਅਖੀਰਲਾ ਸੁਨੇਹਾ]

ਲੈ ਬਸ ਸੁਣ ਲੈ ਤੂੰ ਵੀ ਹੱਦ ਕੀਤੀ ਅਸੀਂ ਤੁਸਾਂ ਨੂੰ ਫਤੇ ਬੁਲਾ ਚੱਲੇ
ਤੇਰੇ ਵਲੋਂ ਵੀ ਕਸਰ ਨ ਰਹੀ ਕੋਈ ਅਸੀਂ ਨੌਕਰੀ ਤੇਰੀ ਕਮਾ ਚੱਲੇ
ਸਾਡੇ ਵਲੋਂ ਵੀ ਕਸਰ ਨ ਰਹੀ ਕੋਈ ਅਸੀਂ ਆਪਣਾ ਫਰਜ਼ ਵਜਾ ਚੱਲੇ
ਜਿੰਨੀ ਵਾਹ ਲਗੀ ਸਾਡੀ ਪਿਆਰਿਆ ਓਇ ਅਸੀਂ ਆਪਣਾਂ ਜ਼ੋਰ ਲਗਾ ਚੱਲੇ
ਤੇਰੇ ਵਾਸਤੇ ਸਜਣਾਂ ਮਿਤਰਾ ਓਇ ਅਸੀ ਆਪਣਾਂ ਆਪ ਗਵਾ ਚੱਲੇ
ਭਾਵੇਂ ਅਸੀਂ ਸ਼ਹੀਦ ਹਾਂ ਹੋ ਚਲੇ ਐਪਰ ਸਿਖੀ ਨੂੰ ਦਾਗ ਨ ਲਾ ਚੱਲੇ
ਅਪਣੇ ਜਸ ਦਾ ਤੇ ਤੇਰੇ ਜਸ ਸੰਦਾ ਝੰਡਾ ਵਿਚ ਜਮਰੋਦ ਝੁਲਾ ਚੱਲੇ
ਟੋਟੇ ਟੋਟੇ ਹੋਕੇ ਅਸੀਂ ਲੜੇ ਭਾਰਾ ਤੇਰੇ ਵਾਸਤੇ ਹੱਦ ਮੁਕਾ ਚੱਲੇ
ਲੈ ਆ ਛੇਤੀ ਸਾਂਭ ਰਾਜ ਅਪਣਾ ਅਸੀਂ ਸੱਚ ਹਾਂ ਤੈਨੂੰ ਸੁਣਾ ਚੱਲੇ
ਹੁਣ ਘੜੀ ਯਾ ਪਲ ਹਾਂ ਪਿਆਰਿਆ ਓਇ ਜੋ ਕੁਝ ਖਾਵਣਾਂ ਸੀ ਸੋ ਖਾ ਚੱਲੇ
ਹੁਣ ਆ ਨ ਆ ਇਹ ਤੇਰੀ ਮਰਜ਼ੀ ਛੇਕੜ ਸੰਦਾ ਸੁਨੇਹਾ ਅਲਾ ਚੱਲੇ
ਸਾਡੇ ਜੀਉਣ ਦੀ ਨਹੀਂ ਉਮੈਦ ਕੋਈ ਅਸੀ ਖੋਲਕੇ ਤੈਨੂੰ ਬਤਾ ਚੱਲੇ
ਬੀਜ ਤੁਰਕਾਂ ਦਾ ਹਾਂ ਉਡਾ ਚਲੇ ਸਿੰਘ ਵਿੱਚ ਜਮਰੋਦ ਬਹਾ ਚੱਲੇ
ਸਫਾ ਤੁਰਕਾਂ ਦੀ ਏਥੋਂ ਉਠਾ ਚਲੇ ਤੇਰਾ ਰਾਜ ਹਾਂ ਅਸੀਂ ਬਣਾ ਚੱਲੇ
ਬਹੁੜ, ਹੁਣ ਤਾਂ ਆਕੇ ਬਿਸ਼ਨ ਸਿੰਘਾ ਤੈਨੂੰ ਅੰਤ ਦੀ ਫਤੇ ਗਜਾ ਚੱਲੇ

[ਤਥਾ]

ਵਾਹ ਵਾਹ ਤੂੰ ਵੀ ਭਾਈਜਾ ਹੱਦ ਕੀਤੀ . ਚੰਗਾ ਅਸਾਂ ਨੂੰ ਤੂੰ ਭੁਲਾ ਛਡਿਆ
ਏਨਾਂ ਡੋਗਰਿਆਂ ਬਾਮਣਾਂ ਮਹਾਰਾਜਾ ਖਬਰੇ ਕੀ ਤੇਰੇ ਸਿਰ ਪਾ ਛਡਿਆ

—ਉਸਨੇ ਪੁਕਾਰ ਕੇ ਆਖਿਆ ਖਾਲਸਾ ਜੀ ਧੀਰਜ ਰਖੋ, ਸਤਿਗੁਰੂ ਨੇ ਹਥ ਦੇਕੇ ਸਿੰਘ ਹੋਰਾਂ ਨੂੰ ਰਖ ਲੀਤਾ ਹੈ ਜ਼ਰਾ ਕੁ ਜ਼ਖਮ ਆਯਾ ਹੈ ਹੁਣੇ ਤੁਹਾਡੇ ਨਾਲ ਗਲਾਂ ਕਰਨਗੇ ਏਹ ਅਵਾਜ਼ ਸਿੰਘਾਂ ਦੇ ਹੌਸਲੇ ਫੇਰ ਵਧਾ ਗਈ ਤੇ ਚੌਗੁਣੇ ਹੋਗਏ।

ਅਸੀਂ ਕਈ ਸੁਨੇਹੇਂ ਨੇ ਭੇਜੇ ਤੈਨੂੰ ਹਾਲ ਸਾਰਾ ਹੈ ਅਸਾਂ ਸੁਣਾ ਛਡਿਆ
ਤੂੰ ਕੋਈ ਵੀ ਨਹੀਂ ਜਵਾਬ ਦਿਤਾ ਅਸਾਂ ਆਪਣਾਂ ਸਿਰ ਖਪਾ ਛਡਿਆ
ਤੂੰ ਸੁਖ ਦੇ ਨਾਲ ਹੈਂ ਏਥੇ ਬੈਠਾ ਕੀਤਾ ਅਸਾਂ ਦਾ ਤੂੰ ਹੈ ਖਾ ਛਡਿਆ
ਸਾਡੇ ਭਾ ਦੀ ਰਹੀ ਹੈ ਬਣੀ ਏਥੇ ਸਾਰੇ ਸਿੰਘਾਂ ਨੇ ਜ਼ੋਰ ਲਗਾ ਛਡਿਆ
ਅਸਾਂ ਲਿਖਕੇ ਕਈ ਨੇ ਖਤ ਭੇਜੇ ਆਪਣੇ ਦੁਖ ਦਾ ਹਾਲ ਬਤਾ ਛਡਿਆ
ਸਾਡੇ ਖਤਾਂ ਨੂੰ ਖਬਰੇ ਕੀ ਬਿੱਜ ਪੈਂਦੀ ਅਸਾਂ ਤਾਂਈ ਭੁਲਾਇ ਭਰਾ ਛਡਿਆ
ਨਾਲ ਮੌਜ ਦੇ ਵਿਚ ਲਾਹੌਰ ਬਹਿਕੇ ਚੁਪ ਕਰਕੇ ਝਟ ਲੰਘਾ ਛਡਿਆ
ਉੱਜੜ ਚਲਿਆ ਹੁਣ ਹੈ ਰਾਜ ਤੇਰਾ ਅਸਾਂ ਛੇਕੜ ਦੀ ਵਾਰੀ ਅਲਾ ਛਡਿਆ
ਆ ਸਾਂਭ ਲੈ ਆਣਕੇ ਹਈ ਵੇਲਾ ਅਸਾਂ ਹਈ ਜਮਰੋਦ ਵਸਾ ਛਡਿਆ
ਖਬਰੇ ਗੱਜ਼ਬ ਕੀ ਹੁੰਦਾ ਹੈ ਬਿਸ਼ਨ ਸਿੰਘਾ ਸਾਡੇ ਖਤਾਂ ਨੂੰ ਕਿਨ ਦਬਾ ਛਡਿਆ

[ਤਥਾ]

ਆ ਬਹੁੜ ਛੇਤੀ ਆ ਬਹੁੜ ਛੇਤੀ ਹੋਗਈ ਤੇਰੀ ਡਾਵਾਂ ਡੋਲ ਬੇੜੀ
ਠੀਕ ਜਾਣ ਤੂੰ ਮੈਂ ਸ਼ਹੀਦ ਹੋਯਾ ਕਾਹਨੂੰ ਰਿਹਾ ਹੈਂ ਦੇਹੀ ਨੂੰ ਟੋਲ ਮੇਰੀ
ਏਹਨਾਂ ਬਾਮਣਾਂ ਡੋਗਰਿਆਂ ਮਹਾਰਾਜਾ ਬੇੜੀ ਗਰਕ ਹੈ ਕਰਨੀ ਅਡੋਲ ਤੇਰੀ
ਜਿਸ ਕਰ ਚੁਪ ਕੀਤੀ ਤੂੰ ਬਿਸ਼ਨ ਸਿੰਘਾ ਖਤਾ ਅਸਾਂ ਦੇ ਵਿਚ ਹੈ ਬੋਲ ਕੇਹੜੀ

[ਤਥਾ]

ਵਾਜਾਂ ਮਾਰਦੇ ਹਾਂ ਤੈਨੂੰ ਰੁੜੇ ਜਾਂਦੇ ਛੇਕੜ ਵਾਰੀ ਨ ਹੁਣ ਭੁਲਾ ਜਾਣੀ
ਸਾਡੀ ਬੇਨਤੀ ਮੰਨਕੇ ਮਹਾਰਾਜਾ ਦਬਾ ਦਬ ਜਮਰੋਦ ਨੂੰ ਆ ਜਾਣੀਂ
ਬਸ ਮੈਂ ਸ਼ਹੀਦ ਹਾਂ ਹੋਯਾ ਪਿਆ ਮੈਨੂੰ ਆ ਕੇ ਤੁਸਾਂ ਜਲਾ ਜਾਣਾਂ
ਨਾਲੇ ਅਸਾਂ ਗਰੀਬਾਂ ਦਾ ਹਾਲ ਸਾਰਾ ਏਥੇ ਆਕੇ ਦੇਖ ਦਿਖਾ ਜਾਣਾਂ
ਫਸੇ ਹੋਇਨੇ ਸਿਖ ਗਰੀਬ ਥੋੜੇ ਨਾਲੇ ਏਹਨਾਂ ਨੂੰ ਆ ਬਚਾ ਜਾਣਾਂ
ਨਾਲੇ ਦਰਸ ਦੀ ਚਾਹ ਹੈ.ਬਿਸ਼ਨ ਸਿੰਘਾ ਵਾਰੀ ਛੇਕੜ ਦੀ ਮਿਲ ਮਿਲਾ ਜਾਣਾਂ

[੨੭ ਕਤਕ ਸੰ: ੧੮੯੪ ਬਿ: ਨੂੰ *ਸਰਦਾਰ ਹਰੀਸਿੰਘ ਨਲੂਏ ਦਾ ਚਲਾਣਾਂ]

ਏਸੇ ਤਰਾਂ ਹੀ ਹਰੀ ਸਿੰਘ ਗੱਲਾਂ ਕਰਦਾ ਸੱਚ ਖੰਡ ਨੂੰ ਬਸ ਹੈ ਚੱਲ ਗਿਆ
ਪਿਛਲੇ ਸਿੰਘਾਂ ਦੇ ਵਾਂਗ ਕਮਾਈ ਕਰਕੇ ਜਾਕੇ ਨਾਲ ਸ਼ਹੀਦਾਂ ਦੇ ਰੱਲ ਗਿਆ
ਬੜੀ ਭਾਰੀ ਕਮਾਈ ਕਰ ਜੱਗ ਅੰਦਰ ਜਗ੍ਹਾ ਵਿਚ ਜਮਰੋਦ ਦੇ ਮੱਲ ਗਿਆ
ਬਾਰ ਬਾਰ ਜੋ ਕਾਬਲੀਆ ਆਂਵਦਾ ਸੀ ਪਾ ਓਸ ਨੂੰ ਚੰਗੀ ਹੈ ਠੱਲ ਗਿਆ

---

*ਮਹਾਂ ਸਿੰਘ ਨੇ ਜਦ ਸਰਦਾਰ ਨੂੰ ਤੰਬੂ ਵਿਚ ਲੈਜਾਕੇ ਬਿਸਤ੍ਰੇ ਉੱਤੇ ਲਿਟਾਯਾ ਤਾਂ ਤਿੰਨ ਵਾਰੀ ਮਾਰ ਮਾਰ ਬੋਲਿਆ ਮਹਾਂ ਸਿੰਘ ਨੇ ਅਨੇਕ ਘੋੜੇ ਗਊਆਂ ਪੁਸ਼ਾਕੀਆਂ ਹੀਰਾ ਮੋਤੀ ਸੋਨਾ ਚਾਂਦੀ ਲੱਖਾਂ ਰੁਪਏ ਦਾ ਮਾਲ ਸਰਦਾਰ ਦੇ ਹੱਥੋਂ ਸਭ ਪੁੰਨ ਕਰਾ ਦਿਤਾ ਘੜੀ ਹੋਰ ਸ੍ਵਾਸ ਆਏ ਫੇਰ ਤਾਂ ਜੋਧਾ ਐਸੀ ਸਉਣੀ ਸੁਤਾ ਜੋ ਅਜੇ ਤੀਕਰ ਕਰਵਟ ਨਹੀਂ ਲੀਤੀ।

ਅਹਿਮਦ ਸ਼ਾਹ ਜਾਂ ਦੇਸ ਤੇ ਆਂਵਦਾ ਸੀ ਦੇਸ ਬੜੀ ਮੁਸੀਬਤ ਸੀ ਝੱਲ ਗਿਆ
ਸਿੰਘ ਉਸਦੀ ਔਲਾਦ ਨੂੰ ਰੋਕ ਕਰਕੇ ਇਕ ਵਾਰ ਤਾਂ ਰਖ ਹੈ ਗੱਲ ਗਿਆ
ਬੜੇ ਬੜੇ ਪਠਾਣਾਂ ਨੂੰ ਜੰਗ ਅੰਦਰ ਹੱਥੀਂ ਆਪਣੀ ਸੂਰਮਾਂ ਦਲ ਗਿਆ
ਮਹਾਰਾਜ ਨੂੰ ਅੰਤ ਨੂੰ ਬਿਸ਼ਨ ਸਿੰਘਾ ਖਤ ਵਲ ਲਾਹੌਰ ਦੇ ਘਲ ਗਿਆ

[ਤਥਾ]

ਹਰੀ ਸਿੰਘ ਤਾਂ ਨਹੀਂ ਸਮਾ ਗਿਆ ਹਾਇ ਸਿੱਖਾਂ ਦਾ ਰਾਜ ਸਮਾ ਗਿਆ
ਮਹਾਰਾਜ ਦੀ ਸੱਜੀ ਹੈ ਬਾਂਹ ਟੁੱਟੀ ਹਰੀ ਸਿੰਘ ਸੁਰਗ ਨੂੰ ਧਾ ਗਿਆ
ਮਹਾਰਾਜ ਦਾ ਨਿਮਕ ਹਲਾਲ ਬਣਕੇ *ਵਿਚ ਰਣਦੇ ਹਥ ਵਿਖਾ ਗਿਆ
ਸਾਰੀ ਉਮਰ ਮਹਾਰਾਜ ਦੀ ਸੇਵਾ ਕਰਕੇ ਵਾਹਵਾਹ ਨਿਮਕ ਹਲਾਲ ਕਹਾ ਗਿਆ
ਤਨ ਮਨ ਤੇ ਧਨ ਕੁਰਬਾਨ ਕਰਕੇ ਮਹਾਰਾਜ ਦੇ ਲੇਖੇ ਲਗਾ ਗਿਆ
ਮਹਾਰਾਜ ਨੇ ਕੁਝ ਨ ਕਦਰ ਜਾਤੀ ਜੋਧਾ ਬੜੀ ਕਮਾਈ ਕਮਾ ਗਿਆ
ਬਾਰ ਬਾਰ ਜੋ ਤੁਰਕ ਸਤਾਂਵਦੇ ਸੀ ਠਲ ਓਹਨਾਂ ਨੂੰ ਚੰਗੀ ਹੈ ਪਾ ਗਿਆ
ਬਲੇ ਸ਼ੇਰਾਂ ਬਘਿਆੜਾਂ ਦੇ ਵਿਚ ਰਹਿਕੇ ਹਰੀ ਸਿੰਘ ਹੈ ਸਮਾਂ ਲੰਘਾ ਗਿਆ
ਬਲਦੀ ਅੱਗ ਦੇ ਸਾਹਮਣੇ ਆਪ ਰਹਿਕੇ ਮਹਾਰਾਜ ਦਾ ਰਾਜ ਬਚਾ ਗਿਆ
ਵਾਹ ਵਾਹ ਕਾਬਲ ਪਸ਼ੌਰ ਦੀ ਹੱਦ ਉੱਤੇ ਝੰਡਾ ਆਪਣਾ ਕਿਆ ਝੁਲਾ ਗਿਆ
*ਕਦਰ ਜਾਤੀ ਸਰਕਾਰ ਨ ਬਿਸ਼ਨ ਸਿੰਘਾ ਜੋਧਾ ਆਪਣਾ ਡੰਕਾ ਵਜਾ ਗਿਆ

*ਪਿੱਛੋਂ ਮਹਾਂ ਸਿੰਘ ਨੇ ਐਡੀ ਦਲੇਰੀ ਤੇ ਅਕਲ ਕੀਤੀ ਜਦੋਂ ਤਕ ਲਾਹੌਰ ਦੀ ਫੌਜ ਨਾ ਪੁੱਜੀ ਬਾਪ ਦਾ ਮਰਨਾ ਪ੍ਰਗਟ ਨਾ ਕੀਤਾ, ਪੇਟ ਝਾੜਕੇ ਤੇਲ ਦੇ ਕੜਾਹੇ ਵਿਚ ਪਾ ਛੱਡਿਆ ਪਹਿਰੂ ਆਪਣੇ ਮਾਤਬਰ ਰਖੇ ਬਾਹਰ ਏਹੋ ਆਖਦਾ ਰਿਹਾ ਅੱਜ ਸਰਦਾਰ ਬਹਾਦਰ ਨੇ ਤਰੀ ਪੀਤੀ ਹੈ, ਅਜ ਇਕ ਫੁਲਕਾ ਛਕਿਆ ਹੈ, ਅਜ ਦੋ ਮੰਡੇ ਖਾਧੇ ਸਨ ਪਰਸੋਂ ਨੂੰ ਬਾਹਰ ਬੈਠਣਗੇ। ਇਸ ਹੌਸਲੇ ਨਾਲ ਸਿੰਘ ਕਿਲੇ ਵਿਚ ਅੜੇ ਰਹੇ ਤੇ ਪਠਾਣ ਦੜੇ ਰਹੇ ਕਿਉਂਕਿ ਪਠਾਣ ਹਰੀ ਸਿੰਘ ਦੇ ਦਬ ਦਬੇ ਹੇਠੋਂ ਭੇਡਾਂ ਵਾਂਗੂ ਸਿਰ ਨਹੀਂ ਉਕਾਸਦੇ ਸਨ ਬਲਕਿ ਅਜੇ ਤੀਕਰ ਉਸ ਦਾ ਨਾਮ ਲੈ ਲੈ ਆਯਾ ਹਰੀਆ, ਤੈਨੂੰ ਪਿੰਨੇ ਹਰੀਆ, ਐਉਂ ਕਹਿ ਕਹਿ ਆਪਣੇ ਬਾਲਕਾਂ ਤੇ ਪਸ਼ੂਆਂ ਨੂੰ ਡਰਾਉਂਦੇ ਰਹਿੰਦੇ ਹਨ, ਸਰਦਾਰ ਮਹਾਂ ਸਿੰਘ ਸਰਦਾਰ ਦੀ ਲੋਥ ਦੇ ਆਸਰੇ ਖਾਲਸੇ ਨੂੰ ਐਉਂ ਆਖ ਆਖਕੇ ਲੜਾਉਂਦਾ ਰਿਹਾ ਕਿ ਤੁਸੀ ਓਹਨਾਂ ਕੇਹਰੀ ਸ਼ੇਰਾਂ ਦੇ ਪੁਤ੍ਰ ਹੋ ਜੇਹੜੇ ਜੰਗਲਾਂ ਵਿਚ ਰਹਿ ਰਹਿਕੇ ਸਾਗ ਪਾਤ ਛਕ ਛਕ ਕੇ ਕਾਬਲ ਤੇ ਦਿੱਲੀ ਦੀ ਦੋ ਬਾਦਸ਼ਾਹੀਆਂ ਗਰਕ ਕਰਕੇ ਆਪਣੀ ਪਾਤਸ਼ਾਹੀ ਕਾਇਮ ਕਰ ਛਡੇ ਦਾ ਡੰਕਾ ਵਜਾ ਗਏ, ਫੇਰ ਉਨਾਂ ਦੇ ਸਿਰ ਤੇ ਬਿਨਾਂ ਗੁਰਾਂ ਤੋਂ ਹੋਰ ਕੋਈ ਰਾਜਾ ਨਹੀਂ ਸੀ, ਤੁਹਾਡੀ ਪਿੱਠ ਪਾਲਨ ਵਾਲਾ ਤਾਂ ਪ੍ਰਤੱਖ ਸੱਚਾ ਪਾਤਸ਼ਾਹ ਮਹਾਰਾਜਾ ਰਣਜੀਤ ਸਿੰਘ ਹੈ ਤਕੜੇ ਹੋਵੋ ਤੁਹਾਡੀ ਮਦੱਦ ਵਾਸਤੇ ਲਾਹੌਰੋਂ ਫੌਜ-

[ਹਰੀ ਸਿੰਘ ਦੇ ਮਰਨ ਦੀ ਮਹਾਰਾਜ ਨੂੰ ਖਬਰ ਪਹੁੰਚਣੀ]

ਮਹਾਰਾਜ ਨੂੰ ਪਹੁੰਚੀ ਹੈ ਆਨ ਸਾਰੀ ਹਰੀ ਸਿੰਘ ਦੇ ਮਰਨ ਦੀ ਸਾਰ ਸੋਏ
ਉਸ ਵਕਤ ਬੈਠੇ ਮਹਾਰਾਜ ਹੋਰੀਂ ਦਾਤਨ ਕਰਦੇ ਸੀ ।.ਰਕਾਰ ਜੋਏ
ਗੜਵਾ ਚੁਕਕੇ ਮਾਰਿਆ ਧਜਾਨ ਸਿੰਘ ਨੂੰ ਕਹਿਰਵਾਨ ਨੇ ਆਪ ਅਪਾਰ ਹੋਏ
ਧਜਾਨ ਸਿੰਘ ਦੋ ਦਿਨ ਨਾਂ ਦਸਿਆ ਹੈ ਇਸ ਲਈ ਗੁਸੇ ਨੇ ਆਪ ਸਰਕਾਰ ਹੋਏ
ਹਾਇ ਹਾਇ ਭਾਈਆਂ ਬਾਂਹ ਭੱਜ ਗਈ ਫੇਰ ਇਉਂ ਕਹਿਕੇ ਭੁੱਬਾਂ ਮਾਰ ਰੋਏ
ਐਸਾ ਰੋਇ ਜੋ ਹਿਝਕੀ ਬੱਝ ਗਈ ਮਹਾਰਾਜ ਨੇ ਬੜੇ ਲਾਚਾਰ ਹੋਏ
ਉਸੇ ਵਕਤ ਮਹਾਰਾਜ ਨੂੰ ਗਸ਼ ਪੈਗਈ ਇਹ ਸੁਣ ਲਾਚਾਰ ਸਰਦਾਰ ਹੋਏ
ਫੇਰ ਜਦੋਂ ਮਹਾਰਾਜ ਨੂੰ ਹੋਸ਼ ਆਈ ਫੇਰ ਹੋਰ ਰੋਏ ਜ਼ਾਰੋ ਜ਼ਾਰ ਰੋਏ
*ਦੁਖ ਵੀਰਾਂ ਦੇ ਵੀਰਾਂ ਨੂੰ ਬਿਸ਼ਨ ਸਿੰਘਾ ਧਜਾਨ ਸਿੰਘ ਦੇ ਗਲ ਦਾ ਹਾਰ ਹੋਏ

{ਓੜਕ ਮਹਾਰਾਜ ਨੇ ਧਜਾਨ ਸਿੰਘ ਗੁਲਾਬ ਸਿੰਘ ਸੁਚੇਤ ਸਿੰਘ ਡੋਗਰਿਆਂ ਰਾਜਿਆਂ ਨੂੰ ਫੌਜ ਦੇਕੇ ਜਮਰੋਦ ਵਲ ਤੋਰਿਆ}

ਓੜਕ ਉਸੇ ਘੜੀ ਮਹਾਰਾਜ ਹੋਰਾਂ ਸਾਰੀ ਫੌਜ ਨੂੰ ਹੁਕਮ ਅਲਾ ਦਿੱਤਾ
ਧਜਾਨ ਸਿੰਘ ਵਗੈਰਿਆਂ ਰਾਜਿਆਂ ਨੂੰ ਬਸ ਵਲ ਜਮਰੋਦ ਚੜ੍ਹਾ ਦਿੱਤਾ
ਬੜੇ ਬੜੇ ਜਵਾਨਾਂ ਨੂੰ ਨਾਲ ਦੇਕੇ ਧਜਾਨ ਸਿੰਘ ਦੇ ਨਾਲ ਪਠਾ ਦਿੱਤਾ
ਮਗਰ ਮਗਰ ਮੈਨੂੰ ਆਯਾ ਜਾਨਣਾਂ ਜੇ ਮਹਾਰਾਜ ਨੇ ਆਪ ਸੁਣਾ ਦਿੱਤਾ
†ਛੇਤੀ ਪਹੁੰਚਿਆਂ ਜਾਨਣਾਂ ਤੁਸਾਂ ਮੈਨੂੰ ਮਹਾਰਾਜ ਨੇ ਆਪ ਬਤਾ ਦਿੱਤਾ
ਹੁਕਮ ਸੁਣ ਮਹਾਰਾਜ ਦਾ ਜੋਧਿਆਂ ਨੇ ਕੂਚ ਵਲ ਜਮਰੋਦ ਕਰਾ ਦਿੱਤਾ
ਜਿਨ੍ਹਾਂ ਫੌਜਾਂ ਨੂੰ ਰੋਕਿਆ ਰਾਹ ਅੰਦਰ ਸਿੰਘਾਂ ਓਹਨਾਂ ਨੂੰ ਹੈ ਉਡਾ ਦਿੱਤਾ
ਫਤੇ ਖਾਂ ਝੁੰਜਾਰ ਮੁਲਖੱਈਏ ਲੈਕੇ ਭਾਵੇਂ ਘੇਰਾ ਆ ਸਿੰਘਾਂ ਨੂੰ ਪਾ ਦਿੱਤਾ
ਐਪਰ ਖਾਲਸੇ ਨੇ ਬੁਰੀ ਅਗੋਂ ਕੀਤੀ ਮਾਰ ਮਾਰਕੇ ਹੈ ਮੁਕਾ ਦਿੱਤਾ
ਕਿਲਾ ਗਿਆਸ ਕਰਕੇ ਕੱਬਜ਼ੇ ਫਤੇ ਖਾਂ ਦਾ ਫੇਰ ਅਗੇ ਨੂੰ ਦਲ ਦੁੜਾ ਦਿੱਤਾ
ਤਿਨ੍ਹਾਂ ਰਾਜਿਆਂ ਤੇ ਫੌਜਾਂ ਸਾਰੀਆਂ ਨੇ ਡੇਰਾ ਆ ਜਮਰੋਦ ਲਗਾ ਦਿੱਤਾ
ਕਿਲੇ ਵਾਲਿਆਂ ਸਿੰਘਾਂ ਨੂੰ ਜਾਨ ਪੈ ਗਈ ਸੁਕਦੀ ਖੇਤੀ ਨੂੰ ਮੀਂਹ ਬਰਸਾ ਦਿੱਤਾ

—ਆਈ ਕੁ ਆਈ ਖੜੀ ਹੈ ਇਹ ਐਡੀ ਵੱਡੀ ਬਹਾਦਰੀ ਮਹਾਂ ਸਿੰਘ ਨੇ ਕੀਤੀ ਜੋ ਖਾਲਸੇ ਦਾ ਮਨ ਨ ਡੋਲਨ ਦਿੱਤਾ ਅਤੇ ਨਾਂ ਹੀ ਹਰੀ ਸਿੰਘ ਦਾ ਹਾਲ ਦੱਸਿਆ।

*ਹਰੀ ਸਿੰਘ ਸੂਰਬੀਰ ਬਾਲ੍ਯਸਖਾਈ ਪਰਮ ਪਿਆਰੇ ਮਿਤਰ ਦਾ ਮਰਨਾ ਸੁਣਕੇ ਮਹਾਰਾਜ ਨੇ ਤਾਂ ਰੋਣਾ ਹੀ ਸੀ, ਕੰਧਾਂ ਵੀ ਰੋਂਦੀਆਂ ਸਨ, ਉਸ ਦਿਨ ਪਗ ਨਾਂ ਬੱਧੀ, ਪ੍ਰਸ਼ਾਦ ਨ ਛਕਿਆ,ਲੰਗਰ ਬੰਦ ਰਿਹਾ ਹੰਝੂ ਵਗਦੇ ਰਹੇ।

†ਮਹਾਰਾਜ ਨੇ ਆਖਿਆ ਛੇਤੀ ਪਹੁੰਚਣਾ ਮਤ ਕਿਤੇ ਉਸ ਜੋਧੇ ਦਾ ਮਰਣਾਂ ਸੁਣਕੇ ਪਠਾਣ ਪਸ਼ੌਰ ਮਾਰ ਲੈਣ ਤੇ ਮੇਰੀ ਕੀਤੀ ਕੱਤਰੀ ਮਿਹਨਤ ਐਵੇਂ ਜਾਵੇ।

ਹਰੀ ਸਿੰਘ ਦੇ ਮਰਨ ਦਾ ਭੇਤ ਸਾਰਾ ਮਹਾਂ ਸਿੰਘ ਨੇ ਫੇਰ ਬਤਾ ਦਿਤਾ
‡ਮਹਾਂ ਸਿੰਘ ਵੀ ਧੰਨ ਹੈ ਬਿਸ਼ਨ ਸਿੰਘਾ ਜਿਸਨੇ ਅਜਬ ਤਮਾਸ਼ਾ ਵਖਾ ਦਿਤਾ

[ਪਠਾਣਾਂ ਨਾਲ ਜੰਗ ਤੇ ਸਿੰਘਾਂ ਦੀ ਫਤੇ ਪਠਾਣਾਂ ਦੀ ਹਾਰ]

ਹਰੀ ਸਿੰਘ ਦਾ ਮਰਨਾ ਸੁਣ ਕਰਕੇ ਜੋਰ ਬੜੇ ਪਠਾਣਾਂ ਨੇ ਪਾਇ ਫੜਕੇ
ਦੋਸਤ ਖਾਂ ਮੁਹੰਮਦ ਦੇ ਨਾਲ ਚੜਕੇ ਬੜੇ ਬੜੇ ਪਠਾਣ ਨੇ ਆਇ ਫੜਕੇ
ਏਧਰੋਂ ਰਾਜਾ ਗੁਲਾਬ ਸਿੰਘ ਤਿੰਨੇ ਭਾਈ ਬੜੇ ਬੜੇ ਜਵਾਨ ਨੇ ਧਾਇ ਫੜਕੇ

---

‡ਮਹਾਂ ਸਿੰਘ ਨੇ ਹਰੀ ਸਿੰਘ ਦਾ ਬੜਾ ਭਾਰੀ ਬਿਵਾਂਨ ਕਢਿਆ ਜਿਸਦੇ ਸਾਥ ਰਾਜਾ ਧਜਾਨ ਸਿੰਘ ਆਦਿਕ ਸਭ ਸਰਦਾਰ ਸਿਰੋਂ ਪੈਰੋਂ ਨੰਗੇ ਰੋਂਦੇ ਹੋਏ ਗਏ,ਓਸਦੀ ਸਮਾਧ ਵੀ ਮਹਾਰਾਜੇ ਨੇ ਓਸੇ ਕਿਲੇ ਵਿਚ ਬਣਵਾਈ ਜੋ ਹੁਣ ਤਕ ਕਾਇਮ ਹੈ, ਜਰਨਲ ਵੈਂਤੂਰੇ ਸਾਹਿਬ ਨੂੰ ਹੋਰ ਫੌਜ ਦੇਕੇ ਜਮਰੋਦ ਛਡ ਕਰ ਪਹਿਲੀ ਫੌਜ ਜੋ ਬਹੁਤ ਕਸ਼ਟ ਵਿਚ ਰਹੀ ਸੀ ਪਸ਼ੌਰ ਲੈਂ ਆਂਦੀ। ਮਹਾਰਾਜੇ ਨੇ ਪਸ਼ਾਵਰ ਪਹੁੰਚਕੇ ਜਦ ਮਹਾਂ ਸਿੰਘ ਦੀ ਕਰਣੀ ਸੁਣੀ ਤਾਂ ਬਹੁਤ ਖੁਸ਼ੀ ਹੋਕੇ ਓਸ ਨੂੰ ਹਰੀ ਸਿੰਘ ਦੇ ਥਾਂ ਸਰਦਾਰ ਕਰਨਾ ਚਾਹਿਆ ਪਰ ਡੋਗਰਿਆਂ ਨੇ (ਜੇਹੜੇ ਹਮੇਸ਼ਾਂ ਸਿੰਘਾਂ ਦਾ ਦਰਜਾ ਵਧਣ ਵਿਚ ਰਾਜੀ ਨਹੀਂ ਸੇ) ਨ ਹੋਣ ਦਿਤਾ, ਸਗੋਂ ਉਲਟੀ ਪਟੀ ਪੜਾਕੇ ਮਹਾਰਾਜੇ ਨੂੰ ਸਰਦਾਰ ਹਰੀ ਸਿੰਘ ਦੇ ਬੇਟੇ ਅਰਜਨ ਸਿੰਘ ਨਾਲ ਵਿਗਾੜ ਕਰ ਓਸਦਾ ਸਭ ਮਾਲ ਮੁਲਕ ਕਰੋੜਾਂ ਰੁਪਏ ਦਾ ਖਜਾਨਾ ਹੀਰਾ ਮੋਤੀ ਜ਼ਬਤ ਕਰਾ ਦਿਤਾ, ਬਸ ਹਰੀ ਸਿੰਘ ਦਾ ਮਰਨਾ ਤੇ ਓਸਦੇ ਮਾਲ ਮੁਲਕ ਦੀ ਜ਼ਬਤੀ ਤੇ ਡੋਗਰਿਆਂ ਦਾ ਮਹਾਰਾਜ ਦੇ ਮੂੰਹ ਚੜਨਾ ਲਾਹੌਰ ਦੀ ਬਾਦਸ਼ਾਹੀ ਦਾ ਸਤਿਆ ਨਾਸ ਕਰ ਗਿਆ, ਕਿਉਂਕਿ ਓਸੇ ਦਿਨ ਤੋਂ ਸਭ ਸਿਖਾਂ ਸਰਦਾਰਾਂ ਦੇ ਦਿਲ ਏਸ ਗਲੋਂ ਮੁਰਝਾ ਗਏ ਕਿ ਜਦ ਹਰੀ ਸਿੰਘ ਜਹੇ ਲੋਕ ਸੂਰਧੀਰਾਂ ਦੀ ਸੰਤਾਨ ਨਾਲ ਏਹ ਸਲੂਕ ਮਾਹਰਾਜੇ ਨੇ ਕੀਤਾ ਹੈ ਤਾਂ ਅਸੀ ਕਿਉਂ ਪਚ ਪਚ ਮਰਦੇ ਹਾਂ, ਸਾਡੇ ਪਿਛੋਂ ਵੀ ਏਹੋ ਹਾਲ ਹੋਣਾ ਹੈ, ਏਹ ਸੋਚਕੇ ਫੇਰ ਕਦੇ ਕਿਸੇ ਸਿਖ ਸਰਦਾਰ ਨੇ ਮਹਾਰਾਜੇ ਦੇ ਕੰਮ ਵਿਚ ਕੰਨ ਨਾ ਦਿਤਾ ਓਸੇ ਦਿਨ ਤੋਂ ਲਾਹੌਰ ਦੇ ਰਾਜ ਦੀ ਹੇਠੀ ਹੋਣ ਲਗ ਪਈ ਜੋ ਅੰਤ ਨੂੰ ਖਾਲਸੇ ਦਾ ਰਾਜ ਖੋਹਕੇ ਡੋਗਰੇ ਆਪਣਾ ਬਣਾ ਬੈਠੇ। ਸਰਦਾਰ ਹਰੀਸਿੰਘ ਇਕਗਊ ਲਵੇਰੀ ਤੇ ੫੧ ਅਭਜਾਗਤਾਂ ਨੂੰ ਭੋਜਨ ਪੁਸ਼ਾਕੇ ਰੋਜ ਪੁੰਨ ਕਰਕੇ ਪ੍ਰਸ਼ਾਦ ਛਕਦਾ, ਬੇਅੰਤ ਵੈਰੀ ਜੰਗ ਵਿਚ ਬੜੇ ੨ ਜੋਧੇ ਏਸਨੇ ਆਪਣੇ ਹਥ ਨਾਲ ਮਾਰੇ ਸਨ, ੨੭ ਜ਼ਖਮ ਏਸਨੂੰ ਸਨ, ਲਖਾਂ ਰੁਪਏ ਦਾਨ ਕੀਤੇ,ਅਕਾਲ ਬੁੰਗੇ ਸਾਹਿਬ ਸੋਨਾ ਓਸੇ ਦਾ ਚੜ੍ਹਾਯਾ ਹੋਯਾ ਹੈ, ਪੂਰਾ ਬ੍ਰਿਤਾਂਤ ਇਸਦਾ ਵਖਰਾ ਲਿਖਾਂਗੇ ਅਜੇ ਮਹਾਰਾਜਾ ਰਣਜੀਤ ਸਿੰਘ ਪਸ਼ੌਰ ਵਿਚ ਹੀ ਸਨ, ਦੋਸਤ ਮੁਹੰਮਦ ਖਾਂ ਨੇ ਹਰੀ ਸਿੰਘ ਦੀ ਸ਼ਹੀਦੀ ਸੁਣਕੇ ਬੇਅੰਤ ਪਠਾਣਾਂ ਨੂੰ ਨਾਲਲੈ ਹਲਾ ਕਰਦਿਤਾ, ਏਧਰੋਂ ਮਾਹਰਾਜੇ ਨੇ ਖਾਲਸੇਨੂੰ ਵੰਗਾਰਿਆ ਸਭ ਸਰਦਾਰ ਫੌਜ ਸਮੇਤ ਕੁੱਦ ਪਏ।

ਮਹਾਰਾਜ ਦਾ ਹੁਕਮ ਸੁਣ ਸਿੰਘ ਸਾਰੇ ਜੋਰ ਲਾਕੇ ਲੜੇ ਲੜਾਇ ਫੜਕੇ
ਧਜਾਨ ਸਿੰਘ ਵੀ ਡੋਗਰਿਆਂ ਓਸ ਵੇਲੇ ਆਪੋ ਆਪਣੇ ਜ਼ੋਰ ਲਗਾਇ ਫੜਕੇ
ਸਭਤੋਂ ਵਧਕੇ ਫੇਰ ਵੀ ਜੰਗ ਅੰਦਰ ਪੰਥ ਖਾਲਸੇ ਹੀ ਜੋਰ ਲਾਇ ਫੜਕੇ
ਬੜੇ ਬੜੇ ਪਠਾਣ ਜੋ ਚੜ ਆਇ ਇਕ ਵਾਰ ਤਾਂ ਛਕੇ ਛੁਡਾਇ ਫੜਕੇ
ਖੈਬਰ ਤਕ ਹੀ ਮਾਰਦੇ ਚਲੇ ਗਏ ਕਾਬਲ ਵੱਲ ਪਠਾਣ ਭਜਾਇ ਫੜਕੇ
ਲਹੂ ਸੰਦੇ ਦਰਯਾ ਵਗਾਇ ਫੜਕੇ ਲੋਥਾਂ ਸੰਦੇ ਸਥਾਰ ਵਛਾਇ ਫੜਕੇ
ਬੜਾ ਭਾਰੀ ਏਹ ਆਣਕੇ ਜੰਗ ਹੋਯਾ ਸਿਖਾਂ ਵਧਕੇ ਹਥ ਵਖਾਇ ਫੜਕੇ
ਕਈ ਸੈਂਕੜੇ ਗਾਜੀ ਜਹਾਦੀ ਸਿੰਘਾਂ ਮਾਰ ਮਾਰਕੇ ਹੈਣ ਉਠਾਇ ਫੜਕੇ
ਘਾਹ ਫੂਸ ਦੇ ਕਪੜਿਆਂ ਵਿਚ ਸਿੰਘਾਂ ਲੱਕ ਬੰਨ੍ਹ ਲਪੇਟ ਵਗਾਇ ਫੜਕੇ
ਪਾ ਪਾ ਕੇ ਤੇਲ ਤੇ ਅੱਗ ਲਾਕੇ ਚੰਗੀ ਤਰਾਂ ਪਠਾਣ ਜਲਾਇ ਫੜਕੇ
*ਜੀਉਂਦੇ ਜੀਅ ਹੀ ਇਸਤਰਾਂ ਕਈ ਫੜਕੇ ਪਾ ਅੱਗ ਦੇ ਵਿਚ ਸੜਾਇ ਫੜਕੇ
ਬੁਰਾ ਹਾਲ ਪਠਾਣਾਂ ਦਾ ਸਿੰਘਾਂ ਕੀਤਾ ਸਾਰੇ ਕਾਬਲ ਦੇ ਵਲ ਦੁੜਾਇ ਫੜਕੇ
ਜਿੱਤ ਲਿਆ ਮੈਦਾਨ ਹੈ ਖਾਲਸੇ ਨੇ ਧੌਂਸੇ ਜਿਤਦੇ ਹੈਣ ਵਜਾਇ ਫੜਕੇ
ਹਾਰ ਗਏ ਪਠਾਣ ਨੇ ਬਿਸ਼ਨ ਸਿੰਘਾ ਬਹੁਤ ਮਰੇ ਤੇ ਥੋੜੇ ਨਠਾਇ ਫੜਕੇ

{ ੨੭ ਜੇਠ ਸੰ: ੧੮੯੫ ਬਿ: ਨੂੰ ਮਹਾਰਾਜ ਜਦ ਲਾਹੌਰ ਆਏ ਤਾਂ
੧੮ ਹਾੜ ਨੂੰ ਨੈਪਾਲ ਵਲੋਂ ਮਹਾਰਾਜ ਨੂੰ ਤੋਫੇ ਆਏ }

ਸਰਦਾਰ ਕਾਲੋ ਜੀ ਆਦਿਕ ਨਿਪਾਲ ਵਲੋਂ ਕੀਤੀ ਵਲ ਲਾਹੌਰ ਦੇ ਧਾਈ ਹੈਜੀ
ਤੋਫੇ ਦਿਤੇ ਮਹਾਰਾਜ ਨੂੰ ਆਣ ਚੰਗੇ ਮਹਾਰਾਜ ਨੇ ਖੁਸ਼ੀ ਮਨਾਈ ਹੈਜੀ
ਮਹਾਰਾਜ ਨੇ ਇਨਾਂ ਮੁਸਾਹਿਬਾਂ ਦੀ ਬੜੀ ਇੱਜ਼ਤ ਤੇ ਟਹਿਲ ਕਰਾਈ ਹੈਜੀ
ਪੰਦ੍ਰਾਂ ਦਿਨ ਮੁਸਾਹਿਬਾਂ ਨੂੰ ਰਖ ਕਰਕੇ ਅਪਣੀ ਬਿਭੋ ਰਜਧਾਨੀ ਦਿਖਾਈ ਹੈਜੀ
ਅਪਣੀ ਵਲੋਂ ਨੈਪਾਲ ਨੂੰ ਦੇ ਤੋਫੇ ਫੇਰ ਦਿਤੀ ਮਹਾਰਾਜ ਵਿਦਾਈ ਹੈਜੀ
ਮੁਲਾਕਾਤ ਮਹਾਰਾਜ ਦੇ ਬਿਸ਼ਨ ਸਿੰਘਾ ਗਾੜ੍ਹੀ ਨਾਲ ਨਿਪਾਲ ਦੇ ਪਾਈ ਹੈਜੀ

[ਸਿੰਧ ਦੇਸ ਦਾ ਗ਼ਦਰ]

ਅਮੀਰ ਰੁਸਤ ਖਾਂ ਸਿੰਧੀ ਨੇ ਉਠ ਕਰਕੇ ਬੜਾ ਭਾਰਾ ਚਾ ਸ਼ੋਰ ਮਚਾਇਆ ਏ

---

*ਜਿਸਤੋਂ ਐਡਾ ਡਰ ਤੇ ਦਹਿਲ ਪਠਾਣਾਂ ਨੇ ਮੰਨਿਆਂ ਕਿ ਫੇਰ ਕਦੀ ਵੀ ਸਿੰਘਾਂ ਦੇ ਸਾਹਮਣੇ ਨਾ ਹੋਏ ਤੇ ਦੋਸਤ ਮੁਹੰਮਦ ਖਾਂ ਨੇ ਵੀ ਮਹਾਰਾਜ ਨਾਲ ਸੁਲਾ ਕਰ ਲੀਤੀ, ਓਸ ਫਤੇ ਦੀ ਯਾਦਗੀਰੀ ਓਸੇ ਰਣਭੂਮੀ ਵਿਚ ਮਹਾਰਾਜੇ ਨੇ ਫਤੇ ਗੜ੍ਹ ਨਾਮ ਕਿਲਾ ਬਣਵਾਯਾ ਜੋ ਅਜੇ ਤੀਕਰ ਹੈ, ਖੈਬਰ ਦੇ ਦਰੇ ਤਕ ਸਾਰਾ ਮੁਲਕ ਖਾਲਸੇ ਦੇ ਕਬਜੇ ਕਰਾ ਓਧਰ ਦੇ ਬੰਦੋਬਸਤ ਰਖਣ ਲਈ ਰਾਜੇ ਗੁਲਾਬ ਸਿੰਘਨੂੰ ਤੇ ਜਨਰਲ ਐਵੀਟੇਬਲ ਸਾਹਿਬ ਨੂੰ ਓਥੇ ਛਡਕੇ ੨੭ ਜੇਠ ਸੰ:੧੮੯੫ ਬਿ: ਨੂੰ ਮਹਾਰਾਜ ਲਾਹੌਰ ਆ ਬਿਰਾਜੇ ਪਿਛੋਂ ਰਾਜੇ ਹੋਰਾਂ ਵੀ ਪਠਾਣਾਂ ਨਾਲ ਅਜੇਹੀ ਕੀਤੀ ਜੋ ਕਾਸੇ ਜੋਗੇ ਨ ਛਡੇ, ਆਪਣੀਆਂ ਸਭ ਈਨਾਂ ਮਨਾ ਲਈਆਂ।

ਚੁਕ ਕਰ ਬਹਿਰਾਮ ਮਜਾਰੀ ਆਦਿਕ ਰਈਸ ਕਈਆਂ ਨੂੰ ਚਾ ਬਹਿਕਾਇਆ ਏ
ਮੁਸਲਮਾਨਾਂ ਦਾ ਦੇਸ ਵਿਗਾੜ ਕਰਕੇ ਮਗਰ ਆਪਣੇ ਸਾਰਾ ਹੀ ਲਾਇਆ ਏ
ਗਦਰ ਮਚ ਗਿਆ ਸਾਰੇ ਦੇਸ ਅੰਦਰ ਮਹਾਰਾਜ ਨੂੰ ਪਤਾ ਇਹ ਆਇਆ ਏ
ਸਾਉਣ ਮੱਲ ਮੁਲਤਾਨ ਦੇ ਸੂਬੇ ਤਾਂਈ ਮਹਾਰਾਜ ਨੇ ਚਾ ਲਿਖਾਇਆ ਏ
ਤੇਰੀ ਸੁਸਤੀ ਦੇ ਨਾਲ ਇਹ ਕੰਮ ਹੋਯਾ ਧਮਕੀ ਦੇ ਮਹਾਰਾਜ ਡਰਾਇਆ ਏ
ਜੀਕੂੰ ਤੂੰ ਵਿਗਾੜੇ ਨੇ ਤੁਰਕ ਸਾਰੇ ਤੀਕੂ ਤੂੰ ਸੁਧਾਰ ਸੁਣਾਇਆ ਏ
ਸ਼ੇਰ ਦਿਲ ਖੱਤ੍ਰੀ ਸੁਣ ਚੜ੍ਹ ਬੈਠਾ ਤੋਪਖਾਨਾ ਤੇ ਦਲ ਲੈ ਧਾਇਆ ਏ
ਚਿਰੀਆ ਪਿੰਡ ਦੇ ਪਾਸ ਏਓੜਕ ਓਧਰ ਮੁਸਲਮਾਨਾਂ ਨੇ ਡੇਰਾ ਲਗਾਇਆ ਏ
ਗਾਨੇ ਬੰਨ੍ਹਕੇ ਗਾਜ਼ੀ ਜਹਾਦੀ ਆਏ ਢੋਲ ਮਾਰਦੇ ਸ਼ੋਰ ਉਠਾਇਆ ਏ
ਏਹੋ ਆਖਦੇ ਅਸਾਂ ਹੈ ਮਰ ਜਾਣਾਂ ਹਰ ਇਕ ਨੇ ਰੌਲਾ ਇਹ ਪਾਇਆ ਏ
ਕਰ ਰਹੇ ਤਿਆਰੀ ਮੁਲਤਾਨ ਵਲੇ ਹੋ ਹੋ ਕੱਠੇ ਗੁਸਾ ਖਾਇਆ ਏ
ਸਾਉਣ ਮੂਲ ਵੀ ਏਧਰੋਂ ਆ ਪਹੁੰਚਾ ਤੋਪਖਾਨੇ ਨੂੰ ਚਾ ਚਲਾਇਆ ਏ
ਐਸੀ ਅੱਗ ਬਰਸਾਈ ਦੀਵਾਨ ਜੀ ਨੇ ਧਾੜ ਗਾਂਵਵੀਂ ਤਾਂਈ ਉਡਾਇਆ ਏ
ਕੁਝ ਮਰੇ ਤੇ ਕੁਝ ਨੇ ਦੌੜ ਉਠੇ ਮਗਰੋਂ ਹੋਕੇ ਸਿੰਘਾਂ ਦਬਾਇਆ ਏ
ਮੋਢੀਂ ਚੜ੍ਹ ਬੇਅੰਤ ਨੇ ਮਾਰ ਸੁਟੇ ਚੰਗਾ ਸਿੰਘਾਂ ਨੇ ਹਥ ਵਖਾਇਆ ਏ
ਬਾਕੀ ਘਾਹ ਲੈ ਲੈ ਮੂੰਹ ਵਿਚ ਛੁਟੇ ਆਕੀ ਸਿੰਘਾਂ ਨੇ ਦਲ ਮੁਕਾਇਆ ਏ
ਪੰਦ੍ਰਾਂ ਰਈਸਾਂ ਬਹਿਰਾਮ ਤੇ ਰੁਸਤਮ ਜੇਹਾਂ, ਤਾਈ ਫੜ ਲਾਹੌਰ ਪਹੁੰਚਾਇਆ ਏ
ਮਹਾਰਾਜ ਦੀਵਾਨ ਤੇ ਖੁਸ਼ੀ ਹੋਏ ਬੜਾ ਖਿਲਤ ਖਿਤਾਬ ਦਿਵਾਇਆ ਏ
ਸੂਬਾ ਸਉਣ ਮੁਲਤਾਨ ਦਾ ਬਿਗ਼ਨ ਸਿੰਘਾ ਬੜਾ ਭਾਰੀ ਬਹਾਦਰ ਕਹਾਇਆ ਏ

{ ਕਾਬਲ ਵਾਲੇ ਦੋਸਤ ਮੁਹੰਮਦ ਖਾਂ ਨੇ ਬਰਨਸ ਸਾਹਿਬ
ਅੰਗ੍ਰੇਜ਼ੀ ਵਕੀਲ ਦੀ ਹੱਤਕ ਕਰਨੀ }

ਬਰਨਸ ਸਾਹਿਬ ਵਕੀਲਹੋ ਲੰਡਨ ਵਲੋਂ ਜਦੋਂ ਕਾਬਲ ਦੇ ਵਲ ਜਾ ਧਾਇਆ ਸੋ
ਦੋਸਤ ਮੁਹੰਮਦ ਖਾਂ ਕਾਬਲ ਦੇ ਸ਼ਾਹ ਤਾਂਈ ਸਾਰਾ ਆਪਣਾਂ ਭੇਤ ਬਤਾਇਆ ਸੋ
ਤਾਂ ਦੋਸਤੀ ਨਾਲ ਅੰਗ੍ਰੇਜ਼ਾਂ ਕਰਸਾਂ ਅਗੋਂ ਦੋਸਤ ਨੇ ਆਪ ਅਲਾਇਆ ਸੋ
ਤੁਸੀ ਦਿਹੋ ਮਦਤ ਮੈਨੂੰ ਪਹਿਲੇ ਆਕੇ ਮੈਨੂੰ ਸਿਖਾਂ ਨੇ ਬੜਾ ਅਕਾਇਆ ਸੋ
ਲੈ ਦਿਓ ਕਸ਼ਮੀਰ ਪਸ਼ੌਰ ਮੈਨੂੰ ਦੋਸਤ ਖਾਂ ਇਹ ਅਗੋਂ ਸੁਣਾਇਆ ਸੋ
ਸਾਹਿਬ ਆਖਿਆ ਇਹ ਨ ਹੋ ਸਕੇ ਸਾਰਾ ਆਪਣਾ ਹਾਲ ਜਣਾਇਆ ਸੋ
ਮਹਾਰਾਜ ਰਣਜੀਤ ਸਿੰਘ ਬੜਾ ਭਾਰਾ ਪਜਾਰ ਨਾਲ ਅੰਗ੍ਰੇਜ਼ਾਂ ਦੇ ਪਾਇਆ ਸੋ
ਪੱਕੀ ਦੋਸਤੀ ਇਹ ਹੈ ਹੋ ਚੁਕੀ ਹਾਲ ਲਿਖਿਆ ਅਤੇ ਲਿਖਾਇਆ ਸੋ
ਭ੍ਰਾਈਆਂ ਵਾਂਗ ਅੰਗ੍ਰੇਜ਼ ਤੇ ਸਿਖ ਹੈਗੇ ਬਸ ਸਾਫ ਜਵਾਬ ਫੜਾਇਆ ਸੋ
ਸਾਫ ਬਾਤ ਇਹ ਆਖਕੇ ਬਰਨ ਸਾਹਿਬ ਗੁਸਾਦੋਸਤ ਨੂੰ ਬਹੁਤ ਚੜ੍ਹਾਇਆ ਸੋ
ਬਰਨ ਸਾਹਿਬ ਦੀ ਵੀ ਏਹੋ ਗਲ ਸੁਣਕੇ ਦੋਸਤ ਖਾਂ ਨੂੰ ਵੀ ਗੁਸਾ ਆਇਆ ਸੋ

ਝਟ ਰੂਸੀ ਵਕੀਲ ਵੈਂਕੋਚ ਸਾਹਿਬ ਆਪਣੀ ਮਦਦ ਦੇ ਲਈ ਬੁਲਾਇਆ ਸੋ
ਰੂਸ ਵਲੋਂ ਵਕੀਲ ਇਹ ਕਾਬਲ ਅੰਦਰ ਬੜੇ ਆਦਰ ਦੇ ਨਾਲ ਸਦਾਇਆ ਸੋ
ਬੜੀ ਇੱਜਤ ਤੇ ਖਾਤਰ ਕਰ ਰੂਸੀ ਸੰਦੀ ਦੋਸਤ ਮੁਹੰਮਦ ਨੇ ਕੋਲ ਬਹਾਇਆ ਸੋ
ਕਰਕੇ ਬਹੁਤ ਨਿਰਾਦਰੀ ਹੱਤਕ ਨਾਲੇ ਬਰਨ ਸਾਹਿਬ ਨੂੰ ਪਾਸੋਂ ਉਠਾਇਆ ਸੋ
ਏਸ ਗਲ ਦਾ ਬੜਾ ਵਿਗਾੜ ਹੋਯਾ ਗੁਸਾ ਬੜਾ ਅੰਗ੍ਰੇਜ਼ਾਂ ਨੇ ਖਾਇਆ ਸੋ
ਗੁਰਨਮੈਂਟ ਅੰਗ੍ਰੇਜ ਮਹਾਰਾਜ ਵਲੇ *ਪੰਜਾਂ ਸਾਹਿਬਾਂ ਤਾਂਈ ਪਠਾਇਆ ਸੋ
ਮਦਤ ਕਰੋ ਖਾਂ ਅਸਾਂ ਦੀ ਬਿਸ਼ਨ ਸਿੰਘਾ ਕਾਬਲ ਵਾਲੇ ਨੇ ਵੈਰ ਵਧਾਇਆ ਸੰ

[ਅੰਗ੍ਰੇਜ਼ੀ ਵਕੀਲਾਂ ਦੀ ਮਹਾਰਾਜ ਦੇ ਪੋਤਰੇ ਪ੍ਰਤਾਪ ਸਿੰਘ ਨਾਲ ਮੁਲਾਕਾਤ]

ਪੰਜ ਸਾਹਿਬ ਅੰਗ੍ਰੇਜ਼ ਅੰਗ੍ਰੇਜ਼ਾਂ ਵਲੋਂ ਜਦੋਂ ਵਲ ਲਾਹੌਰ ਦੇ ਆਇ ਨੇ ਜੀ
ਤਦੋਂ ਫਿਰਦੇ ਮਹਾਰਾਜ ਸੀ ਦੌਰੇ ਅੰਦਰ ਦੀਨਾ ਨਗਰ ਜਾ ਡੇਰੇ ਲਗਾਇ ਨੇ ਜੀ
ਪੇਸ਼ਵਾਈ ਵਕੀਲਾਂ ਦੀ ਕਰਨ ਲਈ ਮਹਾਰਾਜ ਨੇ ਹੁਕਮ ਸੁਣਾਇ ਨੇ ਜੀ
ਧਿਆਨ ਸਿੰਘ ਮਣੇ ਨਾਲ †ਪੋਤਰੇ ਦੇ ਤਿੰਨ ਸੌ ਸਵਾਰ ਪਠਾਇ ਨੇ ਜੀ

---

*੧ ਮਿਸਟਰ ਮੈਗਨਾਟਨ ਸਾਹਿਬ ਚੀਫ ਮਕਤ੍ਰ ਗੁਰਨਮੈਂਟ ਹਿੰਦ, ੨ ਕਪਤਾਨ ਵੈਡ ਸਾਹਿਬ ਏਜੰਟ ਲੁਦੇਹਾਣੇ ਦਾ, ੩ ਕਪਤਾਨ ਐਸਬੌਰਨ ਸਾਹਿਬ, ੪ ਡਾਕਟਰ ਡਰਮੌਂਡ ਸਾਹਿਬ, ੫ ਕਪਤਾਨ ਮੇਗ੍ਰੀਗਰ ਸਾਹਿਬ ਇਹ ਪੰਜ ਅੰਗ੍ਰੇਜ਼ ਮਹਾਰਾਜ ਵਲ ਲਾਹੌਰ ਨੂੰ ਆਏ।

†ਕੌਰ ਸ਼ੇਰ ਸਿੰਘ ਦਾ ਪੁਤ੍ਰ ਜੋ ਓਦੋਂ ਸਾਢੇ ਸੱਤਾਂ ਬਰਸਾਂ ਦਾ ਸੀ ਅੰਗ੍ਰੇਜ਼ਾਂ ਵਕੀਲਾਂ ਨੂੰ ਅਗੋਂ ਆ ਮਿਲਿਆ ਤਾਂ ਉਹ ਅਗੋਂ ਇਸ ਨੂੰ ਅਤਯੰਤ ਸੁੰਦਰ ਚੁਸਤ ਚਾਲਾਕ ਭੋਲੀ ਭਾਲੀ ਮਨ ਮੋਹਣੀ ਮੂਰਤ ਜੜਾਉ ਜੇਵਰਾਂ ਨਾਲ ਜੜਿਆ ਹੋਯਾ ਕਮਖਾਬ ਦੀ ਪੁਸ਼ਾਕ ਨਿੱਕੇ ੨ ਹਥਯਾਰ, ਢਾਲ ਤਲਵਾਰ ਭੱਥਾ ਕਮਾਨ ਪੇਟੀ ਸਜਾਇ ਹੋਏ ਮਿਲਣੇ ਦਾ ਢੰਗ ਸਮੇਂ ੨ ਸਿਰ ਬਾਤ ਦਾ ਪੂਰਾ ੨ ਜਵਾਬ ਦੇਣ ਦਾ ਰੰਗ ਦੇਖਕੇ ਅਸਚਰਜ ਰੈਹ ਗਏ, ਫੇਰ ਤਾਂ ਉਹ ਪੰਜੇ ਸਾਹਿਬ ਏਸੇ ਦੀਆਂ ਭੋਲੀਆਂ ੨ ਮਿੱਠੀਆਂ ਸੱਚੀਆਂ ਕਰਾਰੀਆਂ ਗੱਲਾਂ ਸੁਣਨ ਵਿਚ ਹੀ ਲੋਟ ਹੋ ਗਏ, ਪਿਆਰ ਬਾਰ ਪਜਾਰ ਕਰਨ ਗੋਦੀ ਲੈਣ ਪੁਛ ੨ ਹਸ ੨ ਫਾਵੇ ਪਏ ਹੋਣ, ਹਸਦੇ ਹਸਾਉਂਦੇ ਜਦ ਦੀਨਾ ਨਗਰ ਦੇ ਨੇੜੇ ਆਏ ਤਾਂ ਕੌਰ ਸਾਹਿਬ ਨੇ ਬੜੇ ਪਿਆਰ ਤੇ ਜੁਗਤੀ ਨਾਲ ਵਕੀਲਾਂ ਤੋਂ ਆਗਜ਼ਾ ਮੰਗੀ ਕਿ ਮੈਂ ਆਪਦੇ ਪਹੁੰਚਣ ਦੀ ਖਬਰ ਮਹਾਰਾਜੇ ਨੂੰ ਦੇਵਾਂ, ਮੈਗਨਾਟਨ ਸਾਹਿਬ ਨੇ ਸ਼ਾਹਜ਼ਾਦੇ ਨੂੰ ਤੋਰਨ ਸਮੇਂ ਇਕ ਘੜੀ ਸੋਨੇ ਦੀ ਵਾਈਸਰੋਇ ਵਲੋਂ ਦਿੱਤੀ ਜੋ ਸ਼ਾਹਜ਼ਾਦੇ ਨੇ ਖੜੇ ਹੋਕੇ ਬੜੀ ਨਿਮ੍ਰਤਾ ਨਾਲ ਲੈ ਖੁਸ਼ੀ ਹੋ ਲਾਟ ਸਾਹਿਬ ਦਾ ਧੰਨਵਾਦ ਕਰਕੇ ਆਖਯਾ ਕਿ ਜਦ ਤੁਸੀ ਮੁੜ ਲਾਟ ਸਾਹਿਬ ਪਾਸ ਜਾਓ ਤਾਂ ਮੇਰੀ ਸਲਾਮ ਕੈਹਕੇ ਆਖਣਾ ਕਿ ਸ਼ਾਹਜ਼ਾਦੇ ਸ਼ੇਰ ਸਿੰਘ ਦੇ ਬੇਟੇ ਪ੍ਰਤਾਪ ਸਿੰਘ ਨੂੰ ਆਪ ਆਪਣੀ ਬਾਦਸ਼ਾਹੀ ਦਾ ਹਮੇਸ਼ਾਂ ਦੋਸਤ ਵੇਖਿਆ ਕਰੋ, ਇਹ ਕੈਂਹਦਾ ਹੀ ਸਾਹਿਬ ਨਾਲ–

ਪੰਜਾਂ ਸਾਹਿਬਾਂ ਨੂੰ ਕੌਰ ਪਰਤਾਪਸਿੰਘ ਜੀ ਬੜੇ ਅਦਬ ਦੇ ਨਾਲ ਲਿਆਇ ਨੇ ਜੀ
ਸ਼ੇਰ ਸਿੰਘ ਸੁਚੇਤ ਸਿੰਘ ਪੰਜੇ ਸਾਹਿਬ ਵਿਚ ਬੰਗਲੇ ਲਿਆ ਬਹਾਇ ਨੇ ਜੀ
ਅਗੋਂ ਹੋਕੇ ਬੜੀ ਹੈ ਖਾਤਰ ਕੀਤੀ ਨਾਲ ਪਿਆਰ ਦੇ ਮਿਲੇ ਮਿਲਾਇ ਨੇ ਜੀ
ਆਪੋ ਵਿਚ ਦੀ ਦੋਹਾਂ ਨੇ ਬਿਸ਼ਨ ਸਿੰਘਾ ਬੜੇ ਭਾਰੇ ਪਜਾਰ ਵਧਾਇ ਨੇ ਜੀ

[੨੭ ਹਾੜ ਸੰ: ੧੮੯੫ ਬਿ: ਨੂੰ ਅੰਗ੍ਰੇਜ਼ੀ ਵਕੀਲਾਂ ਦੀ ਮਹਾਰਾਜ ਨਾਲ ਮੁਲਾਕਾਤ]

ਮੁਲਾਕਾਤ ਮਹਾਰਾਜ ਦੇ ਨਾਲ ਹੋਈ ਪੰਜਾਂ ਸਾਹਿਬਾਂ ਦੀ ਜਦੋਂ ਆਨ ਕਰਕੇ

—ਹੱਥ ਮਿਲਾ ਫੁਰਤੀ ਕਰਕੇ ਆਪਣੇ ਸਫੈਦ ਘੋੜੇ ਦੀ ਪਿੱਠ ਉੱਤੇ ਆ ਅੱਡੀ ਲਗਾ ਵਾਗ ਉਠਾ ਅਹੁ ਗਿਆ ੨ ਸਾਹਿਬ ਵਿਚਾਰੇ ਬਿਤਰ ਬਿਤਰ ਦੇਖਦੇ ਹੀ ਰਹਿ ਗਏ ਜਿਨ੍ਹਾਂ ਦੇ ਮਨ ਚੁਰਾਏ ਗਏ, ਪਿਛੋਂ ਆਪਸ ਵਿਚ ਉਸੇ ਦੀ ਸੁੰਦਰਤਾਈ ਧੀਰਜਤਾ, ਤੇਜ ਬੁਧੀ, ਹਾਜਰ ਜਵਾਬੀ, ਦਲੇਰੀ, ਚਾਲਾਕੀ ਆਦਿਕ ਗੁਣਾਂ ਦੀ ਬੜੇ ਚਿਰ ਤਕ ਮਹਿੰਮਾ ਕਰਦੇ ਰਹੇ ।

ਕਪਤਾਨ ਐਸਬੌਰਨ ਨੇ ਆਪਣੀ ਯਾਦਗੀਰੀ ਦੀ ਕਿਤਾਬ ਵਿਚ ਲਿਖਿਆ ਹੈ ਕਿ ਐਡੇ ਉਚੇ ਦਿਮਾਗ ਵਾਲਾ, ਹੌਸਲੇ ਤੇ ਖੁਸ਼ੀ ਦਾ ਗੁਥਲਾ, ਅਤੀ ਸੁੰਦਰ, ਅਕਲ ਦਾ ਪੁਤਲਾ, ਮ੍ਰਿਗ ਜੈਸੇ ਬੜੇ ੨ ਨੇਤ੍ਰ, ਕੁਦਰਤੀ ਲਾਲ ੨ ਪਤਲੇ ੨ ਹੋਠ, ਗੋਲ ਗੱਲ੍ਹਾਂ, ਜੋਤ ਦਾ ਭਰਿਆ ਹੋਯਾ, ਚੌੜਾ ਮਥਾ, ਚੰਦ ਜੈਸਾ ਚੇਹਰਾ, ਕੁੰਢਾ ਨੱਕ, ਕੁੰਦਨ ਜੇਹਾ ਰੰਗ, ਦੂਜੇ ਦੇ ਦਿਲ ਦੀ ਬੁਝਣ ਵਾਲਾ, ਕਦਰ ਦਾਨ, ਮਰਯਾਦਾ ਦੀ ਬੋਲ ਚਾਲ, ਤੇਜ ਸੁਭਾਵ ਅਨੇਕ ਨੇਕ ਖਸਲਤਾਂ ਦਾ ਭਰਿਆ ਹੋਯਾ ਕੋਠਾ ਐਸਾ ਲੜਕਾ ਅਜ ਤਕ ਮੈਂ ਕੋਈ ਕਿਤੇ ਨਹੀਂ ਦੇਖਿਆ, ਕੁਰਸੀ ਉਤੇ ਬੈਠੇ ਗੱਲਾਂ ਕਰਦੇ ਨੂੰ ਮੈਂ ਪੁਛਿਆ ਕਿ ਤੁਸਾਡੀ ਇਹ ਤੋੜੇਦਾਰ ਬੰਦੂਕ ਸਚ ਮੁਚ ਦੀ ਹੈ ਯਾ ਖੇਲਣ ਦੀ ਹੈ, ਇਹ ਸੁਣ ਓਸਨੇ ਗੁਸਾ ਖਾ ਨੇਤ੍ਰ ਚੜ੍ਹਾ ਫੁਰਤੀ ਨਾਲ ਖੜੇ ਹੋ ਝਟ ਪਟ ਬੰਦੂਕ ਭਰਕੇ ਆਖਿਆ ਕਿ ਲਓ ਜੀ ਹੁਣ ਫੁਰਮਾਓ ਕਿ ਕਿਸਨੂੰ ਨਿਸ਼ਾਨਾਂ ਕਰਾਂ ਇਹ ਮੇਰੇ ਸਾਥੀ ਅਸਵਾਰ ਤਾਂ ਸਭ ਸਰਕਾਰ ਕੰਪਣੀ ਦੇ ਦੋਸਤ ਹਨ, ਕੋਈ ਸਰਕਾਰ ਅੰਗ੍ਰੇਜ਼ੀ ਦਾ ਵੈਰੀ ਦਸੋ ਦੇਖੋ ਫੇਰ ਮੈਂ ਉਸਨੂੰ ਕਿਥੋਂ ਕੁ ਉਥਲਕੇ ਸਿੱਟਦਾ ਹਾਂ, ਮੈਂ ਹਸ ਹਸਕੇ ਆਖਿਆ ਕਾਕਾ ਜੀ ਤੁਸੀ ਸੌ ਗਜ ਉਤੇ ਨਿਸ਼ਾਨਾਂ ਮਾਰ ਸਕਦੇ ਹੋ ਯਾ ਨਹੀਂ ? ਸ਼ਾਹਜ਼ਾਦਾ ਗਰਦਨ ਫੇਰਕੇ ਬੋਲਿਆ ਸਾਹਿਬ ਜੀ ਤੁਸੀ ਛੇਤੀ ਨਾਲ ਮੈਨੂੰ ਕੋਈ ਸਰਕਾਰ ਕੰਪਣੀ ਦਾ ਵਿਰੋਧੀ ਦਿਖਾਓ ਤਾਂ ਫੇਰ ਮੇਰਾ ਤਮਾਸ਼ਾ ਦੇਖੋ, ਦੋ ਸੌ ਗਜ ਉੱਤੋਂ ਉਸਨੂੰ ਕੀਕੂੰ ਉਡਾਉਂਦਾ ਹਾਂ ਜੇ ਚੜੇ ਗਾਟੇ ਹੋਯਾ ਹੀ ਨ ਦਿਸੇ ਤਾਂ ਮੈਂ ਬੰਦੂਕ ਕਾਹਨੂੰ ਫੜਨੀ ਹੈ। ਇਤਨੀ ਸੁਣਦੇ ਹੀ ਸਭ ਸਾਹਿਬਾਂ ਨੇ ਹਸ ੨ ਕੇ ਲੋਟਣ ਹੋ ਹੋ ਸ਼ਾਹਜ਼ਾਦੇ ਨੂੰ ਉਠਾਕੇ ਛਾਤੀ ਨਾਲ ਲਾ ਲਾ ਕੇ ਪਿਆਰ ਕਰ ਕਰ ਅਤੀ ਅਨੰਦ ਬਿਸਥਾਰ ਦਿਤਾ।

*ਤੋਫ਼ੇ ਨਜ਼ਰ ਦਿੱਤੇ ਲਾਟਸਾਹਿਬ ਵਲੋਂ ਨਾਲੇ ਦੱਸਿਆ ਹਾਲਬਿਆਨ ਕਰਕੇ
ਦੋਸਤ ਹੱਤਕ ਵਕੀਲ ਦੀ ਬੜੀ ਕੀਤੀ ਮਹਾਰਾਜ ਜੀ ਸੁਣੋਂ ਧਿਆਨ ਕਰਕੇ
ਦੋਸਤ ਮਹੰਮਦ ਖਾਂ ਕਾਬਲ ਨੇ ਬਿਸ਼ਨ ਸਿੰਘਾ ਗਲਾਂ ਕੀਤੀਆਂ ਬਹੁਤ ਗੁਮਾਨ ਕਰਕੇ

[ਅੰਗ੍ਰੇਜ਼ੀ ਵਕੀਲਾਂ ਦੀ ਅਰਜ਼]

ਚਾਹੋ ਆਪ ਸੁਤੰਤ੍ਰ ਹੀ ਮਹਾਰਾਜਾ ਫਤੇ ਕਰਕੇ ਕਾਬਲ ਉਜਾੜ ਦਿਓ
ਚਾਹੋ ਮੱਦਤ ਅੰਗ੍ਰੇਜ਼ਾਂ ਦੀ ਲੈ ਕਰਕੇ ਦੋਸਤ ਖਾਂ ਮੁਹੰਮਦ ਨੂੰ ਮਾਰ ਦਿਓ
ਸਾਹ ਸ਼ੁਜਾ ਨੂੰ ਤਖਤ ਬਠਾ ਦਿਓ ਦੋਸਤ ਖਾਂ ਨੂੰ ਤਖਤੋਂ ਉਤਾਰ ਦਿਓ
ਉਸਨੇ ਰੂਸੀ ਵਕੀਲ ਬੁਲਾ ਲੀਤਾ ਇਸ ਲਈ ਦੋਸਤ ਦਾ ਖੂੰਨ ਗੁਜਾਰ ਦਿਓ
ਨਹੀਂ ਤਾਂ ਵਧੇਗੀ ਬਹੁਤ ਖਰਾਬੀ ਆਕੇ ਲਾਹ ਸਿਰ ਤੋਂ ਹੁਣੇ ਹੀ ਭਾਰ ਦਿਓ
ਜੇਕਰ ਆਪ ਕਾਬਲ ਨਹੀਂ ਫਤੇ ਕਰਦੇ ਤੋਂ ਫਿਰ ਅਸਾਂ ਨੂੰ ਹੁਕਮ ਉਚਾਰ ਦਿਓ
ਰਾਹ ਦਿਓ ਪੰਜਾਬ ਦੇਂ ਵਿਚੋਂ ਸਾਨੂੰ ਨਜ਼ਰ ਮੇਹਰ ਦੀ ਆਪ ਨਿਹਾਰ ਦਿਓ
ਮੁਲਕ ਸਿੰਧ ਦਾ ਮਲਿਆ ਆਪ ਜੇਹੜਾ ਵਾਪਸ ਮੰਗਿਆ ਕਰ ਸਰਕਾਰ ਦਿਓ
ਮਹਾਰਾਜ ਇਹ ਗਲ ਸੁਣ ਬੋਲਦੇ ਨੇ ਛੇ ਲਖ ਖਿਰਾਜ ਹੁਣ ਤਾਰ ਦਿਓ
ਮੁਲਕ ਸਿੰਧ ਦਾ ਕਬਜੇ ਨਿਸੰਗ ਕਰ ਲੌ ਅਗੇ ਵਾਸਤੇ ਕਰ ਇਕਰਾਰ ਦਿਓ
ਦੇਂਦੇ ਰਹੀਏ ਖਿਰਾਜ ਹਮੇਸ਼ ਅਸੀਂ ਬਚਨ ਕਰ ਇਹ ਨਾਲ ਪਿਆਰ ਦਿਓ
ਦੂਜਾ ਕਿਹਾ ਜੋ ਆਪਨੇ ਆਣ ਕਰਕੇ ਤੁਮੀ ਕਾਬਲ ਦਾ ਬੀਜ ਉਖਾੜ ਦਿਓ
ਇਹ ਤਾਂ ਖੁਸ਼ੀ ਦੇ ਨਾਲ ਮਨਜ਼ੂਰ ਹੈ ਜੇ ਭਾਵੇਂ ਹੁਣੇ ਹੀ ਕਰ ਤਿਆਰ ਦਿਓ
ਮੈਂ ਭੀ ਚਾਹੁੰਦਾ ਹਾਂ ਏਹੋ ਬਿਸ਼ਨ ਸਿੰਘਾ ਸਾਹ ਸੁਜਾ ਦਾ ਕੰਮ ਸਵਾਰ ਦਿਓ

{੧ ਸਾਉਣ ਸੰ: ੧੮੯੫ ਬਿ: ਨੂੰ ਉਪਰਲੀਆਂ ਤਿੰਨਾਂ ਸ਼ਰਤਾਂ ਦੀ ਇਨ੍ਹਾਂ
ਤਿੰਨਾਂ ਸਰਕਾਰਾਂ ਵਿਚ ਇਕ ਲਿਖਤ ਹੋ ਗਈ ਅਤੇ ਸਾਹਸੁਜਾ ਦੀ ਅਰਜ਼}

ਸਾਹ ਸ਼ੁਜਾ ਨੇ ਦੋਹਾਂ ਸਰ੍ਕਾਰਾਂ ਸੰਦਾ ਬਚਨ ਮੰਨਿਆਂ ਅਹਿਸਾਨਮੰਦ ਹੋਕੇ
ਇਸਦੇ ਬਦਲੇ ਮੈਂ ਸਿੰਧ ਦਾ ਮੁਲਕ ਸਾਰਾ ਦੇਦਿਆਂ ਅੰਗ੍ਰੇਜ਼ਾਂ ਨੂੰ ਚੰਦ ਹੋਕੇ
ਦੋ ਲਖ ਸਲਾਨਾ ਪੰਜਾਹ ਘੋੜੇ ਮਹਾਰਾਜ ਨੂੰ ਦਿਆਂ ਅਨੰਦ ਹੋਕੇ
ਤਿੰਨਾਂ ਵਿਚ ਸਰਕਾਰਾਂ ਦੇ ਬਿਸ਼ਨ ਸਿੰਘਾ ਪਾਸ ਹੋਈ ਹੈ ਗਲ ਪਸੰਦ ਹੋਕੇ

{ਰਾਣੀ ਨਕੈਣ ਦਾ ਸੁਰਗਬਾਸ ਅਤੇ ਵੈਡ ਸਾਹਿਬ ਨੇ
ਲਾਟ ਸਾਹਿਬ ਵਲੋਂ ਮਹਾਰਾਜ ਪਾਸ ਆਉਣਾ}

ਏਸੇ ਸਮੇਂ ਸਰਕਾਰ ਜਾਂ ਲਵਪੁਰ ਆਏ ਤਦੋਂ ਰਾਣੀ ਨਕੈਣ ਸੁਰਗਬਾਸ ਹੋਈ
ਵੈਡ ਸਾਹਿਬ ਪਰਚਾਉਣੀ ਤੇ ਜਦੋਂ ਆਯਾ ਮੁਲਾਕਾਤ ਦੀ ਗੱਲ ਹੈ ਪਾਸ ਹੋਈ

*ਲਾਰਡ ਆਕਲੈਂਡ ਸਾਹਿਬ ਵਲੋਂ ਵਕੀਲਾਂ ਨੇ ਇਹ ਤੋਫੇ ਨਜ਼ਰ ਕੀਤੇ ੧ ਤਸਵੀਰ ਬਾਦਸ਼ਾਹ ਲੰਡਨ ਦੀ ਰਤਨ ਜੜਤ ਚੋਖਟੇ ਵਿਚ ੧, ਪਸਤੌਲ ਸੁਨੈਹਰੀ ਕਾਰਵਾਲਾ ੧, ਤਲਵਾਰ ਜੜਾਊ ਮੁਠ, ਦੋ ਘੋੜੇ ਅਮੋਲਕ ਸੋਨੇ ਚਾਂਦੀ ਦੇ ਸਾਜਾਂ ਸਮੇਤ।

ਲਾਟ ਸਾਹਿਬ ਹੈ ਆਪ ਨੂੰ ਮਿਲਿਆ ਚਾਹੇ ਬੜੀ ਮਿਲਨ ਦੀ ਉਮੰਗ ਹੈ ਆਸ ਹੋਈ
ਮੰਨ ਗਏ ਮਹਾਰਾਜ ਨੇ ਬਿਸ਼ਨ ਸਿੰਘਾ ਦੋਹਾਂ ਧਿਰਾਂ ਦੀ ਗਲ ਹੈ ਰਾਸ ਹੋਈ

{ ੧੧ ਪੋਹ ਸੰ: ੧੮੯੫ ਬਿ: ਨੂੰ ਫੀਰੋਜ਼ਪੁਰ ਪਾਸ
ਦੋਹਾਂ ਸਰਕਾਰਾਂ ਦੀ ਮੁਲਾਕਾਤ ਹੋਣੀ ਠਹਿਰੀ }

ਸਭ ਤਰਾਂ ਦੇ ਚੰਗੇ ਸਮਾਨ ਭਾਰੇ ਰੋਪੜ ਵਾਂਗ ਨੇ ਓਥੇ ਬਣਾਇ ਗਏ
ਸਤਲੁਜ ਦੇ ਆਕੇ ਸਜੇ ਪਾਸੇ ਮਹਾਰਾਜ ਦੇ ਤੰਬੂ ਲਗਾਇ ਗਏ
ਬੜੇ ਬੜੇ ਸੁਨੈਹਰੀ ਤੇ ਮਖਮਲ ਸੰਦੇ ਆਸ ਪਾਸ ਨੇ ਫਰਸ਼ ਵਿਛਾਇ ਗਏ
ਮਹਾਰਾਜ ਕਸੂਰ ਨੇ ਆ ਉਤਰੇ ਪਹਿਰੇ ਤੰਬੂਆਂ ਦੇ ਪਾਸ ਲਾਇ ਗਏ
ਲਾਟ ਸਾਹਿਬ ਵੀ ਓਧਰੋਂ ਆ ਗਿਆ ਬੜੀ ਖੁਸ਼ੀ ਦੇ ਤੁਰਪ ਵਜਾਇ ਗਏ
*ਮੁਲਾਕਾਤ ਦੇ ਵਾਸਤੇ ਬਿਸ਼ਨ ਸਿੰਘਾ ਬੜੇ ਸੋਹਣੇ ਨੇ. ਤੰਬੂ ਸਜਾਇ ਗਏ

*ਓਧਰੋ ਓਧਰੀ ਤੋਪਾਂ ਦੀ ਸਲਾਮੀ ਹੋਈ ਲਾਟ ਸਾਹਿਬ ਵਲੋਂ ਮਹਾਰਾਜੇ ਦੀ ਕੁਸਲ ਅਨੰਦ ਪੁਛਣ ਤੇ ਖੇਚਲਹੋਈ ਦੀ ਮਾਫੀ ਮੰਗਣ ਨੂੰ ਮੇਗਨਾਟਨ ਸਾਹਿਬ ਆਯਾ, ਮਹਾਰਾਜੇ ਵਲੋਂ ਸ਼ਾਹਜ਼ਾਦਾ ਖੜਗ ਸਿੰਘ ਲਾਟ ਸਾਹਿਬ ਪਾਸ ਗਿਆ, ੧੭ ਪੋਹ ਨੂੰ ਮਹਾਰਾਜ ਲਾਟ ਸਾਹਿਬ ਦੇ ਡੇਰੇ ਗਏ ਬੜੀ ਧੂਮ ਧਾਮ ਨਾਲ ਰੋਪੜ ਵਾਂਗੂੰ ਮੁਲਾਕਾਤ ਹੋਈ ਸਿਵਾਇ ਪਿੱਛਲੀਆਂ ਰਸਮਾਂ ਦੇ ਇਕ ਤਸਵੀਰ ਸ੍ਰੀ ਮਹਾਰਾਣੀ ਮਲਕਾਂ ਦੀ ਰਤਨ ਜਟਤ ਚੌਕਟੇ ਵਿਚ ਲਗੀ ਹੋਈ ਮਹਾਰਾਜੇ ਨੂੰ ਲਾਟ ਨੇ ਦਿੱਤੀ ੧੮ ਨੂੰ ਲਾਟ ਸਾਹਿਬ ਮਹਾਰਾਜ ਦੇ ਡੇਰੇ ਆਏ ਖਿਲਤ ਤੋਫੇ ਦਿੱਤੇ ਗਏ ਮਹਾਰਾਜੇ ਦੀ ਬਿਭੋ ਰੀਤਿ ਮਰਯਾਦਾ ਬੰਦੋਬਸਤ ਦੇਖਕੇ ਲਾਟ ਸਾਹਿਬ ਅਚੰਭਾ ਮੰਨਕੇ ਬਹੁਤ ਖੁਸ਼ੀ ਹੋਯਾ ਲੇਡੀਆਂ ਤੇ ਲਾਟ ਸਾਹਿਬ ਸਮੇਤ ਮਹਾਰਾਜੇ ਨੇ ਅੰਗ੍ਰੇਜ਼ਾਂ ਨੂੰ ਆਪਣੀ ਮੀਰ ਮਜਲਸ ਦਾ ਉਹ ਪਰਮਅਨੰਦ ਭੁਗਾਯਾ ਜੋ ਸਾਰੀ ਉਮਰ ਨਹੀਂ ਭੁਲੇ ਹੋਣਗੇ ੧੯ ਪੋਹ ਨੂੰ ਮਹਾਰਾਜੇ ਨੇ ਸਭ ਸਰਦਾਰਾਂ ਸਮੇਤ ਜਾਕੇ ਪਹਿਲੇ ਅੰਗ੍ਰੇਜ਼ੀ ਫੌਜ ਦੇ ਕਰਤਬ ਦੇਖੇ ਫੇਰ ਦੋ ਬਜੇ ਰਾਤ ਤਕ ਲਾਟ ਸਾਹਿਬ ਦੀ ਮਜਲਸ ਦਾ ਅਨੰਦ ਲੁਟਿਆ। ਮਹਾਰਾਜੇ ਨੇ ਪਿਆਰ ਦੇ ਮੁਹੱਬਤ ਨਾਲ ਰਾਜ ਕਾਜ ਦੇ ਅਨੇਕ ਪ੍ਰਸੰਗ ਕਹਿ ਸੁਣਕੇ ਲਾਟ ਸਾਹਿਬਨੂੰ ਆਖਿਆ ਜਦਪਿ ਅਜ ਮੇਰੇ ਕਈ ਮੁਸਾਹਿਬ ਮੈਨੂੰ ਆਉਣ ਨਹੀਂ ਦੇਂਦੇ ਸਨ ਕਹਿੰਦੇ ਸਨ ਅੰਗ੍ਰੇਜ਼ਾਂ ਨੇ ਅਨੇਕ ਰਾਜੇ ਏਸੇ ਤਰਾਂ ਮਿਲਣ ਦੇ ਬਹਾਨੇ ਬੁਲਾਕੇ ਕਿਧਰੇ ਚਲਾ ਛਡੇ ਪਰ ਮੈਨੂੰ ਤਾਂ ਸਰਕਾਰ ਅੰਗ੍ਰੇਜ਼ੀ ਪਰ ਐਸਾ ਭਰੋਸਾ ਹੈ ਜੋ ਕਲਕਤੇ ਵੀ ਚਲਿਆ ਜਾਵਾਂ ਤਾਂ ਵੀ ਮੈਂ ਨਹੀਂ ਡਰਦਾ। ਇਸ ਸਚੀ ਸਫਾਈ ਦੀਆਂ ਬਾਤਾਂ ਸੁਣਕੇ ਲਾਟ ਸਾਹਿਬ ਬਹੁਤ ਖੁਸ਼ੀ ਹੋਏ ੨੦ ਪੋਹ ਨੂੰ ਲਾਟ ਸਾਹਿਬ ਨੇ ਫੌਜ ਖਾਲਸੇ ਦੀ ਕਵਾਇਦ ਤੇ ਜੰਗੀ ਹੁਨਰ ਦੇਖੇ ਤਾਂ ਹੱਕੇ ਬੱਕੇ ਰਹਿਕੇ ਆਖਿਆ ਸਿਖੀ ਫੌਜ ਵੀ ਕੁਝ ਅੰਗ੍ਰੇਜ਼ੀ ਫੌਜ ਤੋਂ ਘਟ ਨਹੀਂ। ਜਦ ਦੋਵੇਂ ਪਾਤਸ਼ਾਹ ਇਕ ਦੂਜੇ ਤੋਂ ਵਿਦਾ ਹੋਣ ਲਗੇ ਤਾਂ ਮਹਾਰਾਜ ਬੋਲੇ ਦੇਖੋ ਭਾਈਆ ਜੀ ਮੈਂ ਦੋ ਵਾਰੀ ਤੁਸਾਡੇ ਰਾਜ–

[ਲਾਟ ਸਾਹਿਬ ਨੇ ਲਾਹੌਰ ਆਉਣਾਂ]

ਮੁਲਾਕਾਤ ਫੀਰੋਜਪੁਰ ਵਿਚ ਕਰਕੇ ਲਾਟ ਸਾਹਿਬ ਜੀ ਖੁਸ਼ੀ ਮਨਾ ਆਏ
ਮਹਾਰਾਜ ਦੇ ਕਹਿਣ ਤੇ ਲਾਟ ਸਾਹਿਬ ਮਹਾਰਾਜ ਦੇ ਨਾਲ ਹੀ ਧਾ ਆਏ
†ਚਲੋ ਅਸੀ ਲਾਹੌਰ ਵੀ ਵੇਖ ਆਈਏ ਅਗੜ ਪਿਛੜ ਨੇ ਘੋੜੇ ਦੁੜਾ ਆਏ
ਮੌਜ ਵੇਖ ਲਾਹੌਰ ਦੀ ਬਿਸ਼ਨ ਸਿੰਘਾ ਅਪਣੇ ਦੇਸ ਨੂੰ ਹੋ ਵਿਦਾ ਆਏ

–ਵਿਚ ਮੁਲਾਕਾਤ ਨੂੰ ਆਯਾ ਕਦੀ ਤੁਸੀ ਵੀ ਸਾਡੇ ਚਲੋ ਤਾਂ ਮੇਰੀ ਪਰਜਾ ਆਪ ਨੂੰ ਦੇਖਕੇ ਖੁਸ਼ੀ ਮਨਾਵੇ ਏਸ ਭਾਈਆ ਜੀ ਬੋਲੀ ਉਤੇ ਖੁਸ਼ੀ ਹੋਕੇ ਲਾਟ ਸਾਹਿਬ ਨੇ ਓਸੇ ਵਕਤ ਲਾਹੌਰ ਦੇਖਣਾਂ ਮੰਨ ਲੀਤਾ।

†ਪਹਿਲੇ ਮਹਾਰਾਜੇ ਨਾਲ ਹੀ ਲਾਟ ਸਾਹਿਬ ਤਿੰਨ ਦਿਨ ਅਮ੍ਰਿਤਸਰ ਦਰਸ਼ਨ ਕਰ ਚੌਥੇ ਦਿਨ ਸ਼ਾਲਾਮਾਰ ਬਾਗ ਵਿਚ (ਜਿੱਥੇ ਅਲੋਕਕ ਰਚਨਾ ਕੀਤੀ ਹੋਈ ਸੀ) ਜਾ ਉਤਰੇ, ਝਾੜ ਝਾੜ ਪਤੇ ੨ ਨਾਲ ਫਨੂਸ ਫਲ ਫੁਲ ਬਨਾ-ਵਟੀ ਲਟਕ ਰਹੇ ਸਨ, ਕੇਵੜੇ ਗੁਲਾਬਦੇ ਛਿੜਕਾਉ ਨਹਿਰਾਂ ਫੁਹਾਰੇ ਤਰਾਂ ੨ ਦੇ ਚਲ ਰਹੇ ਸਨ, ਮਖਮਲੀ ਕਮਖਾਬ ਦੇ ਚੰਦੋਏ ਸੁਚੇ ਮੋਤੀਆਂ ਤੇ ਚੂਨੀਆਂ ਸਬਜ਼ਿਆਂ ਦੀਆਂ ਝਾਲਰਾਂ ਲੜੀਆਂ ਝੂਲਦੀਆਂ ਹੋਈਆਂ ਮਨ ਨੂੰ ਲੁਭਾ ਰਹੀਆਂ ਸਨ, ਰੂਮੀ ਕਾਲੀਨ, ਕਸ਼ਮੀਰੀ ਗਲੀਚੇ ਵਿਛੇ ਹੋਏ ਅਚਰਜ ਛਬ ਦੇ ਰਹੇ ਸਨ। ਸਭ ਸਿਖ ਸਰਦਾਰ ਬੜੇ ੨ ਕੀਮਤੀ ਪੁਸ਼ਾਕੇ ਜ਼ੇਵਰ ਕਲਗੀਆਂ ਜਿਗਾ ਸਿਰ-ਪੇਚ ਮੋਤੀਆਂ ਦੇ ਲੜੇ ਤੂੰਗਲ ਵਾਲੇ ਕੰਠੇ ਕੰਗਣ ਪਹਿਨੇ ਹੋਏ ਕੁੰਢੇ ਮੁਛਹਿਰੇ ਸਿੱਧੇਦਾੜੇ ਦੇਵਤਿਆਂ ਜੈਸੇ ਸੁੰਦਰ ਸਰੂਪ ਸ਼ਸਤ੍ਰਾਂ ਨਾਲ ਝਕਾਝਕ ਦਰਬਾਰ ਵਿਚ ਇਕ ਪਾਸੇ ਅਤੀ ਸੁੰਦਰ ਛਬ ਛਾ ਰਹੇ ਸਨ ਦੂਜੇ ਪਾਸੇ ਅੰਗ੍ਰੇਜ਼ੀ ਅਫਸਰਾਂ ਦੇ ਅਪਛਰਾਂ ਵਰਗੀਆਂ ਮੇਮਾਂ ਨਾਲ ਸੁਹਾ ਰਹੇ ਸਨ ਸਭ ਦੇ ਵਿਚਕਾਰ ਰਤਨ ਜਟਤ ਸੋਨੇ ਦੀਆਂ ਕੁਰਸੀਆਂ ਉਤੇ ਤਖਤ ਦੀ ਜਗ੍ਹਾ ਮਹਾਰਾਜ ਤੇ ਲਾਟ ਸਾਹਿਬ ਬੈਠੇ ਹੂਰਾਂ ਪਰੀਆਂ ਦੇ ਨਾਚ ਨਖਰੇ ਦੇਖਦੇ ਸਨ।

ਏਸ ਜਲੰਸੇ ਵਿਚ ਮਹਾਰਾਜ ਦੀ ਉਦਾਰਤਾ ਤੇ ਬਿਭੋ ਅਤੇ ਸਿੰਘਾਂ ਦੇ ਸਰੂਪ ਜੋ ਅਤੀ ਅਨੂਪ ਸਨ ਦੇਖ ੨ ਲੇਡੀਆਂ ਖੁਸ਼ ਹੋ ਰਹੀਆਂ ਸਨ ਤੇ ਅੰਗ੍ਰੇਜ਼ ਹੱਕੇ ਬੱਕੇ ਸਨ, ਭਾਵੇਂ ਕਈ ਜਲਸੇ ਏਹੋ ਜਹੇ ਹੋਏ ਪਰ ਅੰਤ ਦੇ ਜਲਸੇ ਨੇ ਧਰਤੀ ਉਤੇ ਹੀ ਵੈਕੁੰਠ ਤੇ ਇੰਦਰ ਪੁਰੀ ਪਰਤੱਖ ਦਿਖਾ ਛਡੀ, ਜਿਸ ਪਰ ਕਿਸੇ ਹਤਿਆਰੇ ਦੀ ਅਜੇਹੀ ਭੈੜੀ ਨਜ਼ਰ ਲੱਗੀ ਪਲ ਨ ਪਿਆ ਓਸੇ ਰਾਤ ੨੭ ਪੋਹ ਮਹਾਰਾਜੇ ਨੂੰ ਲਕਵੇ ਦੀ ਔਂਤ ਚੰਦਰੀ ਬੀਮਾਰੀ ਵਿਆਪੀ ਜ਼ਬਾਨ ਠਾਕੀ ਗਈ ਰੂਪ ਕਰੂਪ ਹੋਗਏ ਅਗਲੇ ਦਿਨ ਮਹਾਰਾਜੇ ਨੇ ਅਸ਼ਾਰੇ ਨਾਲ ਜੈਸੀ ਚਾਹੀਦੀ ਸੀ ਓਹੋ ਜਹੀ ਸੇਵਾ ਵਿਦਾਈ ਲਾਟ ਸਾਹਿਬ ਦੀ ਕਰਾਈ। ਲਾਟ ਸਾਹਿਬ ਦੇ ਵਿਦਾ ਹੋਇ ਪਿਛੋਂ ਜਦ ੨੯ ਪੋਹ ਨੂੰ ਅੰਗ੍ਰੇਜ਼ੀ ਫੌਜ ਕਾਬਲ ਨੂੰ–

{ ਮਹਾਰਾਜ ਨੇ ਲਾਟ ਸਾਹਿਬ ਦੇ ਹੁੰਦਿਆਂ ਹੀ ੨੭ ਪੋਹ
ਸੰ: ੧੮੯੫ ਬਿ: ਨੂੰ ਸਖਤ ਬੀਮਾਰ ਹੋਣਾ }

ਐਡੀ ਲਕਵੇ ਦੀ ਚੰਦ੍ਰੀ ਬੀਮਾਰੀ ਹੋਈ ਮਹਾਰਾਜ ਨੇ ਸਖਤ ਬੀਮਾਰ ਹੋਏ
ਇਸ ਬੀਮਾਰੀ ਨੂੰ ਵੇਖਕੇ ਬੜੇ ਭਾਰੇ ਲਾਟ ਸਾਹਿਬ ਵੀ ਆਪ ਲਚਾਰ ਹੋਏ
ਬੜਾ ਭਾਰਾ ਅਫਸੋਸ ਹੈ ਆਪ ਕੀਤਾ ਸਾਰੇ ਤੰਗ ਨੇ ਸਿਖ ਸਰਦਾਰ ਹੋਏ
ਲਾਟ ਸਾਹਿਬ ਨੇ ਹੈ ਕੁਝ ਕਰ ਦਿਤਾ ਜਿੱਧਰ ਕਿੱਧਰ ਹੈ ਏਹੋ ਵਿਚਾਰ ਹੋਏ
ਐਪਰ ਬਿਲਕੁਲ ਗਲ ਇਹ ਝੂਠ ਹੈਸੀ ਭਾਣੇ ਨਾਲ ਬੀਮਾਰ ਸਰਕਾਰ ਹੋਏ
ਓਹੋ ਹੋਂਵਦਾ ਅੰਤ ਨੂੰ ਬਿਸ਼ਨ ਸਿੰਘਾ ਜੋ ਕੁਝ ਧੁਰ ਤੋਂ ਲਿਖਿਆ ਕਰਤਾਰ ਹੋਏ

[ਮਹਾਰਾਜ ਦੀ ਬਿਮਾਰੀ ਦਾ ਇਲਾਜ]

ਮਹਾਰਾਜ ਜਾਂ ਆਣ ਬੀਮਾਰ ਹੋਇ ਬੜਿਆਂ ਬੜਿਆਂ ਹਕੀਮਾਂ ਇਲਾਜ ਕੀਤੇ
ਸਮਾਂ ਅੰਤ ਦਾ ਆਪਣਾ ਦੇਖ ਕਰਕੇ ਮਨੋਂ ਸਾਰੇ ਹਕੀਮ ਮਹਾਰਾਜ ਕੀਤੇ
ਰਾਵਨ ਜਹੇ ਜਹਾਨ ਤੋਂ ਗਏ ਰੋਂਦੇ ਬੜੇ ਬੜੇ ਸੀ ਜਿਨਾਂ ਨੇ ਰਾਜ ਕੀਤੇ
ਕਾਰੂ ਜਹੇ ਵੀ ਜੱਗ ਤੋਂ ਗਏ ਖਾਲੀ ਪੂਰੇ ਕਿਸੇ ਨ ਦੁਨੀਆਂ ਦੇ ਕਾਜ ਕੀਤੇ
ਬੜੇ ਬੜੇ ਹੰਕਾਰੀ ਦੁਰਜੋਧਨ ਜਹੇ ਛੱਡ ਗਏ ਜੋ ਕੱਠੇ ਸਮਾਜ ਕੀਤੇ
ਸਮਾਂ ਪਾਕੇ ਖਾਲੀ ਜਹਾਨ ਉੱਤੋਂ ਕਾਲ ਬਾਜ ਨੇ ਰਾਜ ਦੇ ਸਾਜ ਕੀਤੇ
ਮਹਾਂ ਬਲੀ ਇਸ ਕਾਲ ਨੇ ਆ ਕਰਕੇ ਵੱਸ ਆਪਣੇ ਸਭ ਸਿਰਤਾਜ ਕੀਤੇ

—ਜਾਣ ਵਾਲੀ ਆਈ ਤਾਂ ਛੀ ਹਜਾਰ ਸਿੰਘਾਂ ਸਮੇਤ ਮਾਹਰਾਜ ਨੇ ਕੌਰ ਸਾਹਿਬ ਨੂੰ ਅੰਗ੍ਰੇਜ਼ੀ ਫੌਜ ਦੀ ਮੱਦਤ ਵਾਸਤੇ ਤੋਰਕੇ ਵੈਡ ਸਾਹਿਬ ਨੂੰ ਆਖਿਆ ਜੇ ਖਾਲਸੇ ਜੀਦੇ ਸਾਹਮਣੇ ਕਿਸੇ ਨੇ ਗਊ ਹੱਤਿਆ ਕੀਤੀ ਤਾਂ ਖਬਰ ਨਹੀਂ ਸਿੰਘ ਕੀ ਕਰ ਕੱਢਣਗੇ, ਫੇਰ ਸਾਡਾ ਜ਼ੁੰਮਾ ਨਹੀਂ। ਨਾਲੇ ੧੧ ਲਖ ਰੁਪੱਯਾ ਸਿੰਧ ਦੇ ਮੁਲਕ ਬਾਬਤ ਅਹਿਦ ਨਾਮੇ ਵਿਚ ਲਿਖਿਆ ਗਿਆ ਹੈ ਖਾਲਸੇ ਦੇ ਖਜਾਨੇ ਵਿਚ ਜਮਾਂ ਕਰ ਦਿਓ, ਵੈਡ ਸਾਹਿਬ ਦੇ ਲਿਖੇ ਤੋਂ ਏਸ ਦਾ ਇਹ ਉੱਤ੍ਰ ਲਾਟ ਸਾਹਿਬ ਵੱਲੋਂ ਆਯਾ ਕਿ ਜਦ ਫੌਜ ਕਾਬਲੋਂ ਮੁੜੇਗੀ ਤਦ ਦਿਤਾ ਜਾਊ। ਇਹ ਗਲ ਸੁਣਕੇ ਮਹਾਰਾਜ ਨੇ ਨੇਤ੍ਰ ਲਾਲ ਕਰਕੇ ਲਿਖਿਆ ਕਿ ਜੋ ਕੁਛ ਲਿਖਿਆ ਗਿਆ ਹੈ ਸੋ ਹੁਣੇ ਭੇਜੋ ਨਹੀਂ ਸਭ ਅਹਿਦ ਟੁਟੇ ਸਮਝੋ। ਏਸ ਧਮਕੀ ਨਾਲ ਪੰਜ ਲਖ ਤਾਂ ਓਸੇ ਘੜੀ ਅੰਗ੍ਰੇਜ਼ਾਂ ਨੇ ਭੇਜ ਦਿਤਾ ਬਾਕੀ ਇਕਮਹੀਨੇ ਪਿਛੋਂ ਓਧਰ ਜਦ੯੦੦੦ ਸਪਾਹ ਅੰਗ੍ਰੇਜ਼ੀ ਤੇ ਕੁਛ ਆਪਣੀ ਟਖਕੇ ਸਿੰਧ ਦੇ ਰਸਤੇ ਸ਼ਾਹ ਸ਼ੁਜਾ ਕੰਧਾਰ ਦੇ ਨੇੜੇ ਪਹੁੰਚਿਆ ਤੇ ਇਹ ਫੌਜ ਵੀ ਲਾਹੌਰੋਂ ਤੁਰਕੇ ਓਸਨੂੰ ਜਾ ਮਿਲੀ ਤਾਂ ੨੫ ਵੈਸਾਖ ਨੂੰ ਕੰਧਾਰ ਉਤੇ ਦਖਲ ਕਰਕੇ ੨੯ ਨੂੰ ਗਜ਼ਨੀ ਜਾ ਮਾਰੀ, ਬਾਰਕ ਜ਼ਈ ਸਰਦਾਰ ਥੋੜੀ ਥੋੜੀ ਲੜਾਈ ਕਰਕੇ ਨੱਸਦੇ ਰਹੇ, ੧੯ ਸਾਉਣ ਨੂੰ ਕਾਬਲ ਫਤੇ ਕਰ ਸ਼ਾਹ ਸ਼ੁਜਾ ਨੂੰ ਤਖਤ ਬੈਠਾਕੇ ਕੌਰ ਜੀ ਲਾਹੌਰ ਆ ਗਏ।

ਏਸੇ ਲਈ ਮਹਾਰਾਜ ਨੇ ਬਿਸ਼ਨ ਸਿੰਘਾ ਬੰਦ ਸਾਰੇ ਇਲਾਜ ਨੇ ਆਜ ਕੀਤੇ

[ਮੁਹਾਰਾਜ ਨੇ ਆਪਣਾ ਅੰਤ ਸਮਾ ਜਾਣਕੇ ਖੜਗ ਸਿੰਘ ਨੂੰ ਰਾਜ ਕਾਜ ਸੌਂਪਣੇ]

ਸਮਾਂ ਅੰਤ ਦਾ ਆਪਣਾ ਜਾਣ ਨੇੜੇ ਮਹਾਰਾਜ ਦਰਬਾਰ ਲਗਾਇਆ ਏ
ਸੱਦ ਕਰ ਮੁਸਾਹਿਬਾਂ ਸਾਰਿਆਂ ਨੂੰ ਆਸ ਪਾਸ ਮਹਾਰਾਜ ਬਹਾਇਆ ਏ
ਸਬਦੇ ਰੂਬਰੂ ਰਾਜ ਦਾ ਕਾਜ ਸਾਰਾ ਖੜਗ ਸਿੰਘ ਦੇ ਹੱਥ ਫੜਾਇਆ ਏ
ਰਾਜ ਮੁਾਮਲੇ ਕੁਲ ਅਖਤਜਾਰ ਦੇਕੇ ਵੇਰ ਨਾਲ ਪਜਾਰ ਸਮਝਾਇਆ ਏ
ਸਾਰੀ ਪਰਜਾ ਨੂੰ ਪਾਲਣਾ ਇਕ ਕਰਕੇ ਮਹਾਰਾਜ ਨੇ ਆਪ ਅਲਾਇਆ ਏ
ਮੇਰੇ ਪੁਤਰ ਨੂੰ ਦੇਖਣਾ ਰੂਪ ਮੇਰਾ ਸਭ ਮੁਸਾਹਿਬਾਂ ਤਾਈਂ ਬਤਾਇਆ ਏ
ਖੜਗ ਸਿੰਘ ਦਾ ਮੰਨਣਾ ਹੁਕਮ ਸਭਨੇ ਸਾਰੇ ਦੇਸਾਂ ਤੇ ਇਹ ਲਿਖਾਇਆ ਏ
ਲਿਖ ਭੇਜੇ ਪਰਵਾਨੇ ਸਭ ਸੂਬਿਆਂ ਨੂੰ ਖੜਗ ਸਿੰਘ ਨੂੰ ਸਿਰ ਨਵਾਇਆ ਏ
ਸਾਰੇ ਮੁਲਕ ਮੁਲਤਾਨੰ ਪਸ਼ੌਰ ਅੰਦਰ ਅਤੇ ਲਿਖ ਕਸ਼ਮੀਰ ਪਠਾਇਆ ਏ
ਖੜਗ ਸਿੰਘ ਹੋਯਾ ਮੰਹਾਰਾਜ ਆਕੇ ਅਪਣੇ ਰਾਜ ਵਿਚ ਹੁਕਮ ਸੁਣਾਇਆ ਏ
ਧਯਾਨ ਸਿੰਘ ਨੂੰ ਬਹਾਂ ਫੜਾ ਕਰਕੇ ਕਿਹਾ ਰਾਜਾ ਮੈਂ ਪੁੱਤ ਬਣਾਇਆ ਏ
ਇਸਦੇ ਹੁਕਮ ਦੇ ਵਿਚ ਜੇ ਤੁਸਾਂ ਰਹਿਣਾ ਇਸਦੇ ਮਗਰ ਮੈਂ ਤੈਨੂੰ ਲਗਾਇਆ ਏ
ਫਿਰ ਵਜ਼ੀਰ ਦੀ ਬਾਂਹ ਫੜਾ ਕਰਕੇ ਖੜਗ ਸਿੰਘ ਨੂੰ ਇਹ ਜਨਾਇਆ ਏ
ਇਸ ਵਜੀਰ ਦੀ ਤੁਸਾਂ ਸਲਾਹ ਲੈਣੀ ਮਗਰ ਏਸਦੇ ਮੈਂ ਤੈਨੂੰ ਲਾਇਆ ਏ
ਦੋਹਾਂ ਤਾਈਂ ਸਮਝਾਇਕੇ ਬਹੁਤ ਸਾਰਾ ਮਹਾਰਾਜ ਨੇ ਕੋਲ ਬਠਾਇਆ ਏ
ਕਿਹਾ ਦੇਖਣਾ ਕਿਤੇ ਨ ਭੁਲ ਜਾਣਾ ਕਿਤੇ ਕਾਂਜੀ ਨਾ ਦੁੱਧ ਵਿਚ ਪਾਇਆ ਏ
ਬੜਾ ਮੁਸ਼ਕਲ ਮੈਂ ਰਾਜ ਬਣਾਇਆ ਇਹ ਕਿਤੇ ਐਵੇਂ ਨ ਤੁਸੀ ਗਵਾਇਆ ਏ
ਸੋਈਓ ਹੋਵਣਾਂ ਅੰਤ ਨੂੰ ਬਿਸ਼ਨ ਸਿੰਘਾ ਜੇਹੜਾ ਧੁਰੋਂ ਹੀ ਲਿਖਿਆ ਆਇਆ ਏ

*[ਗਰੀਬਾਂ ਨੂੰ ਪੁੰਨ ਦਾਨ]

ਸਮਾ ਅੰਤ ਦਾ ਹੁਣ ਹੈ ਆ ਪੁਜਾ ਮਹਾਰਾਜ ਨੇ ਆਪ ਧਿਆਨ ਕੀਤਾ
†ਪਾਠ ਪੁੰਨ ਪਰਯੋਗ ਕਰਾਇ ਭਾਰੇ ਬਹੁਤ ਕੁਝ ਗਰੀਬਾਂ ਨੂੰ ਦਾਨ ਕੀਤਾ

---

* ਕੋਹਨੂਰ ਹੀਰਾ ਮਹਾਰਾਜ ਦੀ ਯਾਦਗੀਰੀ ਦੁਨੀਆਂ ਉਤੇ ਰਖਣ ਵਾਸਤੇ ਸ੍ਰੀ ਅੰਮ੍ਰਿਤਸਰ ਦਰਬਾਰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀਦੇ ਸੁਨੈਹਰੀ ਬੰਗਲੇ ਵਿਚ ਜੜਾਕੇ ਰਖਣ ਲਈ ਸਭਨੇ ਸਲਾਹ ਦਿਤੀ,ਪਰ ਜਦ ਰਾਜੇਧਿਆਨ ਸਿੰਘ ਤੇਜਮਾਂਦਾਰ ਖੁਸ਼ਹਾਲ ਸਿੰਘ ਦੀ ਮਰਜੀ ਜਗਨ ਨਾਥ ਭੇਜਣ ਦੀ ਦੇਖੀ ਤਾਂ ਮਿਸ਼ਰ ਬੇਲੀ ਰਾਮ ਤੋਸ਼ੇਖਾਨੀਏਂ ਨੇ ਐਖਿਆ ਇਹ ਚੀਜ ਤਖਤ ਤਾਜਦੀਰੈ ਪੁੰਨ ਕਰਨ ਦੀ ਨਹੀਂ ਸੋ ਹੁਣ ਮਹਾਰਾਜੇ ਖੜਗ ਸਿੰਘ ਦੇ ਹੁਕਮ ਬਿਨਾਂ ਮੈਂ ਨਹਾਂ ਦੇ ਸਕਦਾ,ਜਦ ਮਹਾਰਾਜ ਚਲਾਣਾ ਕਰ ਗਏ ਤਾਂ ਇਹ ਝਗੜੇ ਪਏ।

† ਸਾਰੀਆਂ ਦਵਾਈਆਂ ਇਲਾਜ ਮਹਾਰਾਜ ਨੇ ਹਟਾ ਦਿਤੇ ਅਤੇ ਆਪਣਾ ਮਨ ਸਤਗੁਰਾਂ ਦੇ ਚਰਨਾਂ ਨਾਲ ਜੋੜਕੇ ਸੁਖਮਨੀ ਜੀਦਾ ਪਾਠ ਸੁਣਦੇ ਰਹੇ।

ਕਈ ਲੱਖ ਰੁਪਯਾ ਚਾ ਵੰਡਿਆ ਹੈ ਜੋ ਕੁਝ ਕਿਸੇ ਸੁਆਲ ਹੈ ਆਨ ਕੀਤਾ
ਸੋ ਉਸਨੂੰ ਤੁਰਤ ਹੈ ਦੇ ਦਿਤਾ ਏਸੇਤਰਾਂ ਹੈ ਦਾਨ ਮਹਾਨ ਕੀਤਾ
ਕਣਕ ਦੋ ਲੱਖ ਮਣ ਤੇ ਬਸਤ੍ਰ ਭਾਰੇ ਭਾਂਡੇ ਗਊਆਂ ਦਾ ਦਾਨ ਵੀ ਜਾਨ ਕੀਤਾ
ਗਰੀਬਾਂ ਬ੍ਰਾਹਮਣਾਂ ਸੰਤਾਂ ਫਕੀਰਾਂ ਤਾਈਂ ਬੜਾ ਦਾਨ ਦੇ ਵਿਦਾ ਸੁਜਾਨ ਕੀਤਾ
ਸਿੱਖ, ਕਾਜੀ, ਮੁਲਾਣੇ ਸਭ ਖੁਸ਼ੀ ਕੀਤੇ ਕਰਨ ਰਾਜੇ ਦੇ ਦਾਨ ਸਮਾਨ ਕੀਤਾ
ਧਰਮਸਾਲਾਂ ਮਸੀਤਾਂ ਤੇ ਠਾਕਰਦੁਆਰੇ ਸਭਨਾਂ ਥਾਂਵਾਂ ਤੇ ਦਾਨ ਦੇ ਮਾਨ ਕੀਤਾ
ਜਿੰਨਾਂ ਦਿਤਾ ਹੈ ਦਾਨ ਮਹਾਰਾਜ ਜੀ ਨੇ ਮੈਥੋਂ ਜਾਂਦਾ ਨ ਸਾਰਾ ਬਿਆਨ ਕੀਤਾ
ਕਰਨ ਬਿਕ੍ਰਮ ਕੁਬੇਰ ਨੂੰ ਬਿਸ਼ਨ ਸਿੰਘਾ ਮਹਾਰਾਜ ਨੇ ਚਾ ਹੈਰਾਨ ਕੀਤਾ

[ਮਹਾਰਾਜ ਦਾ ਚਲਾਣਾ]

ਰਾਜੇ ਧਿਆਨ ਸਿੰਘ ਗਰੀਬਾਂ ਨੂੰ ਦੇਣ ਲਈ ਦੱਸ ਲੱਖ ਦਾ ਸੱਥਰ ਵਿਛਾ ਦਿੱਤਾ
ਦਸ ਲੱਖ ਰੁਪਯਾ ਹੈ ਨਕਦ ਧਰਕੇ ਵੱਡਾ ਚੌਂਤਰਾ ਇਕ ਬਣਾ. ਦਿੱਤਾ
ਢਾਈ ਲੱਖ ਦਾ ਉਤੇ ਪਸ਼ਮੀਨਾ ਸਾਰਾ ਉਸਦੇ ਉਤੋਂ 'ਦੀ ਹੈ ਵਿਛਾ ਦਿੱਤਾ
ਮਹਾਰਾਜ ਸਰਕਾਰ ਨੂੰ ਚੁਕ ਕਰਕੇ ਉਸਦੇ ਉਤੇ ਹੈ ਆ ਲਿਟਾ ਦਿੱਤਾ
ਬਸ ਐਸਾ ਲਿਟਾਇਆ ਮਹਾਰਾਜ ਜੀ ਨੂੰ ਗਾੜ੍ਹੀ ਨੀਂਦ ਦੇ ਵਿਚ ਸੁਆ ਦਿੱਤਾ
ਫੇਰ ਪਾਸਾ ਨ ਪਲਟਿਆ ਹੈ ਮੁੜਕੇ ਐਸਾ ਲੀਮਾ ਮਹਾਰਾਜ ਨੂੰ ਪਾ ਦਿੱਤਾ
ਐਸੀ ਸੁਖ ਦੀ ਨੀਂਦ ਮਹਾਰਾਜ ਸੁਤੇ ਕਿਸੇ ਆਣ ਨ ਮੁੜਕੇ ਜਗਾ ਦਿੱਤਾ
ਮਲਕਲ ਮੌਤ ਨੇ ਅੰਤ ਨੂੰ ਬਿਸ਼ਨ ਸਿੰਘਾ ਇਸ ਪੰਜਾਬ ਨੂੰ ਰੰਡ ਬਹਾ ਦਿੱਤਾ

[ਕਵੀ]

ਕਾਲ ਜਿਨਾਂ ਨੇ ਬੱਧਾ ਸੀ ਨਾਲ ਪਾਵੇ ਕਾਲ ਓਹਨਾਂ ਨੂੰ ਵੀ ਅਗੇ ਲਾ ਲਿਆ
ਹੋਰ ਕਿਸਦੇ ਸੀ ਪਾਣੀ ਹਾਰ ਭਲਾ ਰਾਵਣ ਵਰਗਿਆਂ ਨੂੰ ਰਾਹ ਪਾ ਲਿਆ
ਬੜੇ ਬੜੇ ਹੰਕਾਰੀ ਦੁਰਜੋਧਨ ਜਹੇ ਓਹਨਾਂ ਤਾਈਂ ਵੀ ਮਾਰ ਮੁਕਾ ਲਿਆ
ਰਾਮ ਕ੍ਰਿਸ਼ਨ ਅਵਤਾਰ ਵੀ ਗਏ ਓੜਕ ਜਿਨਾਂ ਜੱਗ ਸੀ ਮਗਰ ਲਗਾ ਲਿਆ
ਏਸ ਕਾਲ ਨੇ ਕਿਸੇ ਨੂੰ ਛਡਿਆ ਨਾ ਨਾਹੀਂ ਕਾਲ ਤੋਂ ਕਿਸੇ ਛੁਡਾ ਲਿਆ
ਵਡੇ ਵਡੇ ਧਨੰਤਰਾਂ ਵਰਗਿਆਂ ਨੇ ਨਹੀਂ ਸੀ ਕਾਲ ਤੋਂ ਆਪ ਬਚਾ ਲਿਆ
ਜੇਹੜਾ ਏਸ ਜਹਾਨ ਤੇ ਜੀਵ ਆਯਾ ਸਭ ਨੂੰ ਕਾਲ ਨੇ ਆ ਦਬਾ ਲਿਆ
ਮੈਂ ਮੋਯਾ ਨ ਏਸ ਜਹਾਨ ਉਤੇ ਇਹ ਕਿਸੇ ਵੀ ਨਹੀਂ ਕਹਾ ਲਿਆ
ਅਸੀ ਮੋਏ ਨਾਂ ਮਰਾਂਗੇ ਜੱਗ ਉੱਤੇ ਗੁਰਾਂ ਭਗਤਾਂ ਨੇ ਏਹ ਸੁਣਾ ਲਿਆ
ਹੋਰ ਸਭ ਜਹਾਨ ਤੋਂ ਗਏ ਰੋਂਦੇ ਸਭ ਨੂੰ ਕਾਲ ਨੇ ਆਕੇ ਛਾਹ ਲਿਆ
ਓਹ ਜੀਊਂਦੇ ਜੱਗ ਤੇ ਬਿਸ਼ਨ ਸਿੰਘਾ ਜਿਨਾਂ ਰੱਬ ਦਾ ਨਾਮ ਧਿਆ ਲਿਆ

[ਤਥਾ]

ਵਾਰੋ ਵਾਰੀ ਜਹਾਨ ਤੇ ਸਭ ਆਕੇ ਆਪੋ ਆਪਣੇ ਵਾਜੇ ਵਜਾ ਗਏ
ਕਿਸੇ ਕਿਸੇ ਨੂੰ ਨਹੀਂ ਬਚਾਇਆ ਹੈ ਆਪੋ ਆਪਣੀ ਵਾਰੀ ਨੇ ਧਾ ਗਏ

ਕਾਰੂ ਜਹੇ ਮਜੂਰ ਵੀ ਗਏ ਰੋਂਦੇ ਖਾਲੀ ਕਰਕੇ ਹਥ ਵਿਖਾ ਗਏ
ਵਾਜੇ ਕੂੜ ਦੇ ਸਭ ਵਜਾ ਕਰਕੇ ਅੱਗੜ ਪਿੱਛੜ ਨੇ ਕੂਚ ਕਰਾ ਗਏ
ਵਡੇ ਵਡੇ ਜਹਾਨ ਤੇ ਜਿੰਨੇ ਆਏ ਸਭ ਆਪਣਾ ਮੂਲ ਗਵਾ ਗਏ
ਇਕ ਭਗਤ ਨ ਮਰੇ ਨੇ ਬਿਸ਼ਨ ਸਿੰਘਾ ਜੇਹੜੇ ਹਰੀ ਦੇ ਵਿਚ ਸਮਾ ਗਏ

[ਮਹਾਰਾਜ ਰਣਜੀਤ ਸਿੰਘ ਸ਼ੇਰ ਪੰਜਾਬ ਦੇ ਮਰਨ ਦੀ ਤਾਰੀਖ]

ਠਾਰਾਂ ਸੌ ਛਿਆਨਵੇਂ ਬਿਕ੍ਰਮੀ ਸੀ ਪੰਦਰਾਂ ਹਾੜ ਨੂੰ ਜੱਗ ਤੋਂ ਧਾ ਗਏ
ਵੀਰਵਾਰ ਇਕਾਦਸੀ ਦਿਨ ਹੈਸੀ ਇਸ ਜਹਾਨ ਤੋਂ ਕੂਚ ਕਰਾ ਗਏ
ਸੰਨ ਈਸਵੀ ਠਾਰਾਂ ਸੌ ਉਨਤਾਲੀ ਸਤਾਈ ਜੂਨ ਨੂੰ ਝਗੜੇ ਮੁਕਾ ਗਏ
ਛੀ ਘੜੀ ਸੀਗਾ ਦਿਨ ਓਸ ਵੇਲੇ ਬਸ ਚਲੇ ਹਾਂ ਇਹ ਸੁਣਾ ਗਏ
ਫੇਰੀ ਜੋਗੀਆਂ ਤੇ ਵਣਜਾਰਿਆਂ ਦੀ ਏਸ ਜੱਗ ਤੇ ਆਣਕੇ ਪਾ ਗਏ
ਓੜਕ ਏਸ ਸੰਸਾਰ ਅਸਾਰ ਉਤੇ ਵਾਜੇ ਕੂੜ ਦੇ ਹੈਣ ਵਜਾ ਗਏ
ਬੜਾ ਭਾਰਾ ਹੈ ਸਿਖਾਂ ਦਾਂ ਰਾਜ ਹੋਯਾ ਇਕ ਵਾਰੀ ਇਹ ਕਰ ਵਿਖਾ ਗਏ
ਮਹਾਰਾਜ ਰਣਜੀਤ ਸਿੰਘ ਬਿਸ਼ਨ ਸਿੰਘਾ ਬਸ ਓੜਕ ਨੂੰ ਅਜ ਸਮਾ ਗਏ

[ਕਵੀ]

ਮਹਾਰਾਜ ਰਣਜੀਤ ਸਿੰਘ ਸ਼ੇਰ ਭਾਰਾ ਜਦੋਂ ਵਿੱਚ ਲਾਹੌਰ ਸਮਾ ਗਿਆ
ਹਾ ਹਾ ਕਾਰ ਜਹਾਨ ਤੇ ਹੋਣ ਲਗਾ ਸੁਖ ਸਾਰੀ ਪੰਜਾਬ ਦਾ ਧਾ ਗਿਆ
ਸੂਰਜ ਸਿੱਖਾਂ ਦਾ ਜਦੋਂ ਰਣਜੀਤ ਸਿੰਘ ਇਹ ਮੂੰਹ ਆਪਣਾ ਹੈ ਛਪਾ ਗਿਆ
ਗਲ ਕੀ ਲਾਹੌਰ ਦੀ ਮੈਂ ਦਸਾਂ ਅੰਧਕਾਰ ਜਹਾਨ ਤੇ ਛਾ ਗਿਆ
ਲੋਕੀ ਸਭ ਲਾਹੌਰ ਦੇ ਹੋਏ ਅੰਨ੍ਹੇ ਐਡਾ ਗਾੜ੍ਹਾ ਹਨੇਰਾ ਹੈ ਪਾ ਗਿਆ
ਰਾਤ ਪਾ ਗਿਆ ਗਾੜ੍ਹੀ ਬਿਸ਼ਨ ਸਿੰਘਾ ਮੂੰਹ ਆਪਣਾ ਸੂਰਜ ਲੁਕਾ ਗਿਆ

[ਸੋਗ]

ਆਸ ਪਾਸ ਆ ਵਰਤਿਆ. ਸੋਗ ਭਾਰਾ ਸਾਰੇ ਸ਼ੈਹਰ ਦੇ ਵਿਚ ਹੜਤਾਲ ਹੋਗਈ
ਜਿੱਧਰ ਕਿੱਧਰ ਪਏ ਦੇਖੀਏ ਲੋਕ ਰੋਂਦੇ ਰੱਯਤ ਪਿੱਟਕੇ ਸਭ ਬਿਹਾਲ ਹੋਗਈ
ਘਰ ਘਰ ਦੇ ਵਿਚ. ਪਏ ਰੋਣ ਲੋਕੀ ਚਾਰੋਂ ਤਰਫ਼ ਹੀ ਹਾਲ ਤੇ ਚਾਲ ਹੋਗਈ
ਏਥੇ ਲਿਖਣ ਦੀ ਗਲ ਨ ਰਹੀ ਕੋਈ ਜੋ ਕੁਝ ਰੱਯਤ ਦੇ ਆਣਕੇ ਨਾਲ ਹੋਗਈ
ਲਾਟਾਂ ਵਾਂਗ ਕੂਕਾਂ ਮਹਿਲਾਂ ਵਿਚੋਂ ਆਈਆਂ ਧਰਤੀ ਸੜਕੇ ਲਾਲ ਗੁਲਾਲ ਹੋਗਈ
ਸਣੇ ਰਾਣੀਆਂ ਦੇ ਆਕੇ ਬਿਸ਼ਨ ਸਿੰਘਾ ਰੱਯਤ ਸਾਰੀ ਹੀ ਬੁਰੇ ਹਵਾਲ ਹੋਗਈ

[ਰਾਣੀਆਂ ਦਾ ਹਾਲ]

ਸਣੇ ਗੋਲੀਆਂ ਦੇ ਸੱਭੇ ਰਾਣੀਆਂ ਈ ਖਾ ਖਾ ਭਵਾਟਣੀ ਜਾ ਪਈਆਂ
ਸਿਰ ਖੋਹ ਸੁਟੇ ਸਭਨਾ ਰਾਣੀਆਂ ਨੇ ਸਭ ਪਿਟਦੀਆਂ ਪਿਟਦੀਆਂ ਆ ਪਈਆਂ
ਹੋ ਹੋ ਬਿਹੋਸ਼ ਸਭ ਡਿਗ ਪਈਆਂ ਸਣੇ ਗੋਲੀਆਂ ਦੇ ਗਸ਼ਾਂ ਖਾ ਪਈਆਂ
ਕਈ ਪਿਟਦੀਆਂ ੨ ਐਉਂ ਪਈਆਂ ਮਾਨੋ ਨਾਲ ਮਹਾਰਾਜ ਦੇ ਧਾ ਗਈਆਂ

ਗਲਾਂ ਛਾਤੀਆਂ ਲਾਲ ਗੁਲਾਲ ਹੋਈਆਂ ਚੀਕਾ ਮਾਰਕੇ ਕਰ ਪੁਕਾਰ ਰਹੀਆਂ
ਸਿਰ ਖੋਹ ਸੁਟੇ ਪਰੀਆਂ ਰਾਣੀਆਂ ਨੇ ਲਏ ਜੋਗਣਾ ਦੇ ਭੇਸ ਧਾਰ ਕਈਆਂ
ਮਾਨੋਂ ਨਾਲ ਹੀ ਆਪਣੇ ਮਹਾਰਾਜੇ ਇਹ ਰਾਣੀਆਂ ਸਾਰੀਆਂ ਘਾ ਲਈਆਂ
ਕਈ ਪਈਆਂ ਬਿਹੋਸ਼ ਨੇ ਬਿਸ਼ਨ ਸਿੰਘਾ ਉੱਚੀਉੱਚੀਕਈ ਉਠਕੇ ਰੋਣ ਡਹੀਆਂ

[ਸਰਦਾਰਾਂ, ਨੌਕਰਾਂ, ਚਾਕਰਾਂ ਰੱਯਤ ਦਾ ਹਾਲ]

ਸਾਰੇ ਸਿੰਘ ਸਰਦਾਰ ਤੇ ਨੌਕਰ ਚਾਕਰ ਗਸ਼ਾਂ ਖਾ ਡਿਗੇ ਭੁੱਬਾਂ ਮਾਰ ਰੋ ਰੋ
ਘੱਗਾਂ ਪੈ ਗਈਆਂ ਰੋਂਦਿਆਂ ਰੋਂਦਿਆਂ ਨੂੰ ਹੋਗਏ ਬਿਹੋਸ਼ ਸਰਦਾਰ ਰੋ ਰੋ
ਹੰਝੂ ਵਾਂਗ ਦਰਯਾ ਦੇ ਵਗ ਆਏ ਮਰ ਮੁਕੇ ਨੇ ਗਲੀ ਬਜਾਰ ਰੋ ਰੋ
ਇਕ ਦੂਜੇ ਨੂੰ ਕਿਸੇ ਦੀ ਖਬਰ ਨਾਹੀਂ ਲੋਕ ਹੋਏ ਨੇ ਸਾਰੇ ਲਾਚਾਰ ਰੋ ਰੋ
ਕੋਈ ਕਿਸੇ ਨੂੰ ਧੀਰਜ ਨ ਦੇਣ ਵਾਲਾ ਰਹੇ ਡਿਗ ਨੇ ਲੋਕ ਹਜ਼ਾਰ ਰੋ ਰੋ
ਪਿੱਤੇ ਸਭ ਦੇ ਸ਼ੋਕ ਸੁਕਾ ਦਿਤੇ ਲੋਕ ਹੋਇ ਬਿਹਾਲ ਅਪਾਰ ਰੋ ਰੋ
ਵੈਦਣ ਪੈਣ ਲਗੀ ਹਰ ਇਕ ਤਾਈਂ ਬੁਰੇ ਹਾਲ ਹੋਇ ਜ਼ਾਰੋ ਜ਼ਾਰ ਰੋ ਰੋ
ਹੋਰ ਕੁਝ ਨਾ ਕਿਸੇ ਨੂੰ ਸੁੱਝਦਾ ਹੈ ਚੀਕਾਂ ਮਾਰਦੇ ਨੇ ਹਾ ਹਾ ਕਾਰ ਰੋ ਰੋ
ਕੋਈ ਕਿਸੇ ਨੂੰ ਚੁਪ ਕਰਾਂਵਦਾ ਨਾ ਲੋਕ ਹੋਇਨੇ ਬੇ ਸੰਭਾਰ ਰੋ ਰੋ
ਮਰ ਮੁਕੇ ਸਰਦਾਰ ਦੇ ਨਾਲ ਰੋ ਰੋ ਸਾਰੇ ਸ਼ਹਿਰ ਦੇ ਹੀ ਨਰ ਨਾਰ ਰੋ ਰੋ
ਲੋਕ ਸਾਰੇ ਲਾਹੌਰ ਦੇ ਬਿਸ਼ਨ ਸਿੰਘਾ ਪਏ ਪਿੱਟਦੇ ਨੇ ਵਾਰੋ ਵਾਰ ਰ ਰੋ

[ਧਜਾਨ ਸਿੰਘ ਵਜ਼ੀਰ]

ਪਲ ਪਲ ਉਤੇ ਵੈਦਣ ਪੈ ਰਹੀ ਧਜਾਨ ਸਿੰਘ ਏਧਰ ਚੀਕਾਂ ਮਾਰ ਰਿਹਾ
ਇਹ ਪਰਮੇਸ਼ਰ ਸਰਕਾਰ ਨੂੰ ਮੰਨਦਾ ਸੀ ਹਾ ਹਾ ਕਾਰ ਹੈ ਸੋਈ ਪੁਕਾਰ ਰਿਹਾ
ਮੱਥਾ ਮਹਿਲਾਂ ਦੇ ਨਾਲ ਸੋ ਮਾਰ ਕਰਕੇ ਬਾਰ ਬਾਰ ਰਿਹਾ ਮੱਥਾ ਪਾੜ ਰਿਹਾ
ਇਹ ਵੀ ਬਿਨਾ ਸਰਕਾਰ ਤੋਂ ਬਿਸ਼ਨ ਸਿੰਘਾ ਬੜਾ ਭਾਰਾ ਹੈ ਹੋ ਲਾਚਾਰ ਰਿਹਾ

[ਕਵੀ]

ਏਸ ਕਾਲ ਕਸਾਈ ਨੇ ਕੀ ਕੀਤਾ ਮਹਾਰਾਜ ਨੂੰ ਏਸਨੇ ਤੱਜਿਆ ਨਾ
ਦਸੋ ਏਸ ਜਹਾਨ ਤੇ ਆਯਾ ਹੋਯਾਂ ਕਾਲ ਕਿਸਦੇ ਸਿਰ ਤੇ ਗੱਜਿਆ ਨਾ
ਏਸ ਕਾਲ ਕਸਾਈ ਤੋਂ ਅੰਤ ਬਾਕੀ ਰਾਮ ਚੰਦ ਤੋਂ ਵੀ ਗਿਆ ਭੱਜਿਆ ਨਾ
ਬੜੇ ਬੜੇ ਇਸ ਖਾਇਨੇ ਬਿਸ਼ਨ ਸਿੰਘਾ ਦੇਖੋ ਅਜੇ ਵੀ ਕਾਲ ਇਹ ਰੱਜਿਆ ਨਾ

[ਤਥਾ]

ਬੜੇ ਬੜੇ ਅਵਤਾਰ ਵੀ ਖਾ ਛਡੇ ਰਹਿਣ ਦਿਤਾ ਨਾ ਨਾਮ ਨਿਸ਼ਾਨ ਦੇਖੋ
ਕੁਝ ਲੈਗਿਆ ਤੇ ਕੁਝ ਲਈ ਜਾਂਦਾ ਰਖਿਆ ਇਕਨਾ ਦੇ ਵਲ ਧਿਆਨ ਦੇਖੋ
ਇਹ ਕਾਲ ਕਸਾਈ ਹੈ ਬੜਾ ਜ਼ਾਲਮ ਪਲੇ ਬੱਕਰਾ ਇਹਦਾ ਜਹਾਨ ਦੇਖੋ
ਅੰਤ ਏਸਦਾ ਹੈਣ ਅਹਾਰ ਸਾਰੇ ਬਾਲ ਬਿਰਧ ਤੇ ਹੋਰ ਜਵਾਨ ਦੇਖੋ
ਕਿਆ ਸੁਹਣਾ ਜਹਾਨ ਮਕਾਨ ਵੱਸੇ ਕਰੀ ਜਾਂਵਦਾ ਸੁੰਨ ਮਸਾਨ ਦੇਖੋ

ਵਿਚੋਂ ਲੈਗਿਆ ਭੌਰ ਉਡਾ ਕਰਕੇ ਪਏ ਪਿੰਜਰੇ ਹੈਣ ਮਕਾਨ ਦੇਖੋ
ਬੜੇ ਵਾਲੀ ਜਹਾਨ ਦੇ ਮਾਰ ਸੁਟੇ ਖਾਲੀ ਪੜੇ ਨੇ ਬੜੇ ਮਦਾਨ ਦੇ"
ਦੌਲਤ ਵਾਲਿਆਂ ਕੋਲੋਂ ਵੀ ਨਹੀਂ ਡਰਦਾ ਹੁੰਦਾ ਦੇਖਕੇ ਮੈਂ ਹੈਰਾਨ ਦੇਖੋ
ਫੇਰ ਵੇਲਾ ਕੁਵੇਲਾ ਕੁਝ ਵੇਖਦਾ ਨਾ ਕਰੀ ਜਾਂਵਦਾ ਦੇਸ ਵੈਰਾਨ ਦੇਖੋ
ਵਾਰੋ ਵਾਰੀ ਹੈ ਸਭ ਨੂੰ ਮਾਰੀ ਜਾਂਦਾ ਤੇਗ ਪਾਂਵਦਾ ਨਹੀਂ ਮਿਆਨ ਦੇਖੋ
ਅਫਲਾਤੂਨ ਵਰਗੇ ਜੇਹੜੇ ਰਬ ਸੀਗੇ ਤੋੜ ਸੁਟਿਆ ਓਹਨਾਂ ਦਾ ਮਾਨ ਦੇਖੋ
ਰੱਬ ਸੰਦੇ ਸ਼ਰੀਕ ਧਨੰਤਰ ਵਰਗੇ ਅਗੇ ਲਗ ਕਰ ਗਏ ਪਿਆਨ ਦੇਖੋ
ਬੜੇ ਬੜੇ ਅਵਤਾਰ ਖਾ ਬਿਸ਼ਨ ਸਿੰਘਾ ਅਜੇ ਭੁੱਖਾ ਹੈ ਕਾਲ ਭਗਵਾਨ ਦੇਖੋ

[ਮਹਾਰਾਜ ਦੀ ਦੇਹ ਦਾ ਇਸ਼ਨਾਨ ਤੇ ਰਾਣੀਆਂ ਨੂੰ ਅੰਤ ਦਾ ਦਰਸ਼ਨ]

ਮਹਾਰਾਜ ਰਣਜੀਤ ਸਿੰਘ ਸੂਰਮੇ ਨੇ ਕਰੀਆਂ ਵੱਲ ਪਰਲੋਕ ਤਿਆਰੀਆਂ ਨੀ
ਐਡਾ ਸ਼ੋਕ ਇਸ ਲੋਕ ਦੇ ਵਿਚ ਹੋਯਾ ਗੱਲਾਂ ਜਾਂਦੀਆਂ ਨਹੀਂ ਉਚਾਰੀਆਂ ਨੀ
ਸਾਰੀ ਰਾਤ ਕੁਰਲਾਟ ਦੇ ਵਿਚ ਗੁਜਰੀ ਲੋਕਾਂ ਸਹੀਆਂ ਮੁਸੀਬਤਾਂ ਭਾਰੀਆਂ ਨੀ
ਦਿਨ ਚੜੇ ਇਸ਼ਨਾਨ ਕਰਾ ਦਿਤਾ ਆਈਆਂ ਦਰਸ਼ ਨੂੰ ਰਾਣੀਆਂ ਸਾਰੀਆਂ ਨੀ
ਪਿੱਟ ਪਿੱਟਕੇ ਲਹੂ ਲੁਹਾਨ ਹੋਈਆਂ ਸਿਰ ਖੋਇ ਪਿਆਰੀਆਂ ਨਾਰੀਆਂ ਨੀ
ਮਾਨੋ ਨਾਲ ਮਹਾਰਾਜ ਦੇ ਬਿਸ਼ਨ ਸਿੰਘਾ ਮਰ ਮੁੱਕੀਆਂ ਰਾਣੀਆਂ ਸਾਰੀਆਂ ਨੀ

{ਹੋਰ ਸਭ ਰਾਣੀਆਂ ਦਰਸ਼ਨ ਕਰਕੇ ਅੰਦਰ ਪੜਦੇ ਅੰਦਰ ਹੋਗਈਆਂ
ਚਾਰ ਰਾਣੀਆਂ ਅਤੇ ਸਤ ਗੋਲੀਆਂ ਸਤੀ ਹੋਣ ਨੂੰ ਚਿਟੇ ਪੁਸ਼ਾਕੇ
ਪਾਕੇ ਮਹਾਰਾਜ ਦੇ ਪਾਸ ਬੈਠ ਗਈਆਂ}

ਇਕ ਰਾਣੀ ਕਟੋਚਣ ਮਤਾਬ ਕੌਰਾਂ ਬਠੀ ਹਾਰ ਸ਼ਿੰਗਾਰ ਲਗਾ ਕਰਕੇ
ਨੂਰ ਪੁਰ ਵਾਲੀ ਦੂਜੀ ਰਾਜ ਦੇਈ ਬੈਠੀ ਪਤੀ ਦੇ ਕੋਲ ਹੈ ਆ ਕਰਕੇ
ਚੰਦ ਵਾਲ ਹਰਦੇਈ ਇਹ ਤੀਸਰੀ ਹੈ ਬੈਠੀ ਜੀਉਣ ਦੀ ਆਸ ਮੁਕਾ ਕਰਕੇ
ਚੌਥੀ ਦੇਬਨੋ ਭਾਊ ਇਹ ਥੰਬੇ ਵਾਲੀ ਬੈਠੀ ਚਿਟੇ ਇਹ ਬਸਤ੍ਰ ਸਜਾ ਕਰਕੇ
ਚਾਰੇ ਰਾਣੀਆਂ ਇਹ ਸਤੀ ਹੋਣ ਨੂੰ ਜੋ ਆਣ ਬੈਠੀਆਂ ਹੱਸ ਹਸਾ ਕਰਕੇ
ਹਰੀ, ਭਾਨੀ, ਤੇ ਚੰਨਣੋ, ਜ੍ਵਾਹਰੀ, ਚੰਬੋ, ਚੰਪਾਕਲੀ, ਤੇ ਸੋਹਣੀ ਵੀ ਗਾ ਕਰਕੇ
ਸੱਤੇ ਗੋਲੀਆਂ ਆਕੇ ਬੈਠ ਗਈਆਂ ਚਿਟੇ ਚਿਟੇ ਇਹ ਕਪੜੇ ਪਾ ਕਰਕੇ
ਸਣੇ ਰਾਣੀਆਂ ਦੇ ਸਤੇ ਗੋਲੀਆਂ ਇਹ ਬੈਠ ਗਈਆਂ ਨੇ ਘੁੰਡ ਉਠਾ ਕਰਕੇ
ਇਹਨਾਂ ਸਤੀਆਂ ਨੇ ਪਤੀ ਦੇ ਕੋਲ ਬਹਿਕੇ ਲਿਆ ਵਾਹਿਗੁਰੂ ਇਕ ਧਿਆ ਕਰਕੇ
ਖੜਗ ਸਿੰਘ ਵਜ਼ੀਰ ਧਜਾਨ ਸਿੰਘ ਨੂੰ ਲਿਆ ਆਪਣੇ ਕੋਲ ਬੁਲਾ ਕਰਕੇ
ਚੰਗੀ ਤਰਾਂ ਸਮਝਾਉਣ ਇਹ ਲਗੀਆਂ ਨੇ ਦੋਹਾਂ ਤਾਈਂ ਜੋ ਪਾਸ ਬਹਾ ਕਰਕੇ
ਮਹਾਰਾਜ ਦੇ ਚਰਨਾਂ ਦੇ ਉਤੇ ਆਕੇ ਦੋਹਾਂ ਸੰਦੇ ਦੋ ਹਥ ਰਖਾ ਕਰਕੇ
ਨੇਮ ਧਰਮ ਇਹ ਪੂਰਾ ਕਰਾ ਕਰਕੇ ਅਤੇ ਪੋਥੀਆਂ ਨਾਲ ਪੜ੍ਹਾ ਕਰਕੇ
ਇਹਨਾਂ ਸਤੀਆਂ ਨੇ ਵੱਜਕੇ ਆਖਿਆ ਹੈ ਦੋਹਾਂ ਤਾਈਂ ਜੋ ਬੋਲ ਸੁਣਾ ਕਰਕੇ

ਦੋਵੇਂ ਕਰੋ ਇਕਰਾਰ ਹੁਣ ਤੁਸੀ ਬਹਿਕੇ ਸੌਂਹ ਖਾਕੇ ਗੁਰੂ ਮਨਾ ਕਰਕੇ
ਇਕ ਮੁੱਠ ਰਹਿ ਕਰਾਂਗੇ ਰਾਜ ਕਾਜ ਦੋਵੇਂ ਆਖੋ ਇਹ ਸੌਂਹ ਖਾ ਕਰਕੇ
ਅਮਨ ਰਖਾਂਗੇ ਮੁਲਕ ਦੇ ਵਿਚ ਸਾਰੇ ਮਹਾਰਾਜ ਦੇ ਵਾਂਗ ਬਣਾ ਕਰਕੇ
ਧਜਾਨ ਸਿੰਘ ਨੂੰ ਸਤੀਆਂ ਨੇ ਫੇਰ ਮੁੜਕੇ ਕਿਹਾ ਜੋਰ ਦੀ ਵਜ ਵਜਾ ਕਰਕੇ
ਵੇਖੀਂ ਭੁੱਲ ਨ ਕਰੀਂ ਵਿਰੋਧ ਕੋਈ ਦਿਤਾ ਸਤੀਆਂ ਨੇ ਖੂਬ ਸਮਝਾ ਕਰਕੇ
ਧਜਾਨ ਸਿੰਘ ਵੀ ਸੌਂਹ ਖਾ ਮੰਨ ਗਿਆ ਜੋ ਕੁਝ ਸਤੀਆਂ ਨੇ ਦਿਤਾ ਅਲਾ ਕਰਕੇ
ਬੇਟੇ ਨਾਲ ਮੈਂ ਬਾਪ ਦੇ ਵਾਂਗ ਵਰਤੂੰ ਧਜਾਨ ਸਿੰਘ ਨੇ ਦਿਤਾ ਬਤਾ ਕਰਕੇ
ਵਾਂਗ ਪਿਤਾ ਦੇ ਤੁਸਾਂ ਵੀ ਖੜਗ ਸਿੰਘਾ ਜਸ ਖੱਟਣਾਂ ਰਾਜ ਕਮਾ ਕਰਕੇ
ਖੜਗਸਿੰਘ ਵੀ ਗਲ ਇਹ ਮੰਨ ਗਿਆ ਅਗੇ ਸਤੀਆਂ ਦੇ ਗਰਦਨ ਨਿਵਾ ਕਰਕੇ
ਅੰਤ ਹੋਂਵਣਾ ਸੋਈ ਹੈ ਬਿਸ਼ਨ ਸਿੰਘਾ ਭਾਣਾ ਦੇਣਾ ਜੋ. ਰੱਬ ਵਰਤਾ ਕਰਕੇ

[ਮਹਾਰਾਜ ਦਾ ਬਿਬਾਂਨ]

ਵਿੱਸਕਰਮਾਂ ਵਰਗਿਆਂ ਚਾਤਰਾਂ ਨੇ ਜੇਹੜਾ ਸੋਹਣਾ ਬਿਬਾਨ ਬਣਾ ਲਿਆ
ਗੁੱਛੇ ਮੋਤੀਆਂ ਦੇ ਸੁੱਚੇ ਨਾਲ ਤਿਲੇ ਸੁਹਣੇ ਫੁਲਾਂ ਦੇ ਨਾਲ ਸਜਾ ਲਿਆ
ਐਸੇ ਸੋਹਣੇ ਬਿਬਾਨ ਮੰਹਾਰਾਜ ਦੇ ਨੂੰ ਸਿਖਾਂ ਮੋਢੇ ਦੇ ਉਤੇ ਹੈ ਚਾ ਲਿਆ
ਬੜੇ ਬੜੇ ਸਰਦਾਰਾਂ ਬਹਾਦਰਾਂ ਨੇ ਹਾਹੁਕੇ ਲੈਂਦਿਆਂ ਹੋਜਾਂ ਉਠਾ ਲਿਆ
ਸਭਨਾਂ ਰੋਂਦਿਆਂ ਤੇ ਕੁਰਲਾਂਦਿਆਂ ਨੇ ਆਪੋ ਆਪਣਾ ਸਿਰ ਖਪਾ ਲਿਆ
ਅਪਣੇ ਪਰਮ ਪਿਆਰੇ ਮਹਾਰਾਜ ਜੀ ਨੂੰ ਮੋਢੇ ਚੁਕਕੇ ਅਗੇ ਹੈ ਲਾ ਲਿਆ
ਨੰਗੀ ਪੈਰੀਂ ਸਭ ਚਿਖਾ ਦੀ ਵਲ ਚੱਲੇ ਪੱਥਰ ਦਿਲਾਂ ਨੂੰ ਤਦੋਂ ਰੁਆ ਲਿਆ
ਐਥੇ ਵੜੇ ਵੀ ਦੇਖਲੈ ਬਿਸ਼ਨ ਸਿੰਘਾ ਛੇਕੜ ਕੂੜ ਦਾ ਵਾਜਾ ਵਜਾ ਲਿਆ

[ਸੋਗ ਦੀ ਸਵਾਰੀ ਕਿਲੇ ਤੋਂ ਨਿਕਲਕੇ ਹਜੂਰੀ ਬਾਗ ਵਲ ਆਉਣੀ]

ਪਿਛੇ ਪਿਛੇ ਬਿਬਾਨ ਦੇ ਰਾਣੀਆਂ ਸਭ ਅਤੇ ਸਿਖ ਸਰਦਾਰ ਪਏ ਆਂਵਦੇ ਨੇ
ਅਗੇ ਅਗੇ ਰਬਾਬੀ ਤੇ ਰਾਗੀ ਭਾਰੇ ਮਾਰੂ ਰਾਗ ਦੇ ਸ਼ਬਦ ਪਏ ਗਾਂਵਦੇ ਨੇ
ਦੋਹੀਂ ਪਾਸੀਂ ਸਭ ਸਿਖ ਸਰਦਾਰ ਰਲਕੇ ਸੋਨੇ ਚਾਂਦੀ ਦੇ ਫੁਲ ਬਰਸਾਂਵਦੇ ਨੇ
ਦਬਾ ਦਬ ਮੁਹਿਰਾਂ ਮਹਾਰਾਜ ਉਤੋਂ ਨੌਕਰ ਚਾਕਰ ਵੀ ਪਏ ਲੁਟਾਂਵਦੇ ਨੇ
ਸਭਨਾਂ ਰਾਣੀਆਂ ਗੋਲੀਆਂ ਬਾਂਦੀਆਂ ਦੇ ਗਿਣੇ ਅੰਤ ਹਿਸਾਬ ਨ ਜਾਂਵਦੇ ਨੇ
ਸੋਨਾ ਚਾਂਦੀ ਬਿਬਾਨ ਤੋਂ ਵਾਰ ਰਹੀਆਂ ਸਭਨਾਂ ਸੰਦੇ ਸੁਹਾਗ ਪਏ ਧਾਂਵਦੇ ਨੇ
ਪੰਜੇ ਛੀਏ ਮਹਾਰਾਜ ਦੇ ਸਾਹਿਬ ਜ਼ਾਦੇ ਕੌਰ ਸਾਹਿਬ ਜੀ ਚੌਰ ਝੁਲਾਂਵਦੇ ਨੇ
ਪੁਤ ਪੋਤਰੇ ਹਾਹੁਕੇ ਭਰਨ ਸਾਰੇ ਦਬਾਂ ਦਬ ਪਏ ਰੋਂਦੇ ਕੁਰਲਾਂਵਦੇ ਨੇ
ਸਿਖ ਵਾਹਿਗੁਰੂ ਵਾਹਿਗੁਰੂ ਕਰਨ ਸਾਰੇ ਵਾਜੇ ਗ਼ਮੀ ਦੇ ਪਏ ਵਜਾਂਵਦੇ ਨੇ
ਜੀਊਣਾ ਝੂਠ ਹੈ ਸੱਚ ਹੀ ਬਿਸ਼ਨ ਸਿੰਘਾ ਏਹ ਅੰਤ ਨੂੰ ਪਏ ਸੁਣਾਂਵਦੇ ਨੇ

[ਤਬਾ]

ਲੈ ਬਿਬਾਨ ਜਾਂ ਕਿਲੇ ਤੋਂ ਬਾਹਰ ਨਿਕਲੇ ਸ਼ਬਦ ਅੰਤ ਦੇ ਵਕਤ ਦੇ ਗਾਉਂਦੇ ਆਏ

ਸ਼ਲਕ ਤੋਪਾਂ ਦੀ ਕਿਲੇ ਤੋਂ ਆਣ ਹੋਈ ਫੌਜੀ ਸਾਰੇ ਹੀ ਸਿਰ ਨਿਵਾਉਂਦੇ ਆਏ
ਰਾਤ ਰਾਤ ਇਹ ਦੇਸ ਤੇ ਖਬਰ ਧੁੰਮੀ ਲੋਕ ਹੁੰਮ ਹੁਮਾਕੇ ਧਾਉਂਦੇ ਆਏ
ਚਾਰੋਂ ਤਰਫ ਲਾਹੌਰ ਦੇ ਹੰਝੂਆਂ ਦਾ ਲੋਕ ਰੱਯਤ ਦੇ ਮੀਂਹ ਬਰਸਾਉਂਦੇ ਆਏ
ਸਾਰੇ ਦੇਸ ਤੇ ਆਣ ਹੜਤਾਲ ਹੋਈ ਲੋਕ ਪਰਜਾ ਦੇ ਸ਼ੋਕ ਮਨਾਉਂਦੇ ਆਏ
ਘਰ ਦੇਸ ਸਭ ਸੁੰਨ ਮਸਾਣ ਦਿਸੇ ਲੋਕ ਪਿੱਟਦੇ ਅਤੇ ਕੁਰਲਾਉਂਦੇ ਆਏ
ਮਹਾਰਾਜ ਤੇ ਸਤੀਆਂ ਨੂੰ ਦੇਖਣ ਲਈ ਦਬਾ ਦਬ ਨੇ ਘੋੜੇ ਦੁੜਾਉਂਦੇ ਆਏ
ਅਸੀਂ ਅੰਤ ਦਾ ਚਲ ਦੀਦਾਰ ਕਰੀਏ ਆਪ ਰੋਂਦੇ ਤੇ ਨਾਲੇ ਰੁਆਉਂਦੇ ਆਏ
ਇਕ ਲਾਹੌਰ ਦੇ ਦਸ ਲਾਹੌਰ ਬਣ ਗਏ ਲੋਕ ਪਿੱਟਦੇ ਅਤੇ ਪਿਟਾਉਂਦੇ ਆਏ
ਜ਼ਾਰੋ ਜ਼ਾਰ ਨਰ ਨਾਰੀਆਂ ਸਾਕ ਸਾਰੇ ਰੋਂਦੇ ਪਿੱਟਦੇ ਰਥ ਨਸਾਉਂਦੇ ਆਏ
ਦਸਾਂ ਗਲ ਕੀ ਅੰਤ ਨੂੰ ਬਿਸ਼ਨ ਸਿੰਘਾ ਰਾਜ ਸਿਖਾਂ ਦਾ ਗਿਆ ਸੁਣਾਉਂਦੇ ਆਏ

[ਤਥਾ]

ਅਗੇ ਇਧਰੋਂ ਅਸਵਾਰੀ ਮਹਾਰਾਜ ਜੀਦੀ ਕਿਲਿਓਂ ਨਿਕਲਕੇ ਬਾਹਰਨੂੰ ਆਰਹੀ ਹੈ
ਬਾਡੀਗਾਡ ਅਗੇ ਪਿਛੇ ਪਲਟਨ ਸਾਰੀ ਕੰਧ ਸ਼ੋਕ ਦੀ ਬਣੀ ਇਹ ਜਾ ਰਹੀ ਹੈ
ਓਸ ਵਕਤ ਦੀ ਗਲ ਮੈਂ ਕੀ ਦਸਾਂ ਖਲਕਤ ਸਾਰੀ ਹੀ ਨੈਣ ਵਹਾ ਰਹੀ ਹੈ
ਮਹਾਰਾਜ ਦੇ ਮਰਨ ਦਾ ਬਿਸ਼ਨ ਸਿੰਘਾ ਪਰਜਾ ਸਾਰੀ ਹੀ ਸ਼ੋਕ ਮਨਾ ਰਹੀ ਹੈ

[ਤਥਾ]

*ਮੁਸਲਮਾਨ ਤੇ ਹਿੰਦੂ ਸਭ ਐਸ ਵੇਲੇ ਜ਼ਾਰੋ ਜ਼ਾਰ ਮਹਾਰਾਜ ਨੂੰ ਰੋਯਾ ਸੀ ਜੀ
ਸਖਤ ਪੱਥਰਾਂ ਮੋਮ ਸਮਾਨ ਹੋਕੇ ਨਾਲ ਹੰਝੂਆਂ ਮੂੰਹ ਨੂੰ ਧੋਯਾ ਸੀ ਜੀ
ਜਾਨਵਰਾਂ ਦੇ ਤਕ ਵੀ ਜੱਗ ਸਾਰਾ ਆਕੇ ਗਮ ਦਾ ਪੁਤਲਾ ਹੋਯਾ ਸੀ ਜੀ
ਥੰਮ ਸਾਰੇ ਸੰਸਾਰ ਦਾ ਬਿਸ਼ਨ ਸਿੰਘਾ ਮਹਾਰਾਜ ਜੋ ਡਿਗ ਖੜੋਯਾ ਸੀ ਜੀ

[ਤਥਾ]

ਵਿਚ ਬਾਗ ਹਜੂਰੀ ਮਹਾਰਾਜ ਜੀ ਨੂੰ ਲੈ ਆਇ ਨੇ ਸਾਰੇ ਸਰਦਾਰ ਰੋਂਦੇ
ਬਸ ਬਾਗ ਹਜੂਰੀ ਦੇ ਬਿਰਛਾਂ ਸੰਦੇ ਸਾਰੇ ਪੱਤ ਵੀ ਨੇ ਭੁੱਬਾਂ ਮਾਰ ਰੋਂਦੇ
ਜੇਹੜੇ ਬਿਰਛ ਸੀ ਗਮ ਨੂੰ ਦੂਰ ਕਰਦੇ ਓਹ ਵੀ ਸ਼ੋਕ ਨੂੰ ਧਾਰ ਅਪਾਰ ਰੋਂਦੇ
ਫੁਲ ਬਾਗ ਦੇ ਵੀ ਮੁਰਝਾ ਕਰਕੇ ਮਹਾਰਾਜ ਨੂੰ ਨੇ ਹਾ ਹਾ ਕਾਰ ਰੋਂਦੇ
ਸਾਰੇ ਪੱਤ ਕਹਿੰਦੇ ਮਰਨਾ ਸਚ ਹੈਗਾ ਜੀਉਣਾ ਝੂਠ ਹੈ ਇਹ ਪੁਕਾਰ ਰੋਂਦੇ
ਡਾਲ ਡਾਲ ਤੇ ਫੁਲ ਕੁਮਲਾ ਕਰਕੇ ਹਾ ਹਾ ਕਾਰ ਪੁਕਾਰ ਉਚਾਰ ਰੋਂਦੇ
ਸਿਰ ਆਪਣੇ ਤੇ ਘਟਾ ਪਾ ਕਰਕੇ ਸਾਰੇ ਚਮਨ ਦੇ ਬਿਰਛ ਲਾਚਾਰ ਰੋਂਦੇ

---

*ਮਹਾਰਾਜ ਨੂੰ ਸਭ ਮਜ਼ਬਾਂ ਵਾਲੇ ਆਪਣਾ ਪਰਮ ਪਿਆਰਾ ਮਾਲਕ ਮੰਨਦੇ ਸਨ ਅਤੇ ਮਹਾਰਾਜ ਵੀ ਸਭ ਨੂੰ ਇਕੋ ਜੇਹਾ ਜਾਣਦੇ ਸਨ ਏਸੇ ਲਈ ਮਹਾਰਾਜ ਨਾਲ ਸਭਨਾਂ ਲੋਕਾਂ ਦੀ ਬਹੁਤ ਮੁਹੱਬਤ ਸੀ।

ਗਲ ਸੁਕਿਆ ਝੁਰਨਿਆਂ ਰੋਂਦਿਆਂ ਦਾ ਸਾਰੇ ਹੰਝੂ ਵਹਾ ਫੁਹਾਰ ਰੋਂਦੇ
ਪੱਥਰ ਸਿਲ੍ਹਾਂ ਸਮਾਨ ਹੋ ਪਏ ਸਾਰੇ ਥਕ ਮੁਕ ਚੁਕੇ ਵਾਰੋ ਵਾਰ ਰੋਂਦੇ
ਜਾਨਵਰ ਵੀ ਬਿਰਛਾਂ ਦੇ ਉਪਰ ਬੈਠੇਂ ਮਹਾਰਾਜ ਨੂੰ ਪੰਖ ਪਸਾਰ ਰੋਂਦੇ
ਖੰਬ ਖੋਈ ਜਾਂਦੇ ਸਾਰੇ ਤਨ ਉਤੋਂ ਚੋਗ ਦੇਹਗਾ ਕੌਣ ਵਿਚਾਰ ਰੋਂਦੇ
ਗਊ ਬੈਲ ਘੋੜੇ ਸਿਰ ਸੁਟ ਖੜੇ ਘਾਸ ਦਾਣੇ ਨੂੰ ਸਭ ਵਿਸਾਰ ਰੋਂਦੇ
ਸਾਰੇ ਦੇਵਤੇ ਆਕੇ ਅਕਾਸ ਅੰਦਰ ਅਪਣੇ ਹਾਰ ਸਿੰਗਾਰ ਉਤਾਰ ਰੋਂਦੇ
ਐਸਾ ਬਾਗ ਹਜ਼ੂਰੀ ਸ਼ੋਕਾਂਤਰ ਹੋਯਾ ਲੋਕ ਬੇਸ਼ੁਮਾਰ ਹਜਾਰ ਰੋਂਦੇ
ਕੰਧਾਂ ਕੋਠੇ ਮਹਾਰਾਜ ਨੂੰ ਬਿਸ਼ਨ ਸਿੰਘਾ ਓਸ ਵੇਲੇ ਤਾਂ ਸੀ ਜ਼ਾਰੋ ਜਾਰ ਰੋਂਦੇ

[ਮਹਾਰਾਜ ਦੀ ਦੇਹ ਦਾ ਦਾਹ]

ਲੰਬਾ ਚੌੜਾ ਪੰਜ ਗਜ ਛੀ ਫੁਟ ਉੱਚਾ ਜਿਸ ਅੰਗੀਠੇ ਨੂੰ ਚਾ ਬਨਾਇਆ ਏ
ਓੜਕ ਰੋਂਦੇ ਕੁਰਲਾਂਦੇ ਸਰਦਾਰਾਂ ਸਭਨਾਂ ਉਸ ਦੇ ਉਤੇ ਮਹਾਰਾਜ ਟਿਕਾਇਆਂ ਏ
ਚਹੁੰਵਾਂ ਰਾਣੀਆਂ ਤੇ ਸਤਾਂ ਗੋਲੀਆਂ ਨੂੰ ਸਿਰ ਪੈਰਾਂ ਦੇ ਪਾਸ ਬਹਾਇਆ ਏ
ਓਸ ਵੇਲੇ ਹੁਣ ਰਾਜੇ ਧਜ਼ਾਨ ਸਿੰਘ ਨੇ ਹੱਥ ਜੋੜਕੇ ਆਪ ਅਲਾਇਆ ਏ
ਚਵਾਂ ਰਾਣੀਆਂ ਤੇ ਸਤਾਂ ਗੋਲੀਆਂ ਨੂੰ ਹਥ ਜੋੜਕੇ ਬਚਨ ਸੁਣਾਇਆ ਏ
ਭਲੇ ਵਾਸਤੇ ਕੌਰ ਤੇ ਖੜਗ ਸਿੰਘ ਦੇ ਕਰੋ ਬਚਨ ਕੋਈ ਇਹ ਬਤਾਇਆ ਏ
ਅਗੋਂ ਸਤੀਆਂ ਸਾਰੀਆਂ ਚੁਪ ਰਹੀਆਂ ਭਾਵੇਂ ਬਹੁਤ ਵਜ਼ੀਰ ਬੁਲਾਇਆ ਏ
ਓਸ ਵੇਲੇ ਸਭ ਲੋਕ ਨੇ ਕਹਿ ਉਠੇ ਰਾਜ ਰਹਿਣਾਂ ਨ ਇਹ ਸਮਝਾਇਆ ਏ
ਇਕ ਛਪਰ ਫਿਰ ਤੇਲ ਫੁਲੇਲ ਭਰਿਆ ਉਤੇ ਸਤੀਆਂ ਦੇ ਆ ਪਾਇਆ ਏ
ਛਪਾ ਛਪ ਫਿਰ ਤਦੋਂ ਹੀ ਖੜਗ ਸਿੰਘ ਨੇ ਲੰਬੂ ਚਾਰ ਚੁਫੇਰੇ ਚਾ ਲਾਇਆ ਏ
ਬੜਾ ਅਤਰ ਫੁਲੇਲ ਹੈ ਹੋਰ ਪਾਯਾ ਬੜਾ ਜ਼ੋਰ ਦਾ ਭਾਂਬੜ ਮਚਾਇਆ ਏ
ਨਾਲ ਭਾਂਬੜ ਦੇ ਹੀ ਲੋਕਾਂ ਸਾਰਿਆਂ ਨੇ ਰੋ ਰੋ ਕੇ ਹਾਲ ਵੰਜਾਇਆ ਏ
ਭੁੱਬਾਂ ਨਿਕਲ ਗਈਆਂ ਧਾਹਾਂ ਮਾਰ ਰੋਏ ਸਾਰਾ ਜ਼ਿਮੀ ਅਸਮਾਨ ਰੁਆਇਆ ਏ
ਧਜ਼ਾਨ ਸਿੰਘ ਕੰਗਾਲ ਜੋ ਸੀਗ ਪਹਿਲੇ ਜਿਸ ਨੂੰ ਰਾਜਾ ਮਹਾਰਾਜ ਬਣਾਇਆ ਏ
ਇਹ ਵੀ ਚਿਖਾ ਦੇ ਵਿਚ ਸੀ ਪੈਣ ਲਗਾ ਐਪਰ ਲੋਕਾਂ ਨੇ ਫੜ ਬਚਾਇਆ ਏ
ਓਸ ਵੇਲੇ ਇਕ ਜੋੜਾ ਕਬੂਤਰਾਂ ਦਾ ਬਸ ਉਡਦਾ ਉਡਦਾ ਆਇਆ ਏ
ਆਣ ਪਿਆ ਘੜੱਮ ਹੈ ਚਿਖਾ ਅੰਦਰ ਸੜਕੇ ਆਪਣਾ ਆਪ ਤਰਾਇਆ ਏ
ਸਭ ਨੇ ਵੇਖਿਆ ਇਹ ਤਮਾਸ਼ਾ ਅੱਖੀਂ ਪੂਰਾ ਪ੍ਰੇਮ ਜਨੌਰਾਂ ਨਭਾਇਆ ਏ
ਮਾਤ ਲੋਕ ਨੇ ਸਿਰਫ ਨ ਓਸ ਵੇਲ਼ੇ ਰੋ ਰੋ ਕੇ ਹਾਲ ਗੁਵਾਇਆ ਏ
ਇੰਦ੍ਰ ਆਦ ਵੀ ਦੇਵਤੇ ਰੋਣ ਲਗੇ ਛਮਾ ਛਮ ਆ ਮੀਂਹ ਬਰਸਾਇਆ ਏ
ਇਕ ਪਲਕ ਅੰਦਰ ਇੰਦਰ ਦੇਵਤਾ ਨੇ ਕਿਆ ਅਜਬ ਤਮਾਸ਼ਾ ਵਿਖਾਇਆ ਏ
ਹੱਕੀ ਬੱਕੀ ਹੋ ਗਈ ਹੈ ਖਲਕਤ ਸਾਰੀ ਹੱਥ ਜੋੜਕੇ ਸਿਰ ਨਿਵਾਇਆ ਏ
ਐਸੇ ਸ਼ੇਰਿ ਪੰਜਾਬ ਮਹਾਰਾਜ ਜੀ ਨੂੰ ਲੋਕਾਂ ਪਲਕ ਦੇ ਵਿਚ ਜਲਾਇਆ ਏ

ਜਿਹੜਾ ਵਾਂਗ ਸਿਕੰਦਰ ਦੇ ਦਬ ਦਬਾ ਸੀ ਜਿਸਨੇ ਜਿਮੀ ਅਸਮਾਨ ਕੰਬਾਇਆ ਏ
ਫੇਰ ਨਾਦਰੀ ਹੁਕਮ ਸੀ ਜਿਸ ਸੰਦਾ ਅਤੇ ਸ਼ੇਰਿ ਪੰਜਾਬ ਕਹਾਇਆ ਏ
ਓਸ ਐਸੇ ਮਹਾਂਬਲੀ ਮਹਾਰਾਜ ਜੀ ਨੂੰ ਵੇਖੋ ਕਾਲ ਨੇ ਮਾਰ ਮੁਕਾਇਆ ਏ
ਅਗਨਿ ਦੇਵਤੇ ਲੋਕਾਂ ਦੇ ਵੇਂਹਦਿਆਂ ਈ ਸੁਆਹ ਕਰਕੇ ਚਾ ਦਿਖਾਇਆ ਏ
ਕਾਲ ਬਲੀ ਮਹਾਰਾਜ ਨੂੰ ਬਿਸ਼ਨ ਸਿੰਘਾ ਓੜਕ ਖਾਕਦੇ ਨਾਲ ਮਿਲਾਇਆ ਏ

[ਕਵੀ]

ਏਸੇ ਤਰਾਂ ਹੀ ਕਾਲ ਨੇ ਲੋਕ ਸਾਰੇ ਮਲ ਮਲ ਕੇ ਆਪ ਉਡਾ ਛੱਡੇ
ਵਡੇ ਵਡੇ ਅਵਤਾਰ ਵੀ ਕਾਲ ਓੜਕ ਹਾਜਰ ਹੋਕੇ ਮਾਰ ਮੁਕਾ ਛੱਡੇ
ਮਹਾਰਾਜ ਰਣਜੀਤ ਸਿੰਘ ਕੀ ਗਿਣਤੀ ਰਾਵਨ ਵਰਗੇ ਵੀ ਮਾਰ ਖਪਾ ਛੱਡੇ
ਨਿਕੇ ਵਡੇ ਜਹਾਨ ਤੇ ਜੀਵ ਸਾਰੇ ਜਾਲ ਆਪਣੇ ਵਿਚ ਫਸਾ ਛੱਡੇ
ਜਿੰਨੇ ਜੀਵ ਜਹਾਨ ਤੇ ਹੋਇ ਪਹਿਲੇ ਰੱਜ ਰੱਜ ਕੇ ਸਾਰੇ ਹੀ ਖਾ ਛੱਡੇ
ਅਫਲਾਤੂਨ ਧਨੰਤਰ ਹੰਕਾਰੀਆਂ ਨੂੰ ਨਕ ਚਣੇ ਨੇ ਬੁਰੇ ਚਬਾ ਛੱਡੇ
ਨਹੀ ਕਿਸੇ ਦਾ ਪਤਾ ਨਿਸ਼ਾਨ ਦਿਸੇ ਜੀਵ ਖਾਕ ਦੇ ਵਿਚ ਮਿਲਾ ਛੱਡੇ
ਵਾਰੋ ਵਾਰੀ ਮੈਂ ਸਭ ਨੂੰ ਮਾਰ ਖੜਨਾ ਤੁਪ ਗਮ ਦੇ ਇਹ ਚੜ੍ਹਾ ਛੱਡੇ
ਇਹਨਾਂ ਨਾਲ ਮੈਂ ਪਾੜਨਾ ਪੇਟ ਆਕੇ ਮਿੱਕ ਤਿਖੇ ਤੇ ਲੰਮੇ ਵਿਖਾ ਛੱਡੇ
ਏਸ਼ ਕਾਲ ਕਸ਼ਾਈ ਬੇਤਰਸ ਡਾਢੇ ਘਰ ਘਰ ਸਿਆਪੇ ਨੇ ਪਾ ਛੱਡੇ
ਮੈਂ ਕਿਸੇ ਨੂੰ ਜੀਊਂਦੇ ਨੇ ਰਹਿਣ ਦੇਣਾ ਖਿਲ ਕੁਲ ਹੀ ਲੋਕ ਡਰਾ ਛਡੇ
ਇਕ ਭਗਤਾਂ ਨੇ ਕਾਲ ਨੂੰ ਜਿਤਿਆ ਹੈ ਸ਼ੱਕ ਮਰਨ ਦੇ ਦਿਲੋਂ ਉਠਾ ਛਡੇ
ਪਾਪੀ ਜੀਵ ਤਾਂ ਮਾਰਕੇ ਕਾਲ ਸਾਰੇ ਨਰਕ ਘੋਰ ਦੇ ਵਿਚ ਟਿਕਾ ਛਡੇ
ਜੀਵ ਗਿਦੜ ਸਮਾਨ ਮੈਂ ਮਾਰਨੇ ਨੇ ਸਿੰਘ ਕਾਲ ਨੇ ਹੁਕਮ ਸੁਣਾ ਛਡੇ
ਗੁਰੂ ਨਾਨਕ ਨੇ ਕਾਲ ਨੂੰ ਵਸ ਕੀਤਾ ਘਾਤ ਕਰਨ ਤੋਂ ਜੀਵ ਬਚਾ ਛਡੇ
ਮਹਾਰਾਜ ਨੂੰ ਕਾਸ ਨੂੰ ਮਾਰਨਾ ਸੀ ਸੁਖ ਦੁਨੀਆਂ ਨੂੰ ਜਿਨਾਂ ਦਿਖਾ ਛਡੇ
ਮਹਾਰਾਜ ਨੇ ਸੋਹਣਾ ਹੈ ਰਾਜ ਕੀਤਾ ਹਰ ਇਕ ਦੇ ਦੁਖ ਹਟਾ ਛਡੇ
ਰੱਜ ਕਰਕੇ ਪੂਰੇ ਪੰਜਾਹ ਬਰਸਾਂ ਨੇਕ ਨਾਮੀ ਦੇ ਝੰਡੇ ਝੁਲਾ ਛਡੇ
ਜੇਹੜੇ ਜ਼ਾਲਮ ਪਠਾਣ ਸੀ ਕਾਬਲ ਵਾਲੇ ਧਮਕੀ ਨਾਲ ਓਹ ਸਭ ਨਿਵਾ ਛਡੇ
ਇਕ ਡੋਗਰਿਆਂ ਤੇਜ ਮਹਾਰਾਜ ਜੀ ਦੇ ਟਲ ਮਿਲਕੇ ਹੈਣ ਘਟਾ ਛਡੇ
ਨਹੀਂ ਤਾਂ ਹੋਰ ਤਾਂ ਚੰਗੇ ਮਹਾਰਾਜ ਸੀਗੇ ਮਗਰੋ ਮੱਛ ਪਠਾਣ ਕੰਬਾ ਛਡੇ
ਆਪ ਖੁਦ ਸਰਕਾਰ ਨੇ ਜੰਗ ਅੰਦਰ ਦੇਸ ਦੇਸ ਦੇ ਰਾਜੇ ਨਸਾ ਛਡੇ

ਕਾਬਲ ਵਰਗਿਆਂ ਪਾਤਸ਼ਾਹ ਭਾਰਿਆਂ ਨੇ ਸਿਰ ਅਗੇ ਮਹਾਰਾਜ ਝੁਕਾ ਛਡੇ
ਸਤਲੁਜ ਜਮਰੋਦ ਦੀ ਹੱਦ ਤੋੜੀ ਰੋਕੇ ਰਜਕੇ ਰਾਜ ਕਮਾ ਛਡੇ
ਏਸ ਸੂਰਜ ਭਗਵਾਨ ਮਹਾਰਾਜ ਜੀ ਨੇ ਚਮਕ ਨਾਲ ਹੀ ਤਾਰੇ ਭੁਲਾ ਛਡੇ
ਏਸ ਦੇਸ ਤੇ ਸ਼ੇਰਿ ਪੰਜਾਬ ਹੋਕੇ ਲਭ ਗਿੱਦੜਾਂ ਤਾਈਂ ਪੁਚਾ ਛਡੇ
ਮੁਸਲਮਾਨ ਤੇ ਸਿਖ ਨੂੰ ਇਕ ਜਾਤਾ ਛਤਰ ਹੁਕਮ ਦੇ ਸਾਰੇ ਫਿਰਾ ਛਡੇ
ਨੇਕੀ ਖਟਕੇ ਏਸ ਜਹਾਨ ਉਤੋਂ ਛੇਰੇ ਅੰਤ ਨੂੰ ਕੂਚ ਕਰਾ ਛਡੇ
ਮਹਾਰਾਜ ਰਨਜੀਤ ਸਿੰਘ ਬਿਸ਼ਨ ਸਿੰਘਾ ਸੁਹਨੇ ਧਰਮ ਦੇ ਸਿੱਕੇ ਚਲਾ ਛਡੇ

[ਤਥਾ]

ਮੁਸਲਮਾਨਾਂ ਦਾ ਤੋੜਕੇ ਜੋਰ ਸਾਰਾ ਸਾਰੇ ਸਿਖਾਂ ਨੂੰ ਸੁਖ ਵਿਖਾਇ ਏਸੇ
ਰਾਜ ਕਰਕੇ ਚੰਗਾ ਪੰਜਾਹ ਬਰਸਾਂ ਕਲਗੀ ਵਾਲੇ ਦੇ ਸਿਖ ਵਧਾਇ ਏਸੇ
ਕਿਤੇ ਆਪਣਾ ਨਾਮ ਨ ਰਖਿਆ ਹੈ ਨਾਨਕ ਸ਼ਾਹੀ ਨੇ ਸਿੱਕੇ ਚਲਾਇ ਏਸੇ
ਲੰਡੀ ਬੁਚੀ ਦਾ ਸੱਤਿਆ ਨਾਸ ਕਰਕੇ ਸਿਖ ਰਾਜੇ ਮਹਾਰਾਜੇ ਬਣਾਇ ਏਸੇ
ਸੰਤਾਂ ਸਿਖਾਂ ਗਰੀਬਾਂ ਮਹਾਤਮਾਂ ਨੂੰ ਪਿੰਡ ਖੂਹ ਇਨਾਮ ਫੜਾਇ ਏਸੇ
ਜਗਾ ਜਗਾ ਤੇ ਸ਼ੈਹਿਰ ਅਖਾੜੇ ਜੇਹੜੇ ਸਾਰੇ ਜਾਣ ਲੌ ਹੈਣ ਲਗਾਇ ਏਸੇ
ਸੋਨੇ ਮੰਦਰਾਂ ਉਤੇ ਜੋ ਲਗੇ ਹੋਏ ਓਹ ਵੀ ਸੁਣ ਲੌ ਹੈਣ ਚਮ੍ਹਾਇ ਏਸੇ
ਝੀਉਰਾ ਨਾਈਆਂ ਬਾਮਣਾਂ ਸਾਧੂਆਂ ਨੂੰ ਬੜੇ ਭਾਰੇ ਨੇ ਫੈਦੇ ਪੁਚਾਇ ਏਸੇ
ਰੀਗਾ ਗਯਾ ਤੇ ਅਮ੍ਰਿਤਸਰ ਸ਼ੈਹਰ ਆਦਿਕ ਜਗਾ ੨ ਤੇ ਲੰਗਰ ਨੇ ਲਾਇ ਏਸੇ
ਕੱਠੇ ਕਰਕੇ ਬੱਕਰੀ ਸ਼ੀਂਹ ਤਾਈਂ ਇੱਕੋ ਘਾਟ ਤੇ ਪਾਣੀ ਪਿਲਾਇ ਏਸੇ
ਨੌ ਸ਼ੇਰਵਾਂ ਵਾਂਗ ਨਿਆਇ ਕਰਕੇ ਲੋਕ ਦੇਸ ਦੇ ਸੁਖੀ ਵਸਾਇ ਏਸੇ
ਸਿਖਾਂ ਵਿਚੋਂ ਤਾਂ ਰੱਜ ਕੇ ਬਿਸ਼ਨ ਸਿੰਘਾ ਚੰਗੇ ਧਰਮ ਦੇ ਰਾਜ ਕਮਾਇ ਏਸੇ

[ਮਹਾਰਾਜ ਦਾ ਰੂਪ ਰੰਗ ਕੱਦ ਅਤੇ ਸੁਭਾਵ ਵਰਨਨ]

ਖੱਬੀ ਅਖ ਤਾਂ ਸੀਤਲਾ ਖਾਈ ਹੋਈ ਸੀ ਸੱਜੀ ਅੱਖ ਦਾ ਤੇਜ਼ ਮਹਾਨ ਸੀਗਾ
ਰੰਗ ਕਣਕਜੈਸਾ ਮਹਾਰਾਜ ਦਾ ਸ਼ੀ ਕੋਈ ਕੋਈ ਮਾਤਾਦਾ ਚਿਹਰੇ ਨਿਸ਼ਾਨ ਸੀਗਾ
ਕਦ ਪੱਤਲਾ ਸੀ ਮਹਾਰਾਜ ਸੰਦਾ ਬਣਦਾ ਤਣਦਾ ਜੋ ਬੜਾ ਜਵਾਨ ਸੀਗਾ
ਚੌੜਾ ਮਥਾ ਸ਼ੀ ਕੁਦਰਤੀ ਨੂਰ ਭਰਿਆ ਓਥੇ ਚਮਕਦਾ ਕੁਦਰਤੀ ਭਾਨ ਸੀਗਾ
ਲੰਬੀ ਦਾੜੀ ਤੇ ਕੁੰਢੇ ਮੁਛਹਿਰੇ ਸੀਗੇ ਚਿਹਰਾ ਦਰਸ਼ਣੀ ਮਾਨੋ ਭਗਵਾਨ ਸੀਗਾ
ਬਾਹਾਂ ਲੰਬੀਆਂ ਤੇ ਉਚੇ ਮੋਢੇ ਸੀਗੇ ਬੜਾ ਭਾਰਾ ਜਵਾਨ ਬਲਵਾਨ ਸੀਗਾ
ਪੜ੍ਹਿਆ ਹੋਯਾ ਨ ਭਾਵੇਂ ਸੀ ਮਹਾਰਾਜਾ ਐਪਰ ਐਸਾ ਚਲਾਕ ਤੇ ਦਾਨ ਸੀਗਾ
ਪੜ੍ਹਿਆਂ ਹੋਯਾਂ ਦੀ ਮਤ ਸੀ ਮਾਰ ਛਡਦਾ ਐਸਾ ਬੋਲਦਾ ਕਰਦਾਂ ਬਿਆਨ ਸੀਗਾ
ਅਪਣੇ ਕੰਨਾਂ ਨੂੰ ਹਥ ਸੀ ਲਾ ਜਾਂਦਾ ਪੜ੍ਹਿਆ ਹੋਯਾ ਜੋ ਬੜਾ ਵਿੱਦਵਾਨ ਸੀਗਾ
ਦੇਵ ਨੇਤ ਕੋਈ ਰਬ ਸਬੱਬ ਕਿਧਰੇ ਟੱਕਰ ਪਏ ਮਹਾਰਾਜ ਨੂੰ ਆਨ ਸੀਗਾ

ਅਕਲ ਦੇਖ ਮਹਾਰਾਜ ਦੀ ਬੜੀ ਭਾਰੀ ਪੜਿਆ ਹੋਯਾ ਤਾਂ ਹੁੰਦਾ ਹੈਰਾਨ ਸੀਗਾ
ਬੇਸ਼ਕਭਾਵੇਂ ਮਹਾਰਾਜ ਨ ਪੜਿਆਸੀਗਾਐਪਰ ਇਲਮਦਾਇਹਕਦਰਦਾਨ ਸੀਗਾ
ਐਸਾ ਦਿਲ ਦਲੇਰ ਬਹਾਦਰ ਸੀਗਾ ਹੋਰ ਕੋਈ ਨ ਇਹਦੇ ਸਮਾਨ ਸੀਗਾ
ਜਿਥੇ ਗੋਲੀਆਂ ਤੀਰਾਂ ਦਾ ਮੀਂਹ ਵਰਦਾ ਜਦੋਂ ਵੇਖਦਾ ਵਿਚ ਮਦਾਨ ਸੀਗਾ
ਓਥੇ ਸਾਹਮਣੇ ਜਾਣੋ ਨ ਫਰਕ ਕਰਦਾ ਝਟ ਜਾਂਵਦਾ ਕਰ ਧਿਆਨ ਸੀਗਾ
ਚੰਗੇ ਘੋੜੇ ਤੇ ਸਬਜ ਪੁਸ਼ਾਕ ਸ਼ਸਤ੍ਰ ਸ਼ੌਕ ਬਹੁਤ ਹੀ ਏਸ ਨੂੰ ਜਾਨ ਸੀਗਾ
ਸੂਰਬੀਰਾਂ ਦੇ ਰੱਖਣ ਦਾ ਪਾਸ ਇਸਨੂੰ ਐਡਾ ਪਜਾਰ ਤੇ ਐਡਾ ਧਿਆਨ ਸੀਗਾ
ਸੂਰਬੀਰ ਕੋਈ ਧਾੜਵੀ ਖੂਨ ਕਰਕੇ ਸੱਚ ਆਨ ਜੋ ਕਰਦਾ ਬਖਾਨ ਸੀਗਾ
ਖੁਸ਼ੀ ਹੋਕੇ ਓਸ ਨੂੰ ਬਖਸ਼ ਕਰਕੇ ਖਿਲਤ ਦੇਂਵਦਾ ਤੇ ਕਰਦਾ ਮਾਨ ਸੀਗਾ
ਆਕੀਮੁਲਕ ਨੂੰ ਕਿਧਰੇ ਸੀ ਭੇਜ ਛਡਦਾ ਮੁੜਕੇਕਰਦਾ ਨ ਓਹ ਨੁਕਸਾਨ ਸੀਗਾ
ਸਦਾ ਮਿੰਤ੍ਰ ਨੂੰ ਪਾਲ ਅੰਬਾਦ ਕਰਨਾ ਅਤੇ ਵੈਰੀ ਨੂੰ ਕਰਦਾ ਵੈਰਾਨ ਸੀਗਾ
ਇਹ ਇਸ ਦਾ ਖਿਆਲ ਕਮਾਲ ਸੀਗਾ ਸਾਰਾ ਜਾਣਦਾ ਕੁਲ ਜਹਾਨ ਸੀਗਾ
ਭਾਵੇਂ ਆਪ ਮਹਾਰਾਜ ਤਮਾਸ਼ੇ ਅੰਦਰ ਅੱਠੇ ਪੈਹਰ ਹੀ ਰਹਿੰਦਾ ਗਲਤਾਨ ਸੀਗਾ
ਰਾਜਕਾਜਵਲ ਕੂੰਜਾਂਦੇ ਐਂਡਿਆਂ ਜਿਓਂ ਹਰਵਕਤ ਹੀ ਰਹਿੰਦਾ ਧਿਆਨ ਸੀਗਾ
ਛਿਨ ਭਰ ਵੀ ਨਹੀਂ ਵਿਸਾਰਦਾ ਸੀ ਏਸੇ ਲਈ ਇਹ ਬੜਾ ਬੁਧਿਵਾਨ ਸੀਗਾ
ਧੋਖਾ ਖਾਧਾ ਨ ਕਿਸੇ ਵੀ ਕੰਮ ਅੰਦਰ ਐਡਾ ਆਪ ਇਹ ਚਤਰ ਸੁਜਾਨ ਸੀਗਾ
ਸਭੋ ਕੁਛ ਇਹ ਗੁਰੂ ਦਾ ਜਾਣਦਾ ਸੀ ਨਾਹੀ ਏਸ ਨੂੰ ਰਾਜ ਗੁਮਾਨ ਸੀਗਾ
ਅਜੇ ਤਾਕ ਵੀ ਲੋਕ ਹੈਰਾਨ ਹੁੰਦੇ ਐਡਾ ਅਕਲ ਦਾ ਕੋਟ ਮਕਾਨ ਸੀਗਾ
ਸਭਨਾਂ ਲੋਕਾਂ ਦਾ ਰਾਖਾ ਸੀ ਬਿਸ਼ਨਸਿੰਘਾ ਐਪਰ ਸਿਖਾਂ ਦੇ ਖਾਸ ਪਰਾਨ ਸੀਗਾ

[ਮਹਾਰਾਜ ਦਾ ਬਾਕੀ ਸੰਛੇਪ ਪਰਸੰਗ]

ਇਕ ਵਾਰੀ ਸ਼ਿਕਾਰ ਦੇ ਸਮੇ ਕੱਲਾ ਮਹਾਰਾਜ ਸ਼ਿਕਾਰ ਨੂੰ ਧਾ ਗਿਆ
ਅਪਣੀ ਫੌਜ ਤੋਂ ਵਿਛੜਕੇ ਮਹਾਰਾਜਾ ਇਕ ਜੱਟ ਦੇ ਖੇਤ ਵਿਚ ਆ ਗਿਆ
ਓਹ ਜੱਟ ਅਗੋਂ ਸਲਘਾ ਲੈ ਕਰਕੇ ਮਹਾਰਾਜ ਨੂੰ ਮਾਰਨ ਹੈ ਆ ਪਿਆ
ਗਾਲੀ ਦੇਣ ਲੱਗਾ ਮਹਾਰਾਜ ਜੀ ਨੂੰ ਮਹਾਰਾਜ ਨੇ ਘੋੜਾ ਦੁੜਾ ਲਿਆ
ਭਜਾ ਫਿਰਦਾ ਓਹ ਜੱਟ ਹੈ ਪਿਛੇ ਪਿਛੇ ਅਗੇ ਅਗੇ ਮਹਾਰਾਜ ਨੂੰ ਲਾ ਲਿਆ
ਗਾਲਾਂ ਖਾਂਵਦੇ ਰਹੇ ਨੇ ਖੇਤ ਅੰਦਰ ਨੱਸ ਭੱਜਕੇ ਸਾਰ ਚੜ੍ਹਾ ਗਿਆ
ਇਤਨੇ ਚਿਰ ਨੂੰ ਫੌਜ ਵੀ ਆਈ ਮੱਗਰ ਚੁਪ ਹੋ ਕੇ ਜੱਟ ਸ਼ਰਮਾ ਗਿਆ
ਮਹਾਰਾਜ ਨੇਂ ਜੱਟ ਨੂੰ ਆਖਿਆ ਕਿ ਤੂੰ ਨੀਵਾਂ ਧਜਾਨ ਕਿਉਂ ਪਾ ਲਿਆ
ਓਸੇ ਤਰ੍ਹਾਂ ਹੀ ਕੱਢ ਬੇਸ਼ੱਕ ਗਾਲਾਂ ਨਹੀਂ ਤਾਂ ਮਾਰਾਂਗਾ ਇਹ ਸੁਣਾ ਲਿਆ
ਜੱਟ ਬਹੁਤ ਹੀ ਹੋ ਸ਼ਰਮਿੰਦਾ ਗਿਆ ਮਹਾਰਾਜ ਨੂੰ ਸਿਰ ਨਿਵਾ ਲਿਆ
ਅੰਤ ਓਸੇ ਹੀ ਜੱਟ ਨੂੰ ਬਿਸ਼ਨ ਸਿੰਘਾ ਓਹੋ ਖੂਹ ਇਨਾਮ ਫੜਾ ਗਿਆ

[ਤਥਾ]

ਏਸੇ ਤਰਾਂ ਫਿਰ ਸੈਲ ਨੂੰ ਬਾਹਰ ਕਿਧਰੇ ਇਕ ਦਿਨ ਸਰਕਾਰ ਸੀ ਜਾ ਰਹੀ
ਵੇਖ ਵੇਖ ਨੀ ਕਾਣਾਂ ਰਣਜੀਤ ਜਾਂਦਾ ਇਕ ਕੁੜੀ ਨੂੰ ਕੁੜੀ ਸੁਣਾ ਰਹੀ
ਓਸੇ ਥਾਂ ਸਰਕਾਰ ਸੁਣ ਖੜੇ ਹੋਏ ਕੁੜੀ ਹੱਸਕੇ ਕੋਲ ਬੁਲਾ ਲਈ
ਇਕ ਵਾਰ ਤੂੰ ਓਸ ਹੀ ਤਰਾਂ ਮੁੜਕੇ ਬੀਬੀ ਆਖ, ਪਰ ਬੀਬੀ ਸ਼ਰਮਾ ਗਈ
ਖੁਸ਼ੀ ਹੋ ਸਰਕਾਰ ਫਿਰ ਓਸ ਉਤੇ ਇਕ ਮੁਹਿਰਾਂ ਦੀ ਥੈਲੀ ਫੜਾ ਗਈ
ਏਸੇ ਤਰ੍ਹਾਂ ਦੀਆਂ ਬਖਸ਼ਸ਼ਾਂ ਬਿਸ਼ਨ ਸਿੰਘਾ ਅਜੇ ਤਾਕ ਇਹ ਪਰਜਾ ਹੈ ਖਾ ਰਹੀ

[ਤਥਾ]

ਏਸੇ ਤਰ੍ਹਾਂ ਮਹਾਰਾਜ ਫਿਰ ਸੈਲ ਕਿੱਧਰੇ ਇਕ ਦਿਨ ਸੀ ਬਾਹਰ ਨੂੰ ਜਾ ਰਿਹਾ
ਤਵਾ ਚੁਕਕੇ ਇਕ ਮਨੁੱਖ ਬੁਢਾ ਮਹਾਰਾਜ ਨੂੰ ਆ ਛੂਹਾ ਰਿਹਾ
ਮਹਾਰਾਜ ਨੇ ਪੁਛਿਆ ਓਸ ਤਾਈਂ ਇਹ ਕੀ ਹੈਂ ਤੂੰ ਬਣਾ ਰਿਹਾ
ਲੋਹਾ ਛੁਹਕੇ ਪਾਰਸ ਨੂੰ ਬਣੇ ਸੋਨਾ ਓਹ ਬੁੱਢਾ ਹੈ ਅਗੋਂ ਬਤਾ ਰਿਹਾ
ਮਹਾਰਾਜ ਸੁਣ ਖੁਸ਼ੀ ਕਮਾਲ ਹੋਏ ਇਹ ਠੀਕ ਹੈ ਬੁੱਢਾ ਅਲਾ ਰਿਹਾ
ਉਸ ਨੂੰ ਤਵੇ ਬਰਾਬਰ ਹੈ ਸੋਨਾ ਦਿੱਤਾ ਨਾਲ ਮੌਜ ਦੇ ਆਖਿਆ ਖਾ ਪਿਆ
ਏਸੇ ਤਰ੍ਹਾਂ ਮਹਾਰਾਜ ਦਾ ਬਿਸ਼ਨ ਸਿੰਘਾ ਸਾਰ ਜੱਗ ਹੀ ਜੱਸ ਹੈ ਗਾ ਰਿਹਾ

[ਤਥਾ]

ਏਸੇ ਤਰ੍ਹਾਂ ਇਕ ਬਾਮਣ ਮਹਾਰਾਜ ਅਗੇ ਸੌ ਰੁਪਏ ਦਾ ਆ ਸਵਾਲ ਕੀਤਾ
ਪੰਜ ਦੇਣ ਮਹਾਰਾਜ ਓਹ ਲਏ ਨਾਹੀਂ ਝਗੜਾ ਬੜਾ ਮਹਾਰਾਜ ਦੇ ਨਾਲ ਕੀਤਾ
ਚਹੁੰ ਗਾਗਰਾਂ ਵਿਚ ਰੁਪੇ ਪਾਕੇ ਮਹਾਰਾਜ ਤਮਾਸ਼ਾ ਕਮਾਲ ਕੀਤਾ
ਪੰਜ ਸੌ, ਇਕ ਸੌ, ਪੰਜਾਹ, ਪੰਜੇ, ਬੰਦ ਕਰ ਇਸ਼ਾਰਾ ਦਿਆਲ ਕੀਤਾ
ਚੁਕਲੈ ਤੂੰ ਜੇਹੜੀ ਉ ਖੁਸ਼ੀ ਤੇਰੀ ਬਾਹਮਣ ਪੰਜਾਂ ਦੇ ਵਲ ਖਿਆਲ ਕੀਤਾ
ਲੋਕੀ ਹੋਇ ਹੈਰਾਨ ਨੇ ਬਿਸ਼ਨ ਸਿੰਘਾ ਮਹਾਰਾਜ ਤਮਾਸ਼ਾ ਬਿਸਾਲ ਕੀਤਾ

[ਹੋਰ ਪ੍ਰਸੰਗ]

ਇੱਕ ਦਿਨ ਅਜੀਜ਼ ਤੋਂ ਲਾਟ ਸਾਹਿਬ ਗੱਲ ਪੁੱਛੀ ਮਖੌਲ ਮਹਾਨ ਕਰਕੇ
ਕੀ ਠੀਕ ਕਾਣੇ ਮਹਾਰਾਜ ਹੈਗੇ ਅਗੋਂ ਕਿਹਾ ਅਜੀਜ਼ ਬਿਆਨ ਕਰਕੇ
ਬਾਰਾਂ ਸੂਰਜ ਦਾ ਪ੍ਰਕਾਸ਼ ਓਥੇ ਉਤਾਂ ਵੇਖਿਆ ਨਹੀਂ ਧਿਆਨ ਕਰਕੇ
ਏਹੋ ਗਲ ਫਿਰ ਸਾਰੀ ਅਜੀਜ਼ ਹੋਰਾਂ ਜਦੋਂ ਦਸੀ ਮਹਾਰਾਜ ਨੂੰ ਆਨ ਕਰਕੇ
ਮਹਾਰਾਜ ਕਮਾਲ ਨੇ ਖੁਸ਼ੀ ਹੋਏ ਪਿੰਡ ਬਖਸ਼ਿਆ ਇਕ ਸਨਮਾਨ ਕਰਕੇ
ਏਸੇ ਲਈ ਮਹਾਰਾਜ ਨੂੰ ਬਿਸ਼ਨ ਸਿੰਘਾ ਲੋਕਾਂ ਜਾਣਿਆਂ ਸੀ ਭਗਵਾਨ ਕਰਕੇ

[ਮਹਾਰਾਜ ਦੇ ਵੱਡੇ ਪਰ ਉਪਕਾਰ]

ਆਪਣਾਂ ਸਾਰਾ ਪ੍ਰਵਾਰ ਗਵਾਜਾ ਭਾਵੇਂ ਹਜ਼ੂਰ ਸਾਹਿਬਗੁਰਦੁਆਰ ਬੁਣਵਾਯਾ ਇਹਨਾਂ
ਸੋਨਾ ਸੰਗ ਮਰ ਮਰ ਅਪਣੇ ਰਾਜ ਅੰਦਰ ਅਮ੍ਰਿਤਸਰ ਦਰਬਾਰਲਗਵਾਯਾ ਇਹਨਾਂ

ਮੁਸਲਮਾਨਾਂ ਨੂੰ ਸਿਖਾਂ ਦੇ ਵਾਂਗ ਜਾਤਾ ਕਿਤੇ ਨਹੀਂ ਮਸੀਤਾਂਨੂੰ ਢਾਹਿਆ ਇਹਨਾਂ *ਕਈਆਂ ਮੰਦਰਾਂ ਉਤੇ ਵੀ ਬਿਸ਼ਨਸਿੰਘਾ ਸੋਨਾ ਆਪਣੇ ਹੱਥੀਂ ਚੜ੍ਹਾਯਾ ਇਹਨਾਂ

---

*ਭਾਵੇਂ ਇਹ ਮਹਾਰਾਜ ਅਨਪੜ੍ਹ ਸੀ ਪ੍ਰੰਤੂ ਇਲਮ ਦੀ ਕਦਰ ਬਹੁਤ ਕਰਦਾ ਤੇ ਅਪਣੇ ਮਗਜ਼ ਤੋਂ ਅਜੇਹੀਆਂ ਸਿਆਣਫ ਦੀਆਂ ਗੱਲਾਂ ਕੱਢਦਾ ਜੋ ਜੋ ਬੜੇ ੨ ਪੜ੍ਹੇ ਹੋਏ ਅਕਲਮੰਦ ਸੁਣਕੇ ਹੱਕੇ ਬੱਕੇ ਰਹਿ ਜਾਂਦੇ। ਸਾਰੇ ਰਾਜ ਕਾਜ ਦੇ ਕਾਗਜ਼ ਆਪ ਸੁਣਕੇ ਲਿਖਾਉਂਦਾ ਮਜਾਲ ਨਹੀਂ ਸੀ ਕਿ ਕੋਈ ਮੁਨਸ਼ੀ ਵਧ ਘਟ ਅੱਖਰ ਲਿਖੇ,ਨਿਆਇਕਾਰੀ ਸਮਦਰਸੀ ਐਸਾ ਸੀ ਕਿ ਇਕ ਸਿੰਘ ਨੇ ਇਕ ਮੁਸਲਮਾਨ ਨੂੰ ਸੂਰ ਦਾ ਮਾਸ ਛੁਹਾ ਦਿਤਾ ਓਸ ਨੂੰ ਭਾਰੀ ਸਜ਼ਾ ਦਿਤੀ ਏਸੇ ਕਰਕੇ ਏਸ ਮਹਾਰਾਜ ਦੇ ਰਾਜ ਵਿਚ ਸਭ ਆਪਣੇ ਧਰਮ ਮਜ਼ੁਬ ਵਿਚ ਖੁਸ਼ੀ ਤੇ ਕਾਇਮ ਸਨ,ਸ਼ੀਂਹ ਬੱਕਰੀ ਇਕ ਘਾਟ ਪਾਣੀ ਪੀਂਦਾ ਸੀ।

ਪਹਿਲੇ ਜੋ ਢਾਈ ੨ ਪਾਉ ਖਿਚੜੀ ਥਾਂ ਪਰ ਥਾਂ ਸਿੰਘਾਂ ਦੀ ਸੀ ਤੇ ਆਪਸ ਵਿਚ ਲੜ ਲੜ ਮਰਦੇ ਸਨ ਫੇਰ ਗਿਲਜੇ ਆਉਂਦੇ ਤਾਂ ਸਰਦਾਰਾਂ ਤੇ ਪਰਜਾ ਨੂੰ ਤੜੀਆਂ ਤਾਉੜੀਆਂ ਲੈਕੇ ਨਠਣਾ ਪੈਂਦਾ ਨਿੱਤ ਭਾਜੜ ਪਈ ਰਹਿੰਦੀ ਓਨ੍ਹਾਂ ਦੁਖਾਂ ਤੋਂ ਪੰਜਾਬ ਨੂੰ ਬਚਾਉਣ ਲਈ ਮਹਾਰਾਜੇ ਨੇ ਅਨੇਕ ਮਿਸਲਦਾਰਾਂ ਨੂੰ ਭੰਨ ਤੋੜਕੇ ਇਕ ਬਾਦਸ਼ਾਹੀ ਖਾਲਸੇ ਦੀ ਕਾਇਮ ਕੀਤੀ ਜਿਸਤੋਂ ਮੁਲਕ ਦਾ ਬਚਾਉ ਤੇ ਪੰਥ ਖਾਲਸੇ ਦੀ ਉੱਨਤੀ ਬਹੁਤ ਹੋਈ ਕਿਉਂ ਕਿ ਏਸ ਮਹਾਰਾਜੇ ਨੂੰ ਜਰਾ ਬੀ ਅਭਿਮਾਨ ਨਹੀਂ ਸੀ ਸਭ ਕੁਛ ਅਕਾਲ ਪੁਰਖ ਦਾ ਮੰਨਦਾ ਸੀ। ਇਹ ਮਹਾਰਾਜ ਬੜੇ ਤੜਕੇ ਜਾਗਦੇ ਪਹਿਲੇ ਦਾਤਨ ਕਰਦੇ ਨੂੰ ਮੁਖਬਰੀ ਦੇ ਮੁਕੱਦਮੇ ਦਾ ਮੁਨਸ਼ੀ ਰਪੋਟ ਸੁਣਾਉਂਦਾ, ਫੇਰ ਪੱਗ ਬੰਨ੍ਹਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਸੁਣਦੇ, ਓਸ ਗ੍ਰੰਥੀ ਨੂੰ ਦੋ ਅਰਜ਼ਾਂ ਮਾਫ ਸਨ,ਓਦੂੰ ਪਿਛੋਂ ਰਤਨ ਚੰਦ ਫੌਜ ਦੀ ਰਪੋਟ ਦਸਦਾ, ਫੇਰ ਹਰ ਇਕ ਕਿਸਮ ਦੇ ਬਕਾਏ ਦੀ ਫਰਦ ਸੁਣਕੇ ਸੂਰਜ ਚੜ੍ਹਨ ਤੋਂ ਪਹਿਲੇ ਸ਼ਿਕਾਰ ਯਾ ਸੈਲ ਨੂੰ ਜਾਂਦੇ, ਦੋ ਘੰਟੇ ਫਿਰਕੇ ਦਰਬਾਰ ਵਿਚ ਆ ਬੈਠਦੇ, ਪਹਿਲੇ ਬਾਹਰ ਤੋਂ ਮਿਲਣ ਲਈ ਆਏ ਹੋਏ ਲੋਕ ਵਾਰੋ ਵਾਰੀ ਮਿਲਦੇ ਯਥਾ ਜੋਗ ਓਨ੍ਹਾਂ ਦੀ ਨਿਸ਼ਾ ਕਰਕੇ ਫੇਰ ਮੁਖਬਰ ਦੇ ਕਥਨ ਦੀ ਪੂਰੀ ਪਾਉਂਦੇ ਅਨੇਕ ਕਾਰਦਾਰਾਂ ਦੀ ਛੋਤ ਝਾੜਦੇ ਤੇ ਗੁਪਤ ਗੁਨਾਹ ਓਨ੍ਹਾਂ ਦੇ ਓਨ੍ਹਾਂ ਨੂੰ ਮਨਾਕੇ ਜਿਉਂ ਜਿਉਂ ਚੱਟੀ ਮਹਾਰਾਜ ਬੋਲੀ ਜਾਂਦੇ ਤ੍ਰਿਉਂ ਤਿਉਂ ਰਤਨਾਂ ਪਜ੍ਹੀ ਰਤਨਾ ਨਿਹੰਗ ਆਦਿਕ (ਭਈਏ) ਅੜਦਲੀ ਝਟਾ ਝਟ ਚੌਰੀ ਉਗਰਾਹੀ ਜਾਂਦੇ, ਫੇਰ ਬਾਕੀ ਵਾਲਿਆਂ ਵੱਲ ਸੂੰਹ ਫੇਰਦੇ ਕਿਉਂਕਿ ਮੁਲਕੀਂ ਮਾਮਲੇ ਤੋਂ ਬਿਨਾਂ ਮਹਾਰਾਜ ਦੇ ਲੰਗਰ ਦਾ ਤੇ ਸਰਦਾਈ ਦਾ ਖਰਚ ਜਿਸਨੂੰ ਅਫਰੋਈ ਬੋਲਦੇ ਸਨ ਜੱਥਾ ਜੋਗ ਸਾਲ ਪਿਛੋਂ ਸਭਨਾਂ ਸਰਦਾਰਾਂਤੇ ਰਾਜਿਆਂਤੋਂਲੀਤਾ ਜਾਂਦਾ,ਫੇਰ ਮੁਕੱਦਮੇ ਅਪੀਲਾਂ ਪੇਸ਼-

[ਕਵੀ]

ਮਹਾਰਾਜ ਰਣਜੀਤ ਸਿੰਘ ਸਿਖਾਂ ਅੰਦਰ ਬੜਾ ਭਾਰਾ ਹੈ ਬਲੀ ਕਹਾ ਗਿਆ
ਅਪਣੀਆਂ ਬਾਹਾਂ ਦੇ ਜ਼ੋਰ ਦੇ ਨਾਲ ਸਾਰੇ ਚੰਗਾ ਧਰਮ ਦਾ ਡੰਕਾ ਬਜਾ ਗਿਆ

—ਹੋਕੇ ਚੱਟੀਆਂ ਲਾਈ ਜਾਂਦੇ। ਏਸੇਤਰਾਂ ਯਾਰਾਂ ਵਜਦੇਨੂੰ ਰੋਜ ਦੋ ਢਾਈ ਲਖ ਰੁਪਯਾ ਲੈ ਉਠਦੇ ਬਿਨਾਂ ਲਿਖੇ ਪੜ੍ਹੇਆਪਣੀ ਸਾਰੀ ਬਾਦਸ਼ਾਹੀ ਦੇ ਸਰਦਾਰਾਂ ਤੇ ਕਾਰਦਾਰਾਂ ਫੌਜੀ ਅਫਸਰਾਂ ਤੇ ਪੈਂਚਾਂ ਦੇ ਨਾਮ ਸਭ ਮਹਾਰਾਜ ਨੂੰ ਯਾਦ ਸਨ, ਮਹਾਰਾਜ ਦੀ ਏਸ ਯਾਦਗੀਰੀ ਤੋਂ ਸਭ ਲੋਕ ਕੁਰਬਾਨ ਤੇ ਅਸਚਰਜ ਹੁੰਦੇ ਸਨ, ਕਾਰਦਾਰ ਜਿਉਂ ੨ ਜ਼ੁਲਮ ਜ਼ੋਰ ਤੇ ਵੱਢੀਆਂ ਲੈ ਲੈ ਦੌਲਤ ਕੱਠੀ ਕਰਦੇ ਤਿਉਂ ੨ ਮਹਾਰਾਜ ਓਨ੍ਹਾਂ ਨੂੰ ਚੱਟੀ ਦੇ ਮੂੰਹੋਂ ਨਿਚੋੜਕੇ ਫੇਰ ਚਿਤਾ ਦੇਂਦੇ। ਤੀਜੇ ਪੈਹਿਰ ਸਭਨਾਂ ਕਾਰਖਾਨਿਆਂ ਵਿਚ ਫਿਰ ਨਿਕਲਦੇ, ਫੌਜ ਦੀ ਦਰੇਸੀ ਸਫਾਈ ਦੇਖਣ ਦਾ ਬਹੁਤ ਧਿਆਨ ਰਖਦੇ, ਅਪਣਾ ਭੇਤ ਕਿਸੇ ਨੂੰ ਕਦੇ ਨਹੀਂ ਦਿਤਾ ਸੀ ਤੇ ਨਾ ਕਿਸੇ ਦੇ ਵਸ ਵਿਚ ਚਲਦੇ,ਚੜ੍ਹਾਈ ਦੀ ਤਿਆਰੀ ਕਿੰਧਰੇ ਹੁੰਦੀ ਚੜ੍ਹ ਕਿਧਰੇ ਜਾਂਦੇ, ਜਿਸ ਪਾਸ ਬਹੁਤ ਦੌਲਤ ਕੱਠੀ ਹੋਈ ਦੇਖਦੇ ਕਿਸੇਨਾ ਕਿਸੇਬਹਾਨੇ ਓਸਤੋਂ ਕਢਾ ਲੈਂਦੇ।ਜ਼ਿੱਕਰ ਇਕ ਵਾਰੀ ਸਰਦਾਰ ਹਰੀ ਸਿੰਘ ਨਾਲ ਪਾਸਾ ਖੇਲਕੇ ਅਪਣਾ ਆਪ ਹਾਰ ਕਰ ਹਥ ਪੈਰ ਬਨਾ ਬੈਠੇ, ਮੋਰਾਂ ਕੰਜਰੀ ਨੂੰ ਬੁਲਾਕੇ ਵਡੇ ਪ੍ਰੇਮ ਨਾਲ ਆਖਿਆ ਤੂੰ ਜੋ ਮੈਨੂੰ ਅਪਨੇ ਪ੍ਰਾਣਾਂ ਜੈਸਾ ਪਿਆਰਾ ਆਖਿਆ ਕਰਦੀ ਹੈਂ ਤਾਂ ਸਤ ਲੱਖ ਰੁਪੱਯਾ ਦੇਕੇ ਸਰਦਾਰ ਬਹਾਦਰ ਦੇ ਬੰਧਨ ਤੋਂ ਮੈਨੂੰ ਛੁਡਾ ਲੈ ਸੋ ਮੋਰਾਂ ਨੂੰ ਦੇਣਾ ਹੀ ਪਿਆ। ਏਸੇ ਤਰ੍ਹਾਂ ਰਾਣੀਆਂ ਤੋਂ ਵੀ ਰੁਪੱਯਾ ਕਢਾ ਲੈਂਦੇ ਸਨ। ਰਾਮਾਨੰਦ ਸ਼ਾਹੂਕਾਰ ਨੇ ਸ ਕਾਰ ਦੇ ਘਰੋਂ ਰੁਪੱਯਾ ਖਟਿਆ ਜਾਂ ਓਹ ਬੇ ਉਲਾਦ ਮਰਣ ਲੱਗਾ ਆਪ ਓਸਦੇ ਸਿਰ ਹੇਠ ਗੋਡਾ ਜਾ ਦਿਤਾ ਬਾਬਾ ਬਾਬਾ ਕਹਿੰਕੇ ਕਹਿਕੇ ਰੋਣ ਲਗ ਪਏ, ਪੁਤ੍ਰ ਬਣ ਬੈਠੇ। ਏਸ ਮਹਾਰਾਜੇ ਦੀ ਐਸੀ ਕੁਛ ਅਲੌਕਕ ਲੀਲ੍ਹਾ ਸੀ ਜੋ ਕਿਸੇ ਬਾਦਸ਼ਾਹ ਦੀ ਕਦੇ ਨਹੀਂ ਹੋਈ। ਮਹਾਰਾਜੇ ਰਣਜੀਤ ਸਿੰਘ ਦੀਆਂ ੩੨ ਰਾਣੀਆਂ ਸਨ। (੧) ਰਾਣੀ ਮਤਾਬ ਕੌਰ ਜੈ ਸਿੰਘ ਘਨੱਯੇ ਦੀ ਪੋਤ੍ਰੀ ਜੋ ਸੰ: ੧੮੫੨ ਵਿਚ ਵਿਆਹੀ ਤੇ ਸੰ: ੧੮੭੨ ਬਿ: ਵਿਚ ਮਰੀ। (੨) ਰਾਣੀ ਦਾਤਾਰ ਕੌਰ ਨਕੈਣ ਰਣ ਸਿੰਘ ਨਕਈ ਦੀ ਧੀ ਜੋ ਸੰ: ੧੮੯੪ ਬਿ: ਵਿਚ ਸੁਰਗਬਾਸ ਹੋਈ। (੩) ਰੂਪਕੌਰ ਜੈ ਸਿੰਘ ਕੋਟ ਸੈਦ ਮਹਿਮੂਦ ਵਾਲੇ ਦੀ ਪੁਤ੍ਰੀ ਜੋ ਸੰ: ੧੯੩੫ ਬਿ: ਵਿਚ ਗੁਜਰੀ। (੪) ਰਾਣੀ ਰਜਬੰਸੋ ਰਾਜੇ ਸੰਸਾਰ ਚੰਦ ਦੀ ਬੇਟੀ ਜੋ ਸੰ: ੧੮੯੧ ਬਿ: ਵਿਚ ਕਾਲ ਕਰ ਗਈ।(੫)ਓਸੇਦੀ ਸੱਕੀ ਭੈਣ ਮਤਾਬਕੌਰ ਮਹਾਰਾਜ ਨਾਲ ਸਤੀ ਹੋਈ।(੬)ਲਛਮੀ ਦੇਸਾ ਸਿੰਘ ਵਡ ਪੱਗੀਏ ਦੀ ਬੇਟੀ ਜੋ ਸੰ: ੧੯੨੪ ਬਿ: ਨੂੰ ਹਰਦੁਆਰ ਜਾ ਮਰੀ। (੭)ਰਾਮਦੇਵੀ ਕੌਰ ਸਿੰਘ ਦੀ ਧੀ। (੮) ਹਰਦੇਈ ਸਰਦਾਰ ਕਰਮ ਸਿੰਘ ਛੀਨੇ ਦੇ ਬੇਟੀ।(੯)ਰਾਣੀ ਗੁਲ ਬਹਾਰ ਜੋ ੨੧ ਹਜ਼ਾਰ ਤਿੰਨ ਸੌ ਅੱਸੀ ਰੁਪੱਯੇ—

ਅਪਣੇ ਪੂਰਬਲੇ ਪੁੰਨਾਂ ਦੇ ਜ਼ੋਰ ਕਰਕੇ ਅਪਣਾਂ ਬੀਜਿਆ ਵਢਿਆ ਖਾ ਗਿਆ
ਸੋਹਣੀ ਅਦਲ ਦੀ ਤੱਕੜੀ ਹਥ ਫੜਕੇ ਸੋਹਣਾ ਧਰਮ ਦਾ ਰਾਜ ਕਮਾ ਗਿਆ
ਸਤਲੁਜ ਤੋਂ ਲੈ ਪਸ਼ੌਰ ਤੋੜੀ ਅਪਣੇ ਤੇਜ ਦਾ ਝੰਡਾ ਝੁਲਾ ਗਿਆ
ਜੰਮੂੰ ਕਾਂਗੜਾ ਤੇ ਕਸ਼ਮੀਰ ਭਾਰਾ ਸਾਰਾ ਕਾਬਲ ਕੰਧਾਰ ਨਿਵਾ ਗਿਆ

–ਸਾਲਾਨਾ ਪਿਨਸ਼ਨ ਲੈਂਦੀ ਹੋਈ ੧੯੧੨ ਬਿ: ਵਿਚ ਗੁਜਰੀ। (੧੦) ਰਾਣੀ ਜਿੰਦ ਕੌਰ ਚਾਚਰ ਪਿੰਡ ਵਾਲੇ ਮੰਨਾ ਸਿੰਘ ਔਲਖ ਜੱਟ ਦੀ ਬੇਟੀ ਇਹ ਦਸੇ ਸੇਹਰੇ ਬੰਨ੍ਹਕੇ ਵਿਆਹੀਆਂ ਸਨ । ਬਾਕੀ ਏਹ ਸਿੰਘ ਧਰਮ ਦੇ ਅਨੁਸਾਰ ਕਰੀਆਂ ਸਨ । (੧) ਰਾਣੀ ਦੇਵੀ ਵਜ਼ੀਰ ਚੰਬੇ ਦੀ ਬੇਟੀ। (੨) ਰਤਨ ਕੌਰ । (੩) ਦਯਾ ਕੌਰ ਇਹ ਦੋਵੇਂ ਸਾਹਿਬ ਸਿੰਘ ਗੁਜਰਾਤ ਵਾਲੇ ਦੀਆਂ ਸਿਰਦਾਰਨੀਆਂ ਸਨ। ਸੰ: ੧੮੬੯ ਬਿ: ਨੂੰ ਓਸਦੇ ਬੇ ਉਲਾਦ ਮਰੇਪਿਛੋਂ ਓਸਦੀ ਜਗੀਰ ਸਮੇਤ ਏਨਾਂ ਨੂੰ ਮਹਾਰਾਜੇ ਨੇ ਆਪ ਸਾਂਭ ਲੀਤਾ ਤੇ ਇਕ ਲਖ ਦੀ ਜਗੀਰ ਵੀ ਇਨ੍ਹਾਂ ਪਾਸ ਰਹੀ। ਦਯਾ ਕੌਰ ਤਾਂ ਸੰ: ੧੯੦੦ ਵਿਚ ਗੁਜਰ ਗਈ ਰਤਨ ਕੌਰ ੮੦੦) ਰੁਪੱਯਾ ਪਿਨਸ਼ਨ ਛਕਕੇ ੧੯੨੩ ਬਿ:ਵਿਚ ਗੁਜਰੀ। (੪) ਜੈ ਸਿੰਘ ਚੈਨ ਪੁਰੀਏ ਦੀ ਬੇਟੀ ਚੰਦ ਕੌਰ ਸੰ: ੧੯੯੭ ਬਿ: ਵਿਚ ਮਰੀ। (੫) ਮਤਾਬ ਕੌਰ ਮੱਲੇ ਵਾਲੀ ੧੯੦੦) ਪਿਨਸ਼ਨ ਲੈਕੇ ੧੯੩੫ ਬਿ: ਵਿਚ ਮਰੀ। (੬) ਸੁਜਾਨ ਕੌਰ ਸੂਬਾ ਸਿੰਘ ਮਲਵਈ ਦੀ ਬੇਟੀ ੧੪੪੦ ਪਿਨਸ਼ਨ ਪਾਕੇ ਸੰ: ੧੯੨੭ ਨੂੰ ਮਰੀ। (੭) ਗੁਲਾਬਕੌਰ ਜਗਦਿਆਂ ਵਾਲੀ ਸੰ: ੧੯੯੬ ਬਿ:ਨੂੰ ਗੁਜਰੀ।(੮)ਰਾਣੀਭਰੀ ਸੁਘੜ ਚੰਦ ਮੰਡੀਵਾਲੇਦੀ ਬੇਟੀ ੧੦੦੯੫।॥ ≡) ਪਿਨਸ਼ਨ ਪਾਕੇ ੧੯੩੨ ਵਿਚ ਕਾਲ ਵਸ ਹੋਈ, ਏਸ ਪਾਸ ੬ ਹਜਾਰ ਦੀ ਜਗੀਰ ਵੀ ਸੀ। (੮) ਮੇਦਨੋ ਬਜਰੂੜਵਾਲੀ ੭੨੦੦) ਪਿਨਸ਼ਨ ਲੈਕੇ ੧੯੪੧ ਵਿਚ ਮਰੀ। (੧੦) ਦਖਨੋਂ ਗੁਗੜੀ ਵਾਲੀ । (੧੧) ਦੌਲੀ ਚੰਬੇ ਵਾਲੀ ੧੮੦੦) ਪਿਨਸ਼ਨ ਲੈਂਦੀ ਹੋਈ ੧੯੩੯ ਬਿ: ਨੂੰ ਮਰੀ। (੧੨) ਮਤਾਬ ਕੌਰ ਗਾਦੜੀ ਵਾਲੀ। (੧੩) ਰਵੇਲੀ। (੧੪) ਦ੍ਰੋਪਤੀ। (੧੫) ਆਸ ਕੌਰ। (੧੬) ਸਮਾਂ ਕੌਰ ਦੁਆਬੇ ਵਾਲੇ ਦੀਵਾਨ ਦੀ ਬੇਟੀ। (੧੭) ਦੇਵਕੀ ਅੰਤੋ ਪਿੰਡ ਵਾਲੀ ੨੫੨੦) ਪਿਨਸ਼ਨ ਲੈਕੇ ਮਰੀ । ਇਹਨਾਂ ਤੋਂ ਬਿਨ੍ਹਾਂ ਹੋਰ ਵੀ (੧) ਜੇਬੋ ਕਸ਼ਮੀਰਨ। (੨) ਚੰਨੀ ਪਠਾਣੀ। (੩) ਜਿੰਦ ਬਡੀ ਮਨਕੇਰੇ ਵਾਲੀ। (੪) ਜਿੰਦਕ ਛੋਟੀ ਮੁਲਤਾਨਣ ਇਹ ਪੰਜ ਸਿਨ ਅਤੇ ਸੱਤ ਮਹਾਰਾਜ ਦੇ ਪੁਤ੍ਰ ਸਨ। ੧ ਖੜਗ ਸਿੰਘ। (੨) ਸ਼ੇਰ ਸਿੰਘ। (੩) ਤਾਰਾ ਸਿੰਘ। (੪) ਮੁਲਤ੍ਰਾਨਾ ਸਿੰਘ (੫) ਪਸ਼ੌਰਾ ਸਿੰਘ। (੬) ਕਸ਼ਮੀਰਾ ਸਿੰਘ। (੭) ਦਲੀਪ ਸਿੰਘ। ਪੋਤਰੇ–ਕੌਰ ਨੌ ਨਿਹਾਲ ਸਿੰਘ, ਪ੍ਰਤਾਪ ਸਿੰਘ, ਦੇਵਾ ਸਿੰਘ, ਸ਼ਹਿਦੇਵਾ ਸਿੰਘ, ਜਗਜੋਤ ਸਿੰਘ, ਅਮਰ ਸਿੰਘ, ਫਤੇ ਸਿੰਘ।

ਏਧਰ ਸ਼ੈਹਰ ਕਸੂਰ ਮੁਲਤਾਨ ਭਾਰਾ ਅਤੇ ਪੁਰ ਬਹਾਵਲ ਝੁਕਾ ਗਿਆ
ਸਾਰੇ ਚੀਨ ਮਚੀਨ ਸਮੁੰਦਰ ਤੀਕਨ ਧਾਕਾਂ ਆਪਣੇ ਤੇਜ ਦੀਆਂ ਪਾ ਗਿਆ
ਕਾਬਲ ਵਾਲਿਆਂ ਬੱਦਲਾਂ ਜ਼ਾਲਮਾਂ ਨੂੰ ਵਾਂਗ ਪੌਣ ਦੇ ਹੋ ਉਡਾ ਗਿਆ
ਮੁਗਲਾਂ ਅਤੇ ਪਠਾਣਾ ਦੁਰਾਨੀਆਂ ਦਾ ਬੀਜ ਦੇਸ ਦੇ ਉਤੋਂ ਉਠਾ ਗਿਆ
ਬਾਰਾਂ ਮਿਸਲਾਂ ਦਾ ਜ਼ੋਰ ਵੀ ਤੋੜ ਕਰਕੇ ਇਕ ਖਾਲਸਾ ਰਾਜ ਬਣਾ ਗਿਆ
ਬਾਦਸ਼ਾਹੀ ਇਕ ਸਿਖਾਂ ਦੀ ਕੈਮ ਕਰਕੇ ਸਾਰੇ ਸਿਖ ਰਲਾ ਮਿਲਾ ਗਿਆ
ਜੇਹੜੇ ਸਿਖ ਸੀ ਥਾਂ ਪਰ ਥਾਂ ਲੜਦੇ ਝਗੜੇ ਸਿਖਾਂ ਦੇ ਸਭ ਮੁਕਾ ਗਿਆ
ਇਕ ਮੁੱਠ ਹੋ ਤੁਸਾਂ ਨੇ ਰਾਜ ਕਰਨਾਂ ਪਿਛਲੇ ਸਿਖਾਂ ਨੂੰ ਇਹ ਅਲਾ ਗਿਆ
ਮੇਰੇ ਪਿਛੋਂ ਨਾਂ ਤੁਸਾਂ ਵਿਰੋਧ ਪਉਣਾ ਇਹ ਡੋਗਰਿਆਂ ਤਾਈਂ ਬਤਾ ਗਿਆ
ਤਗੜੇ ਹੋਕੇ ਰਾਜ ਸੰਭਾਲਣਾਂ ਜੇ ਅਪਣੇ ਪੁਤਰਾਂ ਤਾਈਂ ਸੁਣਾ ਗਿਆ
ਅਜੇ ਤਾਕ ਹੈ ਲੋਕ ਡਕਾਰ ਮਾਰਨ ਥਾਂ ਥਾਂ ਜਗੀਰਾਂ ਲਗਾ ਗਿਆ
ਗ੍ਰੀਬ ਗੁਰਬੇ ਤੇ ਵਾਸਤੇ ਸਾਧੂਆਂ ਦੇ ਜਗਾ ਜਗਾ ਤੇ ਲੰਗਰ ਹੈ ਲਾ ਗਿਆ
ਰਾਜਨੀਤ ਅਨੁਸਾਰ ਇਨਸਾਫ ਕਰਕੇ ਸਾਰੇ ਦੇਸਨੂੰ ਸੁਖੀ ਵਸਾ ਗਿਆ
ਮਾਰ ਕਰਕੇ ਚੋਰਾਂ ਤੇ ਡਾਕੂਆਂ ਨੂੰ ਸਾਰੇ ਦੰਗੇ ਫਸਾਦ ਹਟਾ ਗਿਆ
ਜ਼ਾਲਮ ਜ਼ੁਲਮੀਆਂ ਸਾਹਨਾਂ ਤੇ ਝੋਟਿਆਂ ਦਾ ਸਾਰਾ ਮਾਰਕੇ ਜੋਰ ਘਟਾ ਗਿਆ
ਰਾਜ ਕਰਕੇ ਚੰਗਾ ਲਾਹੌਰ ਅੰਦਰ ਮੌਜਾਂ ਸਿਖਾਂ ਨੂੰ ਬਹੁਤ ਵਿਖਾ ਗਿਆ
ਵਡੇ ਸਿਖ ਵੀ ਰਾਜੇ ਨੇ ਬਣ ਚੁਕੇ ਹਰ ਇਕ ਦੇ ਮੂੰਹੋਂ ਬੁਲਾ ਗਿਆ
ਠੀਕ ਸ਼ੇਰਿ ਪੰਜਾਬ ਹੋ ਗਿੱਦੜਾਂ ਨੂੰ ਅਪਣੀ ਮਾਰਕੇ ਮਾਰ ਛਕਾ ਗਿਆ
ਅਪਣੇ ਪੁਤਾਂ ਤੇ ਸਿਖਾਂ ਤੇ ਬਾਮਣਾਂ ਨੂੰ ਅਪਣੀ ਕਰ ਕਮਾਈ ਖੁਆ ਗਿਆ
ਐਸੇ ਸਿਖ ਬਹਾਦਰ ਵੀ ਹੋਂਵਦੇ ਨੇ ਚੰਗਾ ਸਿਖਾਂ ਦਾ ਤੇਜ ਦਿਖਾ. ਗਿਆ
ਐਸਾ ਆਪ ਮਹਾਰਾਜ ਪਵਿੱਤ੍ਰ ਹੋਯਾ ਅਪਣਾ ਨਾਮ ਵੀ ਨਹੀਂ ਜਤਾ ਗਿਆ
ਰਾਮਬਾਗ, ਗੋਬਿੰਦ ਗੜ੍ਹ ਦੇਖੀਏ ਜੀ ਕਈ ਕਿਲੇ ਦਰਵਾਜ਼ੇ ਬਣਵਾ ਗਿਆ
ਨਾਮ ਰਾਮ ਦਾ ਰੱਬਦਾ ਰਖਿਆ ਹੈ ਨਹੀਂ ਆਪਣਾ ਆਪ ਜਨਾ ਗਿਆ
ਫੇਰ ਦੇਖੋ ਰੁਪਯਾਂ ਤੇ ਪੈਸਿਆਂ ਤੇ ਨਾਨਕ ਸ਼ਾਹੀ ਹੈ ਸਿੱਕਾ ਚਲਾ ਗਿਆ
ਓੜਕ ਏਸ ਜਹਾਨ ਤੋਂ ਕੂਚ ਕਰਕੇ ਸੱਚਖੰਡ ਗੁਰ ਪੁਰੀ ਨੂੰ ਧਾ ਗਿਆ
ਅਗੇ ਦੇਖਲੈ ਪੜ੍ਹ ਲੈ ਬਿਸ਼ਨ ਸਿੰਘਾ ਪਹਿਰਾ ਬੁਰਛਿਆਂ ਦਾ ਹੁਨ ਆ ਗਿਆ

[ਕਵੀ ਨੇ ਸਤਿਗੁਰੂ ਜੀ ਦਾ ਧੰਨਵਾਦ ਕਰਨਾ]

ਮੇਰੇ ਗੁਰਾਂ ਨੇ ਕਿਰਪਾ ਮਹਾਨ ਕੀਤੀ ਦਿਤਾ ਇਹ ਗ੍ਰੰਥ ਬਣਾ ਆਪੇ
ਮੇਰੇ ਵਿਚ ਨ ਐਡੀ ਸੀ ਸ਼ਕਤਿ ਕੋਈ ਕਾਰਜ ਦਿੱਤਾ ਹੈ ਇਹ ਨਭਾ ਆਪੇ
ਬੜੇ ਭਾਰੇ ਇਸ ਵਡੇ ਸਮੁੰਦ੍ਰ ਵਿਚੋਂ ਦਿੱਤਾ ਮੈਨੂੰ ਹੈ ਪਾਰ ਲੰਘਾ ਆਪੇ
ਸਾਰਾ ਕੰਮ ਇਹ ਆਦ ਤੋਂ ਬਿਸ਼ਨ ਸਿੰਘਾ ਦਿੱਤਾ ਅੰਤ ਦੇ ਤਾਂਈ ਪੁਚਾ ਆਪੇ

{ਭਾਈ ਮਰਦਾਨੇ ਨੇ ਰਾਇ ਬੁਲਾਰ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਉਣ ਦੀ ਖਬਰ ਕਰਨੀ}

ਰਾਇ ਬੁਲਾਰ ਨੂੰ ਕਿਹਾ ਮਰਦਾਨੇ ਆਕੇ ਗੁਰੂ ਬੈਠੇ ਨੇ ਪਿੰਡ ਤੋਂ ਬਾਹਰ ਆਏ
ਸਾਰੇ ਪਾਪੀਆਂ ਅਤੇ ਅਪਰਾਧੀਆਂ ਨੂੰ ਭਵ ਸਿੰਧ ਤੋਂ ਪਾਰ ਉਤਾਰ ਆਏ
ਕ੍ਰਿਪਾ ਦ੍ਰਿਸ਼ਟੀ ਕਰ ਵੱਡਿਆਂ ਪੱਥਰਾਂ ਤੇ ਨਾਲ ਹੱਥ ਦੇ ਪਾਣੀ ਤੇ ਤਾਰ ਆਏ
ਗੋਤੇ ਖਾਂਦੇ ਸਮੁੰਦਰ ਦੇ ਵਿਚ ਜਾਂਦੇ ਸੱਜਣ ਠੱਗ ਵਰਗੇ ਕਰ ਪਾਰ ਆਏ
ਹੱਟੀ ਛੱਡ ਜਿਉਂ ਗਏ ਸੁਲਤਾਨ ਪੁਰ ਤੋਂ ਕਈ ਬਰਸ ਨੇ ਬਾਹਰ ਗੁਜਾਰ ਆਏ
ਜਿਸ ਲਈ ਅਕਾਲ ਨੇ ਘੱਲਿਆ ਸੀ ਸਤਨਾਮ ਦਾ ਕਰ ਪਰਚਾਰ ਆਏ
ਬਿਨਾਂ ਭਜਨ ਤੋਂ ਨਹੀਂ ਛੁਟਕਾਰਾ ਹੋਣਾ ਬਾਰ ਬਾਰ ਇਹ ਕਰ ਪੁਕਾਰ ਆਏ
ਚਾਰੇ ਕੂੰਟਾਂ ਨੂੰ ਤਾਰਕੇ ਬੜੀ ਦੂਰੋਂ ਸੱਚ ਖੰਡ ਤੋਂ ਹੋ ਤਿਆਰ ਆਏ
ਤੇਰੇ ਨਾਲ ਜੋ ਸਤਿਗੁਰਾਂ ਬਚਨ ਕੀਤਾ ਪੂਰਾ ਆਪਣਾ ਕਰਨ ਇਕਰਾਰ ਆਏ
ਐਨੇ ਤਾਰੇ ਵੀ ਗਿਣਤੀ ਦੇ ਨਹੀਂ ਹੈਗੇ ਜਿੰਨੇ ਕਰ ਗੁਰੂਨਾਨਕ ਉਪਕਾਰ ਆਏ
ਵੰਡ ਖਾਵਣਾ ਤੇ ਸਦਾ ਭਲਾ ਕਰਨਾ ਦੱਸ ਬੰਦਿਆਂ ਨੂੰ ਇਹ ਕਾਰ ਆਏ
ਛੇਤੀ ਉੱਠਕੇ ਚਲ ਦੀਦਾਰ ਕਰਲੈ ਲਾਯਾ ਪਿੰਡ ਤੋਂ ਬਾਹਰ ਦਰਬਾਰ ਆਏ
ਏਧਰ ਔਣ ਦੀ ਕੋਈ ਨ ਲੋੜ ਹੈਸੀ ਕੇਵਲ ਤੇਰਾ ਹੀ ਦੇਖ ਪਿਆਰ ਆਏ
ਮਿਲੀ ਬਖਸ਼ ਅਕਾਲ ਦੇ ਘਰੋਂ ਜੇਹੜੀ ਸਤ ਨਾਮ ਦਾ ਬੀਜ ਖਿਲਾਰ ਆਏ
ਚੰਦ੍ਰਮਾਂ ਸਮਾਨ ਗੁਰਨਾਨਕ ਹੋਕੇ ਕਰ ਦੁਨੀਆਂ ਦਾ ਦੂਰ ਗੁਬਾਰ ਆਏ
ਸਾਰੇ ਮੁਲਕ ਨੂੰ ਬਿਜੈ ਕਰ ਜਿੱਤਿਆ ਹੈ ਹਥ ਸ਼ਾਂਤੀ ਦੀ ਫੜ ਤਲਵਾਰ ਆਏ
ਕਾਮ ਕ੍ਰੋਧ ਹੰਕਾਰ ਵਿਕਾਰ ਸਾਰੇ ਕਰਕੇ ਇਨ੍ਹਾਂ ਦਾ ਹੈਣ ਸ਼ਿਕਾਰ ਆਏ
ਕਈਆਂ ਬੋਲ ਕਬੋਲ ਕਠੋਰ ਆਖੇ ਗੁਰੂ ਨਾਨਕ ਜੀ ਓਹ ਵੀ ਸਹਾਰ ਆਏ
ਹਸੂ ਹਸੂ ਕਰ ਮੁਖੜਾ ਰਖਿਆ ਹੈ ਦਿਲੋਂ ਗੁੱਸੇ ਚੰਡਾਲ ਨੂੰ ਮਾਰ ਆਏ
ਬੈਠੇ ਨਾਮ ਨ ਆਪ ਵਿਸਾਰ ਕਰਕੇ ਹਰ ਇਕ-ਨੂੰ ਹੈਣ ਉਚਾਰ ਆਏ
ਗੁਰੂ ਨਾਨਕ ਨ ਮੈਨੂੰ ਦਿਦਾਰ ਦੇਸਣ ਤੂੰ ਕਰਦਾ ਸੈਂ ਕੀ ਵਿਚਾਰ ਆਏ
ਕੇਵਲ ਤੇਰੇ ਪ੍ਰੇਮ ਦੇ ਬਧੇ ਹੋਏ ਕਰਨ ਕਾਰਨ ਗੁਰ ਨਾਨਕ ਨਿਰੰਕਾਰ ਆਏ
ਵੇਖ ਉਠਕੇ ਗਾਫਲਾ ਬਿਸ਼ਨ ਸਿੰਘਾ ਗੁਰੂ ਨਾਨਕ ਜੀ ਦੇਣ ਦੀਦਾਰ ਆਏ

[ਜਵਾਬ ਰਾਇ ਬੁਲਾਰ ਜੀ]

ਜਿਸਨੂੰ ਲੱਭਦੇ ਫਿਰਨ ਅਨੇਕ ਲੋਕੀ ਮੈਨੂੰ ਬੈਠਿਆਂ ਪਿਆ ਹੈ ਮਿਲ ਅੰਦ੍ਰ
ਮੇਰੇ ਨਾਲੋਂ ਓਹ ਕਦੀ ਵੀ ਵਿਛੜਦਾ ਨਾ ਅਠੇ ਪੈਹਰ ਓਹ ਰਿਹਾ ਹੈ ਮਿਲ ਅੰਦ੍ਰ
ਤੇਰੇ ਆਉਣ ਤੋਂ ਭਾਈ ਮਰਦਾਨਿਆਂ ਜੀ ਮੈਨੂੰ ਪਹਿਲੇ ਹੀ ਗਿਆ ਹੈ ਮਿਲ ਅੰਦ੍ਰ
ਓਹ ਹੋਰ ਕੋਈ ਹੋਵੇ ਗਾ ਬਿਸ਼ਨ ਸਿੰਘਾ ਮੇਰਾ ਗੁਰੂ ਨਾਨਕ ਮੇਰੇ ਦਿਲ ਅੰਦ੍ਰ

[ਤੁਥਾ]

ਮੇਰਾ ਨਾਨਕ ਤਾਂ ਮੇਰੇ ਵੀ ਦਿਲ ਅੰਦ੍ਰ ਅੱਠੇ ਪਹਿਰ ਓਹ ਮੈਨੂੰ ਵਿਛੋੜ ਦਾ ਨਾਂ

ਬੱਧਾ ਹੋਯਾ ਹੈ ਪ੍ਰੇਮ ਦੇ ਨਾਲ ਓਹਨੂੰ ਓਹ ਮੇਰੇ ਤੋਂ ਮੋਹ ਨੂੰ ਤੋੜਦਾ ਨਾਂ
ਸੰਤਾਂ ਭਗਤਾਂ ਗਰੀਬਾਂ ਨੂੰ ਛੱਡ ਕਰਕੇ ਕਿਸੇ ਨਾਲ ਪਰੀਤ ਓਹ ਜੋੜਦਾ ਨਾਂ
ਮੈਨੂੰ ਸਦਾ ਗੁਰ ਨਾਨਕ ਦੇ ਦਰਸ ਹੁੰਦੇ ਹੁਣ ਹੋਰ ਮੈਂ ਕੁਝ ਵੀ ਲੋੜਦਾ ਨਾਂ
ਤੇਰੇ ਕਹੇ ਮਰਦਾਨਿਆਂ ਭੁਲ ਕਰਕੇ ਮੈਂ ਓਸਨੂੰ ਭੁਲਕੇ ਛੋੜਦਾ ਨਾਂ
ਜੈਸਾ ਮੇਰਾ ਗੁਰ ਨਾਨਕ ਦਾ ਮੋਹ ਵਧਿਆ ਐਸਾ ਪਜਾਰ ਘਨਘੋਰ ਤੇ ਮੋਰਦਾ ਨਾਂ
ਜੈਸਾ ਮੇਰਾ ਗੁਰ ਨਾਨਕ ਦਾ ਪਜਾਰ ਹੈਗਾ ਐਸਾ ਪਜਾਰ ਤਾਂ ਚੰਦ ਚਕੋਰਦਾ ਨਾਂ
ਬਿਸ਼ਨ ਸਿੰਘ ਮਰਦਾਨਿਆਂ ਭੁਲ ਕਰਕੇ ਲੈਂਦਾ ਹੋਵੇਂ ਗਾ ਕਿਸੇ ਤੂੰ ਹੋਰਦਾ ਨਾਂ

ਮਹਾਰਾਜ ਖਾਲਸਾ

ਹਿੱਸਾ ਦੂਸਰਾ

[ਕਵੀ]

ਰੱਬ ਬੜਾ ਬਿਅੰਤ ਨ ਅੰਤ ਆਵੇ ਸ਼ੇਸ਼ਨਾਗ ਵੀ ਅੰਤ ਸੁਣਾ ਦੇਵੇ
ਕਿਸੇ ਰੱਬ ਦਾ ਅੰਤ ਨ ਪਾਇਆ ਏ ਬ੍ਰਹਮਾ ਬਿਸ਼ਨ ਮਹੇਸ਼ ਬਤਾ ਦੇਵੇ
ਦਿਨਾਂ ਥੋੜਿਆਂ ਤੇ ਇਕ ਪਲਕ ਅੰਦਰ ਕਈਆਂ ਰੰਗਾਂ ਦੇ ਖੇਲ ਵਿਖਾ ਦੇਵੇ
ਅਪਣੇ ਹੁਕਮ ਦੇ ਨਾਲ ਓਹ ਰੱਬ ਸੱਚਾ ਕਈਆਂ ਤਾਈਂ ਉਲਟਾ ਪਲਟਾ ਦੇਵੇ
ਚੋਟੀ ਜਿਨ੍ਹਾਂ ਦੀ ਨਾਲ ਅਸਮਾਨ ਖਹਿੰਦੀ ਓਨ੍ਹਾਂ ਤਾਈਂ ਹੈ ਧਰਤਿ ਪਟਕਾ ਦੇਵੇ
ਡਿਗਿਆਂ ਹੋਯਾਂ ਪਤਾਲਾਂ ਤੇ ਖੱਡਾਂ ਅੰਦਰ ਝਟ ਪਟ ਅਸਮਾਨ ਚੜ੍ਹਾ ਦੇਵੇ
ਪਿਛਲੀ ਵਿਛੀ ਵਛਾਈ ਲਪੇਟ ਦੇਂਦਾ ਅਗੋ ਹੋਰ ਦੀ ਹੋਰ ਵਿਛਾ ਦੇਵੇ
ਬੜੇ ਰਾਜਿਆਂ ਤੇ ਮਹਾਰਾਜਿਆਂ ਨੂੰ ਦਰ ਦਰ ਦੇ ਟੁਕ ਮੰਗਾ ਦੇਵੇ
ਚੱਕਰ ਵਰਤੀ ਬਣਾਕੇ ਮੰਗਤਿਆਂ ਨੂੰ ਝਟ ਰਾਜ ਦੇ ਤਖਤ ਬਹਾ ਦੇਵੇ
ਕਈਆਂ ਬੰਦਿਆਂ ਹਸਦਿਆਂ ਹਸਦਿਆਂ ਨੂੰ ਇਕ ਪਲਕ ਦੇ ਅੰਦਰ ਰੁਆ ਦੇਵੇ
ਕਈਆਂ ਰੋਂਦਿਆਂ ਪਿਟਦਿਆਂ ਬੰਦਿਆਂ ਨੂੰ ਇਕ ਛਿਨ ਦੇ ਵਿਚ ਹਸਾ ਦੇਵੇ
ਕਈਆਂ ਵਸਦਿਆਂ ਤਾਈਂ ਉਜਾੜ ਦੇਂਦਾ ਅਤੇ ਉਜੱੜਿਆਂ ਤਾਈਂ ਵਸਾ ਦੇਵੇ
ਕਈਆਂ ਵਧਿਆਂ ਨੂੰ ਝਟ ਘਟਾ ਦੇਂਦਾ ਅਤੇ ਘਟਿਆਂ ਨੂੰ ਝਟ ਵਧਾ ਦੇਵੇ
ਵਾਂਗ ਮਾਲੀਆਂ ਦੇ ਬੂਟੇ ਬੜੇ ਸੋਹਣੇ ਕਿਤੋਂ ਪੁਟਕੇ ਤੇ ਕਿਤੇ ਲਾ ਦੇਵੇ
ਵਧਿਆਂ ਫੈਲਿਆਂ ਬ੍ਰਿਛਾਂ ਨੂੰ ਤੋੜ ਕਰਕੇ ਨਵੇਂ ਹੋਰ ਹੈ ਬੂਟੇ ਲਗਾ ਦੇਵੇ
ਕਿਤੇ ਮੰਗਤਿਆਂ ਨੂੰ ਪਾਤਸ਼ਾਹ ਕਰਦਾ ਪਾਤਸ਼ਾਹਾਂ ਨੂੰ ਮੰਗਤੇ ਬਣਾ ਦੇਵੇ
ਬੜੇ ਬੜੇ ਹੰਕਾਰੀਆਂ ਰਾਜਿਆਂ ਨੂੰ ਠੂਠੇ ਹਥ ਦੇ ਵਿਚ ਫੜਾ ਦੇਵੇ
ਭਾਗ ਲਾ ਗਰੀਬਾਂ ਕੰਗਾਲਾਂ ਤਾਈਂ ਸੈਨ ਓਨ੍ਹਾਂ ਦੇ ਨਾਮ ਚਲਾ ਦੇਵੇ
ਰੱਬ ਬੜਾ ਬਿਅੰਤ ਹੈ ਬਿਸ਼ਨ ਸਿੰਘਾ ਰੰਗਾ ਰੰਗ ਦੇ ਖੇਲ ਦਿਖਾ ਦੇਵੇ

[ਮਹਾਰਾਜੇ ਖੜਗ ਸਿੰਘ ਦਾ ਹਾਲ]

ਖੜਗ ਸਿੰਘ ਮਹਾਰਾਜ ਦਾ ਪੁਤ ਵੱਡਾ ਬੜਾ ਰਾਜ ਦਰਬਾਰ ਕਮਾਲ ਕਰਕੇ
ਬੈਠ ਗਿਆ ਹੈ ਰਾਜ ਦੇ ਤਖਤ ਉਤੇ ਅਪਣੇ ਬਾਪ ਦਾ ਰਾਜ ਸੰਭਾਲ ਕਰਕੇ
ਨਜ਼ਰਾਂ ਲਈਆਂ ਨੇ ਸਭਨਾਂ ਸਰਦਾਰਾਂ ਕੋਲੋਂ ਖਿਲਤਦਿਤੇਨੇ ਆਪ ਨਿਹਾਲ ਕਰਕੇ
ਕਰਨ ਲਗਾ ਹੈ ਰਾਜ ਦੇ ਕਾਜ ਸਾਰੇ ਬਿਸ਼ਨ ਸਿੰਘ ਹੁਣ ਨੇਕ ਖਿਆਲ ਕਰਕੇ

[ਕਵੀ]

ਇਸ ਗੱਲ ਨੂੰ ਵੱਜਕੇ ਆਖਦੇ 'ਨੇ ਸਿਆਣੇ ਲੋਕ ਪੁਕਾਰ ਪੁਕਾਰ ਭਾਈ
ਜੇਹੜਾ ਵਧਿਆ ਸੋ ਅੰਤ ਨੂੰ ਹੈ ਘੱਟਦਾ ਇਹ ਆਖਦੇ ਲੋਕ ਉਚਾਰ ਭਾਈ
ਜੀਕੂੰ ਸੋਹਣੀ ਬਸੰਤ ਬਹਾਰ ਤਾਂਈ ਪੱਤ ਝਾਰ ਤੇ ਸਿਸਰ ਤਿਆਰ ਭਾਈ
ਏਸੇ ਤਰ੍ਹਾਂ ਹੀ ਸਿਖਾਂ ਦਾ ਰਾਜ ਜੇਹੜਾ ਆਣ ਫੈਲਿਆਂ ਹੈ ਅਪਾਰ ਭਾਈ
ਨਦੀ ਨਾਲੇ ਪਹਾੜ ਦੇ ਚੜ੍ਹਨ ਜੀਕੂੰ ਈਕੂੰ ਸਿਖਾਂ ਦਾ ਰਾਜ ਵਿਚਾਰ ਭਾਈ
ਏਸੇ ਤਰ੍ਹਾਂ ਹੀ ਹੁਣ ਇੰਹ ਘਟਣ ਲਗਾ ਹੋਣ ਹਾਰ ਨੂੰ ਆਪ ਚਿਤਾਰ ਭਾਈ
ਪੰਜ ਬਰਸ ਤਾਂ ਕਰੇਗੀ ਰਾਜ ਮੜ੍ਹੀਏ, ਈਕੂੰ ਕਹਿੰਦੇ ਸਨ ਆਪ ਸਰਕਾਰ ਭਾਈ
ਪਿਛੋਂ ਫੇਰ ਕੋਈ ਹੋਊਗਾ ਲੈਕ ਚੰਗਾ ਲਊ ਰਾਜ ਨੂੰ ਆਪ ਸੰਭਾਰ ਭਾਈ
ਨਹੀਂ ਤਾਂ ਕਿਥੇ ਸਿਕੰਦ੍ਰ ਦਲੀਪ ਦਾਰਾ ਏਸੇ ਤਰ੍ਹਾਂ ਹੀ ਲੋ ਨਿਹਾਰ ਭਾਈ
ਬਾਗੀਂ ਬੋਲਦੀ ਰਹੇ ਨ ਸਦਾ ਬੁਲਬੁਲ ਸਦਾ ਨਹੀਂ ਬਸੰਤ ਬਹਾਰ ਭਾਈ
ਸਦਾ ਨਹੀਂ ਜੁਆਨੀ ਤੇ ਕੇਸ ਕਾਲੇ ਸਦਾ ਬਾਗ ਦੀ ਨਹੀਂ ਗੁਲਜ਼ਾਰ ਭਾਈ
ਚਲਣ ਹਾਰ ਸੰਸਾਰ ਹੈ ਬਿਸ਼ਨ ਸਿੰਘਾ ਸਦਾ ਰਹਿੰਦੇ ਨ ਆਪਣੇ ਯਾਰ ਭਾਈ

[ਤਥਾ]

ਜਿਥੇ ਮੌਜ ਬਹਾਰ ਹੈ ਤੁਸਾਂ ਦੇਖੀ ਓਥੇ ਦੁਖ ਦਾ ਹੁਣ ਪ੍ਰਸੰਗ ਦੇਖੋ
ਮੂਰਖਤਾਈ ਹੁਣ ਦੇਖਕੇ ਬੁਰਛਿਆਂ ਦੀ ਤੁਸਾਂ ਹੋਵਣਾਂ ਆਪ ਹੈ ਦੰਗ ਦੇਖੋ
ਸਿਰਫ ਸਿੱਖਾਂ ਦੇ ਰਾਜ ਦੇ ਵਾਸਤੇ ਤੇ ਕੀਤੇ ਬੜੇ ਮਹਾਰਾਜ ਨੇ ਜੰਗ ਦੇਖੋ
ਰੋਜ ਨਿੱਤ ਲੜਾਈਆਂ ਘੋਲ ਕਰਕੇ ਬੜੇ ਹੋਇ ਮਹਾਰਾਜ ਸੀ ਤੰਗ ਦੇਖੋ
ਇਹ ਸਿਖਾਂ ਦਾ ਰਾਜ ਬਣਾਇਆ ਸੀ ਬੜੀਆਂ ੨ ਮੁਸੀਬਤਾਂ ਸੰਗ ਦੇਖੋ
ਐਸੇ ਰਾਜ ਨੂੰ ਹੁਣ ਉਡਾਉਣ ਲਗੇ ਬੁਰਛੇ ਰਲਕੇ ਵਾਂਗ ਨੇ ਭੰਗ ਦੇਖੋ
ਸਾਰੇ ਖੋਲਕੇ ਹਾਲ ਮੈਂ ਦਸਦਾ ਹਾਂ ਜੀਕੂੰ ਹੋਂਵਦੇ ਸਿਖ ਨੇ ਨੰਗ ਦੇਖੋ
ਕੁਝ ਕਿਸੇ ਦੇ ਵਸ ਨਾ ਬਿਸ਼ਨ ਸਿੰਘਾ ਤੁਸੀ ਇਹ ਕਰਤਾਰ ਦੇ ਰੰਗ ਦੇਖੋ

[ਤਥਾ]

ਇਕ ਸਿਖਾਂ ਦਾ ਰਾਜ ਬਣਾਵਾਂ ਵੱਡਾ ਮਹਾਰਾਜ ਦਲੀਲ ਦੁੜਾਈ ਸੀ ਜੀ
ਸੋਈਓ ਅੰਤ ਨੂੰ ਦੁਖ ਮਹਾਂਨ ਪਾਕੇ ਏਹ ਇਕ ਰਜਧਾਨੀ ਬਣਾਈ ਸੀ ਜੀ
ਰਾਤ ਦਿਨੇਂ ਫਿਰਦੇ ਸਾਰੀ ਉਮਰ ਅੰਦਰ ਕੀਤੀ ਬੜੀ ਮਹਾਰਾਜ ਕਮਾਈ ਸੀ ਜੀ
ਜਾ ਜਾ ਕੇ ਖੁਦ ਲੜਾਈਆਂ ਅੰਦਰ ਬਿਪਤਾ ਬੜੀ ਮਹਾਰਾਜ ਉਠਾਈ ਸੀ ਜੀ

ਕਈਆਂ ਸਿਖਾਂ ਬਜ਼ੁਰਗਾਂ ਦੀ ਭੇਟ ਦੇਕੇ ਪਾਤਸ਼ਾਹੀ ਇਹ ਸਿਖਾਂ ਦੀ ਪਾਈ ਸੀ ਜੀ
ਮਹਾਰਾਜ ਰਣਜੀਤ ਸਿੰਘ ਵਡੇ ਮਾਲੀ ਬੜੀ ਸੋਹਣੀ ਫੁਲਵਾੜੀ ਇਹ ਲਾਈ ਸੀ ਜੀ
ਵਡੇ ਡੰਗਰਾਂ ਸਾਨ੍ਹਾਂ ਤੇ ਛੋਟਿਆਂ ਤੋਂ ਵਾੜ ਦੇਕੇ ਆਪ ਬਚਾਈ ਸੀ ਜੀ
ਹਰੀ ਸਿੰਘ ਸਰਦਾਰਾਂ ਦਾ ਲਾ ਪਹਿਰਾ ਫੇਰ ਇਹ ਫੁਲਵਾੜੀ ਵਸਾਈ ਸੀ ਜੀ
ਰਾਤ ਦਿਨੇਂ ਫਿਰ ਆਪ ਸੀ ਕਰੀ ਰਾਖੀ ਜੀਕੂੰ ਆਪ ਫੁਲਵਾੜੀ ਲਗਾਈ ਸੀ ਜੀ
ਵਡੇ ਫਿਟਿਆਂ ਮਸਤਿਆਂ ਹਾਥੀਆਂ ਤੋਂ ਵੇਲ ਇਹ ਬਚਾਇ ਵਧਾਈ ਸੀ ਜੀ
ਲਹੂ ਡੋਲ੍ਹਕੇ ਸਿਖਾਂ ਬਹਾਦਰਾਂ ਦਾ ਹਰੀ ਭਰੀ ਇਹ ਕਰ ਵਿਖਾਈ ਸੀ ਜੀ
ਐਨ ਪੱਕਕੇ ਬਚਕੇ ਇਹ ਖੇਤੀ ਫਲ ਦੇਣ ਦੇ ਵਕਤ ਜਾਂ ਆਈ ਸੀ ਜੀ
ਮਹਾਰਾਜ ਰਣਜੀਤ ਸਿੰਘ ਓਸ ਵੇਲੇ ਕੀਤੀ ਵਲ ਸਵਰਗ ਚੜ੍ਹਾਈ ਸੀ ਜੀ
ਪਿਛੋਂ ਬੁਰਛਿਆਂ ਮੂਰਖਾਂ ਰਲ ਕਰਕੇ ਖੇਤੀ ਸਾਨ੍ਹਾਂ ਨੂੰ ਚਾ ਖੁਵਾਈ ਸੀ ਜੀ
ਐਸੀ ਸੋਹਣੀ ਫੁਲਵਾੜੀ ਮਹਾਰਾਜ ਵਾਲੀ ਝੱਟ ਖਾਕ ਦੇ ਨਾਲ ਮਿਲਾਈ ਸੀ ਜੀ
ਜੇਹੜੀ ਸਿਰਾਂ ਤੋਂ ਮੈਂਹਗੀ ਰਜਧਾਨੀ ਸੀਗੀ ਭਾੜੇ ਭੰਗਦੇ ਓਹ ਉਡਾਈ ਸੀ ਜੀ
ਸਿਖਾਂ ਪੁਤਾਂ ਤੇ ਬਾਮਣਾਂ ਡੋਗਰਿਆਂ ਨੇ ਸਾਰੀ ਇਹ ਰਜਧਾਨੀ ਗਵਾਈ ਸੀ ਜੀ
ਦੱਸਾਂ ਖੋਲ੍ਹਕੇ ਗਲ ਮੈਂ ਬਿਸ਼ਨ ਸਿੰਘਾ ਜੀਕੂੰ ਵਡਿਆਂ ਮੈਨੂੰ ਸੁਣਾਈ ਸੀ ਜੀ

[ਮਹਾਰਾਜੇ ਖੜਗ ਸਿੰਘ ਦੀ ਸੁਸਤੀ ਤੇ ਬੇ ਇੰਤਜ਼ਾਮੀ]

ਖੜਗ ਸਿੰਘ ਮਹਾਰਾਜ ਦਾ ਪੁਤ ਵੱਡਾ ਬਸ ਰਾਜ ਦੇ ਕੰਮ ਚਲਾ ਬੈਠਾ
ਜੋ ਜੋ ਮੱਤਾਂ ਮਹਾਰਾਜ ਨੇ ਦਿਤੀਆਂ ਸਨ ਸੋ ਸੋ ਆਪ ਹੈ ਸਭ ਭੁਲਾ ਬੈਠਾ
ਤੁੱਛ ਬੁਧਿ ਵਾਲਾ ਸੂਧੇ ਪਣੇ ਵਾਲਾ ਰਾਜ ਕਾਜ ਦੇ ਕੰਮ ਨਡਾ ਬੈਠਾ
ਸਾਰੇ ਰਾਜ ਦੀ ਵਾਗ ਹੀ ਬਿਸ਼ਨ ਸਿੰਘਾ ਇਕ ਗੋਲੇ ਦੇ ਹਥ ਫੜਾ ਬੈਠਾ

[ਖੜਗ ਸਿੰਘ ਦੇ ਟਹਿਲੂਏ ਚੇਤ ਸਿੰਘ ਦਾ ਰਾਜ ਤੇ ਇਖਤਜਾਰ]

ਚੇਤ ਸਿੰਘ ਮਹਾਰਾਜ ਦਾ ਟਹਿਲੂਆ ਜੋ ਸਾਰੇ ਆਪਣੇ ਹੁਕਮ ਚਲਾਉਣ ਲੱਗਾ
ਮਹਾਰਾਜ ਵੀ ਓਸਦੀ ਸਭ ਮੰਨਣ ਚੇਤ ਸਿੰਘ ਹੈ ਰਾਜ ਕਮਾਉਣ ਲੱਗਾ
ਐਡੇ ਵੱਡੇ ਇਸ ਸਿੱਖਾਂ ਦੇ ਰਾਜ ਅੰਦਰ ਇਕ ਮੂਰਖ ਹੈ ਹੁਕਮ ਸੁਣਾਉਣ ਲੱਗਾ
ਖੜਗ ਸਿੰਘ ਦਾ ਤੇ ਧਜਾਨ ਸਿੰਘ ਸੰਦਾ ਆਪੋ ਵਿਚ ਦੀ ਵੈਰ ਵਧਾਉਣ ਲੱਗਾ
ਮਹਾਰਾਜ ਨੂੰ ਅਤੇ ਵਜੀਰ ਜੀ ਨੂੰ ਇਕ ਦੂਜੇ ਦਾ ਵੈਰੀ ਬਣਾਉਣ ਲੱਗਾ
ਅਪਣੇ ਆਪ ਹੀ ਮੂਰਖ ਵਜੀਰ ਬਣਕੇ ਰਾਜ ਵਿਚ ਖਰਾਬੀਆਂ ਪਾਉਣ ਲੱਗਾ
ਧਜਾਨ ਸਿੰਘ ਵਜੀਰ ਮਹਾਰਾਜ ਦੇ ਨੂੰ ਏਨਾਂ ਗੱਲਾਂ ਤੋਂ ਗੁੱਸਾ ਹੈ ਆਉਣ ਲੱਗਾ
ਚੇਤ ਸਿੰਘ ਨਲੈਕ ਹੁਣ ਬਿਸ਼ਨ ਸਿੰਘਾ ਵੇਖੋ ਕੀਹ ਹੈ ਕਰ ਵਖਾਉਣ ਲੱਗਾ

{ਚੇਤ ਸਿੰਘ ਨੇ ਖੜਗ ਸਿੰਘ ਨੂੰ ਤੇ ਵਜੀਰ ਧਜਾਨ ਸਿੰਘ ਨੂੰ ਆਪੋ ਵਿੱਚ ਵੈਰੀ ਬਣਾ ਦੇਣਾ}

ਖੜਗ ਸਿੰਘ ਦਾ ਅਤੇ ਧਜਾਨ ਸਿੰਘ ਦਾ ਚੇਤ ਸਿੰਘ ਨੇ ਵੈਰ ਹੈ ਪਾ ਦਿਤਾ
ਮਹਾਰਾਜ ਦੇ ਨਾਲੋਂ ਵਜੀਰ ਜੀ ਨੂੰ ਗਲ ਕਰਨੋਂ ਵੀ ਬੰਦ ਕਰਾ ਦਿਤਾ

ਇਕ ਦੂਜੇ ਦੇ ਬੜੇ ਨੇ ਵੈਰੀ ਹੋਏ ਬੜਾ ਭਾਰਾ ਹੈ ਵੈਰ ਵਧਾ ਦਿਤਾ
ਚੇਤ ਸਿੰਘ ਗੁਲਾਮ ਨੇ ਬਿਸ਼ਨ ਸਿੰਘਾ ਬੜਾ ਭਾਰਾ ਹੈ ਜ਼ੁਲਮ ਕਮਾ ਦਿਤਾ

{ ਵਜੀਰ ਧਜਾਨ ਸਿੰਘ ਨੇ ਅਪਣੇ ਭਰਾ ਗੁਲਾਬ ਸਿੰਘ ਦੀ ਸਲਾਹ ਨਾਲ ਕੌਰ ਨੌ ਨਿਹਾਲ ਸਿੰਘ ਨੂੰ ਪਸ਼ੌਰੋਂ ਬੁਲਾਕੇ ਆਪਣਾ ਮੱਦਤਗਾਰ ਬਣਾ ਲੈਣਾ }

ਧਜਾਨ ਸਿੰਘ ਭਰਾ ਤੋਂ ਪੁਛ .ਕਰਕੇ ਕੌਰ ਸਾਹਿਬ ਪਸ਼ੌਰੋਂ ਬੁਲਾ ਲਿਆ
ਨੌ ਨਿਹਾਲ ਸਿੰਘ ਪੁਤ੍ਰ ਜੋ ਖੜਗ ਸਿੰਘ ਦਾ ਮੱਦਤਗਾਰ ਹੈ ਅਪਣਾ ਬਣਾ ਲਿਆ
ਧਜਾਨ ਸਿੰਘ ਤੇ ਕੌਰ ਜੀ ਰਲ ਕਰਕੇ ਸਾਰਾ ਰਾਜ ਦਾ ਕੰਮ ਚਲਾ ਲਿਆ
ਬਿਸ਼ਨ ਸਿੰਘ ਵਧੇਰੇ ਹੀ ਚੇਤ ਸਿੰਘ ਨੇ ਭੇਸ ਗਲ ਤੋਂ ਗੁੱਸਾ ਹੈ ਖਾ ਲਿਆ

{ ਚੇਤ ਸਿੰਘ ਦੀ ਮੂਰਖਤਾਈ ਤੇ ਧਿਆਨ ਸਿੰਘ ਦੀ ਚਾਲਾਕੀ ਅਤੇ ਚੇਤਸਿੰਘ ਨੂੰ ਡੋਂਗਰਿਆਂ ਦੇ ਕਹੇ ਕੌਰ ਨੇ ਕਤਲ ਕਰਨਾ }

ਖੜਗ ਸਿੰਘ ਮਹਾਰਾਜ ਨੂੰ ਚੇਤ ਸਿੰਘ ਨੇ ਮਸਲਾ ਪੁੱਠਾ ਹੀ ਚਾ ਪੜ੍ਹਾਇਆ ਏ
ਕੌਰ ਜੀ ਦੇ ਨਾਲੋਂ ਮਹਾਰਾਜ ਜੀ ਨੂੰ ਬੋਲਣ ਚੱਲਣੋਂ ਚਾ ਹਟਾਇਆ ਏ
ਦੋ ਧੜੇ ਹੁਣ ਰਾਜ ਦੇ ਵਿਚ ਹੋਏ ਚੇਤ ਸਿੰਘ ਕੁਛ ਐਸਾ ਸਿਖਾਇਆ ਏ
ਚੇਤ ਸਿੰਘ ਨਲੈਕ ਨੇ ਬੁਰਾ ਕੀਤਾ ਪਿਓ ਪੁਤ੍ਰ ਨੂੰ ਵੈਰੀ ਬਣਾਇਆ ਏ
ਗਲਾਂ ਵਾਧੀਆਂ ਘਾਟੀਆਂ ਲਾ ਕਰਕੇ ਖੜਗ ਸਿੰਘ ਨੂੰ ਗੁੱਸਾ ਚੜ੍ਹਾਇਆ ਏ
ਲੁੱਦੇਹਾਣੇ ਤੋਂ ਆਪ ਬੁਲਾ ਕਰਕੇ ਵੈਡ ਸਾਹਿਬ ਨੂੰ ਪਾਸ ਟਿਕਾਇਆ ਏ
ਧਜਾਨ ਸਿੰਘ ਦੇ ਧੜੇ ਨੇ ਓਸ ਵੇਲੇ ਇਹ ਕੋਕੜਾ ਚਾ ਉਡਾਇਆ ਏ
ਅਪਨੀ ਮੱਦਤ ਦੇ ਵਾਸਤੇ ਖੜਗ ਸਿੰਘ ਨੇ ਵੈਡ ਸਾਹਿਬ ਕਪਤਾਨ ਬੁਲਾਇਆ ਏ
ਲਿਖ ਕਰ ਖਿਰਾਜ ਅੰਗ੍ਰੇਜ਼ਾਂ ਤਾਈਂ ਦੇਣ ਲਗਾ ਇਹ ਚਾ ਧੁਮਾਇਆ ਏ
ਧਿਆਨ ਸਿੰਘ ਨੇ ਇਹ ਚਲਾਕੀ ਕਰਕੇ ਸਾਰੇ ਸਿੱਖਾਂ ਨੂੰ ਚਾ ਭੜਕਾਇਆ ਏ
ਸਾਰੇ ਸਿੱਖਾਂ ਸਰਦਾਰਾਂ ਤੇ•ਕੌਰ ਜੀ ਨੂੰ ਵੱਜ ਗੱਜ ਕੇ ਇਹ ਸੁਣਾਇਆ ਏ
ਚੇਤ ਸਿੰਘ ਹੈ ਰਾਜ ਉਜਾੜਨ ਲੱਗਾ ਧਜਾਨ ਸਿੰਘ ਨੇ ਇਹ ਅਲਾਇਆ ਏ
ਸਾਰੇ ਸਿਖਾਂ ਸਰਦਾਰਾਂ ਤੇ ਕੌਰ ਜੀ ਨੂੰ ਧਜਾਨ ਸਿੰਘ ਨੇ ਮਗਰ ਲਗਾਇਆ ਏ
ਜੀ ਜੀ ਵੈਰੀ ਬਣਾਕੇ ਧਜਾਨ ਸਿੰਘ ਨੇ ਚੇਤ ਸਿੰਘ ਦੇ ਮਗਰ ਚਾ ਲਾਇਆ ਏ
ਚੇਤ ਸਿੰਘ ਨੂੰ ਘਰ ਨੂੰ ਘੱਲ ਦਿਓ ਮਾਈ ਕੌਰ ਦੀ ਕੌਰ ਸਮਝਾਇਆ ਏ
ਐਪਰ ਇਕ ਮਹਾਰਾਜ ਨੇ ਨਾ ਮੰਨੀ ਹਥ ਜੋੜ ਬਥੇਰਾ ਵਿਖਾਇਆ ਏ
ਚੇਤ ਸਿੰਘ ਮੰਹਾਰਾਜ ਨੂੰ ਏਹੋ ਆਖੇ ਤੈਨੂੰ ਮਹੀਓਂ ਹੀ ਹੋਯਾ ਬਚਾਇਆ ਏ
ਓੜਕ ਡੋਗਰਿਆਂ ਇਕ ਦਿਨ ਦਾ ਲਾਕੇ ਕੌਰ ਜੀ ਨੂੰ ਨਾਲ ਰਲਾਇਆ ਏ
ਚੇਤ ਸਿੰਘ ਨੂੰ ਮਾਰ ਮੁਕਾ ਦੇਈਏ ਨਾਲ ਕੌਰ ਦੇ ਮਤਾ ਪਕਾਇਆ ਏ
ਓੜਕ ਇਕ ਦਿਨ ਤੜਕੇ ਹੀ ਉਠ ਕਰਕੇ ਚੇਤ ਸਿੰਘ ਨੂੰ ਅੰਦਰ ਦਬਾਇਆ ਏ
ਆਖੇ ਲਗਕੇ ਡੋਗਰਿਆਂ ਪਾਪੀਆਂ ਦੇ ਕੌਰ ਜੀ ਨੇ ਖੰਡਾ ਚਲਾਇਆ ਏ

ਖੜਗ ਸਿੰਘ ਦੇ ਵੇਂਹਦਿਆਂ ਵੇਂਹਦਿਆਂ ਈ ਚੇਤ ਸਿੰਘ ਨੂੰ ਪਾਰ ਬੁਲਾਇਆ ਏ
ਖੜਗ ਸਿੰਘ ਦਾ ਪਰਮ ਪਿਆਰਾ ਮਿੱਤ੍ਰ ਵਾਂਗ ਬੱਕਰੇ ਮਾਰ ਮੁਕਾਇਆ ਏ
ਓਸੇ ਦਿਨ ਹੀ ਡੋਗਰਿਆਂ ਪਾਪੀਆਂ ਨੇ ਹੋਰ ਭਾਰਾ ਇਕ ਜ਼ੁਲਮ ਕਮਾਇਆ ਏ
ਬੇਲੀ ਰਾਮ ਮਿਸਰ ਤੋਸ਼ੇਖਾਨੀਆਂ ਜੋ ਖਬਰੇ ਕਿਧਰ ਨੂੰ ਮਾਰ ਪੁਚਾਇਆ ਏ
ਓਸ ਕ੍ਰੋਧ ਵਿਚ ਡੋਗਰਿਆਂ ਜ਼ਾਲਮਾਂ ਨੇ ਖੜਗ ਸਿੰਘ ਨੂੰ ਵੀ ਘੇਰਾ ਪਾਇਆ ਏ
ਚੇਤ ਸਿੰਘ ਦੇ ਨਾਲ ਹੀ ਘਲਣ ਲਗੇ ਮਾਈ ਕੌਰ ਦੀ ਕੌਰ ਛੁਡਾਇਆ ਏ
ਪਹਿਲ ਹੋਈ ਇਹ ਖ਼ੂੰਨ ਦੀ ਬਿਸ਼ਨ ਸਿੰਘਾ ਇਹ ਡੋਗਰਿਆਂ ਕਹਿਰ ਵਰਤਾਇਆ ਏ

{ ਮਹਾਰਾਜੇ ਖੜਗ ਸਿੰਘ ਨੇ ਆਪਣੇ ਟਹਿਲੂਏ ਦੇ ਮਰਨ ਦੇ ਗਮ ਵਿਚ ਬਿਮਾਰ ਹੋਣਾ }

ਖੜਗ ਸਿੰਘ ਡਰਾਕੁਲ ਸੀ ਬੜਾ ਭਾਰਾ ਬਸ ਰਾਜ ਨੂੰ ਤਾਈਓਂ ਕਮਾ ਰਿਹਾ
ਸੰਮਨ ਬੁਰਜ ਤੋਂ ਉਤਰਕੇ ਓਸੇ ਵੇਲੇ ਅਪਣੀ ਵਿਚ ਹਵੇਲੀ ਦੇ ਆ ਰਿਹਾ
ਜੋ ਹਵੇਲੀ ਲੁਹਾਰੀ ਦਰਵਾਜੇ ਹੈਗੀ ਚੁਪ ਚਾਪ ਹੈ ਨਿਕਲ ਕੇ ਜਾ ਰਿਹਾ
ਰਾਜ ਕਾਜ ਦੇ ਕੰਮਾਂ ਨੂੰ ਛੱਡ ਬੈਠਾ ਚੇਤ ਸਿੰਘ ਦਾ ਗਮ ਹੈ ਖਾ ਰਿਹਾ
ਏਸੇ ਗਮ ਦੇ ਵਿੱਚ ਬਿਮਾਰ ਹੋਇਆ ਦਿਨ ਮੌਤ ਦੇ ਹੈ ਬਤਾ ਰਿਹਾ
ਸਿੱਧ ਪੱਧਰਾ ਬਿਅਕਲ ਸੀ ਬਿਸ਼ਨ ਸਿੰਘਾ ਏਸੇ ਲਈ ਹੈ ਰਾਜ ਗਵਾ ਰਿਹਾ

[ਕੌਰ ਨੌ ਨਿਹਾਲ ਸਿੰਘ ਦਾ ਰਾਜ ਵਿਚ ਇੰਤਜ਼ਾਮ]

ਨੌ ਨਿਹਾਲ ਸਿੰਘ ਪੋਤਾ ਰਣਜੀਤਸਿੰਘ ਦਾ ਇਹ ਅਕਲਦਾ ਕੋਟ ਮਹਾਨ ਸੀਗਾ
ਰਾਜ ਕਾਜ ਦੇ ਵਿਚ ਹੁਸ਼ਿਆਰ ਡਾਢਾ ਪੂਰਾ ਪੂਰਾ ਪ੍ਰਤਾਪੀ ਜਵਾਨ ਸੀਗਾ
ਰੋਬ ਦਾਬ ਤੇ ਦਬਦਬਾ ਰਖਣ ਵਾਲਾ ਰਾਜ ਕਾਜ ਦਾ ਪੂਰਾ ਸੁਜਾਨ ਸੀਗਾ
ਕਦੀ ੨ ਤਾਂ ਬੈਠ ਰਣਜੀਤ ਸਿੰਘ ਵੀ ਇਸਦੀ ਬਾਬਤ ਤੇ ਕਰਦਾ ਬਿਆਨ ਸੀਗਾ
ਰਾਜ ਕਰੇ ਤਾਂ ਕਰੇ ਗਾ ਏਹੋ ਪਿਛੋਂ ਮੇਰੇ, ਕਰਦਾ ਮਹਾਰਾਜ ਬਖਾਨ ਸੀਗਾ
ਹੋਰ ਕੋਈ ਨ ਰਾਜ ਹੈ ਸਾਂਭਣ ਵਾਲਾ ਮਹਾਰਾਜ ਦਾ ਏਧਰ ਧਿਆਨ ਸੀਗਾ
ਏਸੇ ਲਈ ਹੁਣ ਕੌਰ ਪਸਿੰਦ ਸਭਨੂੰ ਵਿੱਦਵਾਨ ਤੇ ਨਾਲੇ ਬਲਵਾਨ ਸੀਗਾ
ਇੰਤਜ਼ਾਮ ਆਵੇ ਕਰਨਾ ਕੌਰ ਜੀ ਨੂੰ ਮਹਾਰਾਜ ਤੋਂ ਵੀ ਚੰਗਾ ਜਾਨ ਸੀਗਾ
ਇਸੇ ਲਈ ਸਭ ਲੋਕ ਨੇ ਖੁਸ਼ ਹੋਏ ਸੁਖੀ ਵਸਿਆ ਆਨ ਜਹਾਨ ਸੀਗਾ
ਖੜਗ ਸਿੰਘ ਦਾ ਪੁਤ੍ਰ ਇਹ ਬਿਸ਼ਨਸਿੰਘਾ ਰਾਜ ਨੀਤ ਤੇ ਅਕਲ ਦਾ ਖਾਨ ਸੀਗਾ

[ਤਥਾ]

ਰਾਜਨੀਤ ਅਨੁਸਾਰ ਹੁਣ ਕੌਰ ਸਾਹਿਬ ਰਾਜ ਕਾਜ ਦਾ ਕੰਮ ਚੰਲਾਇਆ ਏ
ਇਕ ਬਰਸ ਦੇ ਵਿਚ ਹੀ ਕੌਰ ਜੀ ਨੇ ਦਬ ਦਬਾ ਸਕੰਦਰੀ ਪਾਇਆ ਏ
ਸਾਰੀ ਪਰਜਾ ਨੂੰ ਸੁਖੀ ਵਸਾਇਆ ਏ ਸਭ ਨੂੰ ਨਾਲ ਆਰਾਮ ਬਹਾਇਆ ਏ
ਅਪਣੇ ਰਾਜ ਦਰਬਾਰ ਦਾ ਕੰਮ ਸਾਰਾ ਪਾਪੀ ਡੋਗਰਿਆਂ ਕੋਲੋਂ ਖਿਸਕਾਇਆ ਏ
ਅਪਣੇ ਹੱਥ ਦੇ ਵਿਚ ਸਭ ਕੰਮ ਲੀਤੇ ਐਸਾ ਕੌਰ ਨੇ ਦਾ ਲਗਾਇਆ ਏ

ਏਸ ਕੰਮ ਤੋਂ ਡੋਗਰੇ ਖਿਝ ਉਠੇ ਇਹ ਇਹਨਾਂ ਨੂੰ ਨਹੀਂ ਸੁਖਾਇਆ ਏ
ਮੂੰਹੋਂ ਮਿਠੇ ਤੇ ਅੰਦਰੋਂ ਹੋਇ ਕੌੜੇ ਦਾਉ ਘਾਉ ਬਥੇਰਾ ਚਾ ਲਾਇਆ ਏ
ਕੌਰ ਸਾਹਿਬ ਸੁਚੇਤ ਸੀ ਬੜਾ ਭਾਰਾ ਦਾਉ ਇਹਨਾਂ ਦੇ ਹੇਠਾਂ ਨਾ ਆਇਆ ਏ
ਐਪਰ ਕੌਰ ਦੇ ਮਾਰਨ ਨੂੰ ਇਹ ਫਿਰਦੇ ਗੁੱਸਾ ਡੋਗਰਿਆਂ ਨੇ ਬੜਾ ਖਾਇਆ ਏ

[ਕੌਰ ਸਾਹਿਬ ਦੀਆਂ ਸੋਚਾਂ]

ਸਾਡੀ ਸਿੰਘਾਂ ਦੀ ਇਹ ਹੈ ਬਾਦਸ਼ਾਹੀ ਚੰਗੀਤਰਾਂ ਮੈਂ ਇਹਨੂੰ ਵਧਾ ਛੱਡਾਂ
ਇਸਦੇ ਵਿਚੋਂ ਪਹਾੜੀਆਂ ਡੋਗਰਿਆਂ ਨੂੰ ਦੇਕੇ ਸਾਫ ਜਵਾਬ ਹਟਾ ਛੱਡਾਂ
ਸਾਡੇ ਗੁਰਾਂ ਦੇ ਨਾਲ ਜਿਨ ਦਗੇ ਕੀਤੇ ਸਫਾ ਇਹਨਾਂ ਦੀ ਮੈਂ ਉਠਾ ਛੱਡਾਂ
ਅਖਤਯਾਰ ਨਾ ਇਹਨਾਂ ਦਾ ਹੋਣਾ ਚਾਹੀਏ ਸਾਡੇ ਰਾਜ ਦੇ ਵਿਚ ਸੁਣਾ ਛੱਡਾਂ
ਥਾਂ ਇਹਨਾਂ ਦੀ ਸਿੰਘਾਂ ਨੂੰ ਕਰਾਂ ਨੌਕਰ ਇਹਨਾਂ ਪਾਪੀਆਂ ਤਾਈਂ ਉਡਾ ਛੱਡਾਂ
ਮਹਾਰਾਜ ਤੋਂ ਹੋਈ ਨ ਬਿਸ਼ਨ ਸਿੰਘਾ ਨੇਕੀ ਮੈਂ ਤਾਂ ਇਹ ਕਮਾ ਛੱਡਾਂ

[ਡੋਗਰਿਆਂ ਦੀ ਬੇਈਮਾਨੀ]

ਏਧਰ ਡੋਗਰੇ ਵੀ ਪਏ ਸੋਚਦੇ ਨੇ ਕੋਈ ਮਤਲਬ ਦਾ ਰਾਜਾ ਬਣਾ ਲਈਏ
ਜੇਹੜਾ ਸਾਡੇ ਹੀ ਸਦਾ ਅਨੁਸਾਰ ਰਹੇ ਬਸ ਓਸਨੂੰ ਗੱਦੀ ਬਹਾ ਲਈਏ
ਇਹਵੀ ਆਪਣੇ ਪਿਉ ਦੇ ਵਾਂਗ ਹੋਇਆ ਇਸਨੂੰ ਜਾਨ ਤੋਂ ਮਾਰ ਮੁਕਾ ਲਈਏ
ਜੀਕੂੰ ਪਾਤਸ਼ਾਹ ਖੁਦ ਹੀ ਬਣੇ ਰਹੀਏ ਦਾ ਉਸਤਰਾਂ ਦਾ ਹੁਣ ਲਾ ਲਈਏ
ਕਿਸੇ ਤਰਾਂ ਹੁਣ ਕੌਰ ਨੂੰ ਮਾਰ ਦਈਏ ਸਾਰੇ ਰਲ ਕੇ ਦਾ ਲਗਾ ਲਈਏ
ਰਾਜ ਸਿੱਖਾਂ ਦਾ ਖੋਹਕੇ ਬਿਸ਼ਨ ਸਿੰਘਾ ਸਾਰਾ ਆਪਣਾ ਰਾਜ ਬਣਾ ਲਈਏ

[ਕਵੀ]

ਬੇਈਮਾਨ ਹੁਣ ਆਪ ਵਜੀਰ ਹੋਯਾ ਸੌਹਾਂ ਖਾਧੀਆਂ ਤਾਈਂ ਭੁਲਾ ਬੈਠਾ
ਨੇਮ ਧਰਮ ਜੋ ਕੌਲ ਸਰਕਾਰ ਕੀਤੇ ਸਾਰੇ ਖੂਹ ਦੇ ਵਿੱਚ ਹੈ ਪਾ ਬੈਠਾ
ਏਦੂੰ ਵਧ ਹੁਣ ਆਖੀਏ ਕੀ ਭਾਈ ਬੁਰੀ ਵਸਤ ਨੂੰ ਆਪ ਹੈ ਖਾ ਬੈਠਾ
ਬਿਸ਼ਨ ਸਿੰਘ ਕਸੂਰ ਵਜ਼ੀਰ ਸੰਦਾ ਜੇਹੜਾ ਨਿਮਕ ਹਰਾਮ ਕਹਾ ਬੈਠਾ

[੨੧ ਕੱਤਕ ਸੰ: ੧੮੯੭ ਬਿ: ਨੂੰ ਮਹਾਰਾਜ਼ ਖੜਗ ਸਿੰਘ ਦਾ ਚਲਾਣਾ]

ਖੜਗ ਸਿੰਘ ਮਹਾਰਾਜ ਦਾ ਪੁਤ ਵੱਡਾ ਗਮ ਦਾਸ ਦੇ ਨਾਲ ਬਿਮਾਰ ਹੋਯਾ
ਇਕ ਸਾਲ ਭਰ ਗਮ ਦੇ ਵਿਚ ਰਹਿਕੇ ਏਸੇ ਗਮ ਦੇ ਨਾਲ ਹੀ ਪਾਰ ਹੋਯਾ
ਉਮਰ ਬਰਸ ਅਠੱਤੀ ਦੀ ਭੋਗ ਸਾਰੀ ਸੱਚ ਖੰਡ ਦੇ ਰਾਹ ਸਰਕਾਰ ਹੋਯਾ
ਖੜਗ ਸਿੰਘ ਜਾਂ ਮੋਯਾ ਹੈ ਬਿਸ਼ਨ ਸਿੰਘਾ ਹਾ ਹਾ ਕਾਰ ਲਾਹੌਰ ਅਪਾਰ ਹੋਯਾ

[ਮਹਾਰਾਜੇ ਖੜਗ ਸਿੰਘ ਦਾ ਸਸਕਾਰ]

ਰਾਵੀ ਕੰਢੇ ਸਰਦਾਰ ਤੇ ਕੌਰ ਸਾਹਿਬ ਖੜਗ ਸਿੰਘ ਨੂੰ ਜਾ ਸਸਕਾਰ ਆਏ
ਦੋ ਰਾਣੀਆਂ ਤੇ ਨੌਂ ਟਹਿਲਣਾਂ ਨੂੰ ਖੜਗ ਸਿੰਘ ਦੇ ਨਾਲ ਨੇ ਸਾੜ ਆਏ
ਮਹਾਰਾਜ ਸਰਕਾਰ ਦਾ ਪੁਤ ਵੱਡਾ ਸਾੜ ਫੂਕਕੇ ਹੈਣ ਵਿਸਾਰ ਆਏ

ਪੁਤ ਜੀਉਂਦਾ ਰਿਹਾ ਕਿਓਂ ਬਿਸ਼ਨ ਸਿੰਘਾ ਇਹ ਦਿਲ ਦੇ ਵਿਚ ਨੇ ਧਾਰ ਆਏ

[ਕੌਰ ਨੌ ਨਿਹਾਲ ਸਿੰਘ ਦਾ ਚਲਾਣਾ]

ਪਿਓ ਮਾਰਕੇ ਡੋਗਰਿਆਂ ਸਾੜ ਦਿਤਾ ਪੁਤ ਮਾਰਨ ਦਾ ਸਾਜ ਬਣਾਇਆ ਏ
ਖੜਗ ਸਿੰਘ ਨੂੰ ਸਾੜ ਸਰਦਾਰਾਂ ਸਭਨਾਂ ਡੇਰਾ ਕਿਲੇ ਦੇ ਕੋਲ ਲਗਾਇਆ ਏ
ਇਹ ਸਾਰਿਆਂ ਸ਼ੋਕ ਮਨਾਇਆ ਏ ਖੜਗ ਸਿੰਘ ਬੈਕੁੰਠ ਨੂੰ ਧਾਇਆ ਏ
ਖੜਗ ਸਿੰਘ ਦੇ ਅੰਤ ਦੇ ਸਫਰ ਦੀਆਂ ਤੋਪਾਂ ਚਲੀਆਂ ਛੱਜਾ ਕੰਬਾਇਆ ਏ
ਓਸੇ ਵੇਲੇ ਦਰਵਾਜੇ ਦਾ ਛੱਜਾ ਫੜਕੇ ਦੁਸ਼ਟਾਂ ਪਾਪੀਆਂ ਜਾਲਮਾਂ ਢਾਹਿਆ ਏ
ਊਧਮ ਸਿੰਘ ਮੀਏਂ ਅਤੇ ਕੌਰ ਜੀ ਦੇ ਉਤੇ ਢਾਹਕੇ ਤੁਰਤ ਹੀ ਪਾਇਆ ਏ
ਛੱਜੇ ਵਾਲਿਆਂ ਪੱਥਰਾਂ ਭਾਰਿਆਂ ਨੇ ਬਸ ਦੋਹਾਂ ਨੂੰ ਹੇਠਾਂ ਦਬਾਇਆ ਏ
ਊਧਮ ਸਿੰਘ ਤਾਂ ਨਾਲ ਹੀ ਚਿੱਤ ਹੋਯਾ ਓਹਨੂੰ ਓਸੇ ਹੀ ਵੇਲੇ ਫੂਕਾਇਆ ਏ
ਲੋਥ ਕੌਰ ਦੀ ਚੁਕ ਕੇ ਧਜਾਨ ਸਿੰਘ ਜੋ ਝਟ ਕਿਲੇ ਦੇ ਅੰਦਰ ਲਿਆਇਆ ਏ
ਅੰਦਰ ਕਿਸੇ ਨੂੰ ਮੂਲ ਨ ਆਉਣ ਦੇਣਾ ਆਸ ਪਾਸ ਚਾ ਪਹਿਰੇ ਨੂੰ ਲਾਇਆ ਏ
ਅੱਜ ਤਰੀ ਪੀਤੀ ਅਜ ਫੁਲਕਾ ਖਾਧਾ ਏਹੋ ਏਸਨੇ ਰੋਜ ਸੁਣਾਇਆ ਏ
ਚੰਗੀਤਰਾਂ ਖਜਾਨਾ ਸਭ ਡੋਗਰਿਆਂ ਨੇ ਕਾਬੂ ਕਰਕੇ ਜਦੋਂ ਲੁਕਾਇਆ ਏ
ਸ਼ੇਰ ਸਿੰਘ ਸ਼ਾਹਜ਼ਾਦਾ ਮਕੇਰੀਆਂ ਤੋਂ ਝਟ ਪਟ ਹੀ ਤਦੋਂ ਬੁਲਾਇਆ ਏ
ਕੌਰ ਸਾਹਿਬ ਦਾ ਮਰਨਾ ਪਰਗਟ ਕੀਤਾ ਬੜਾ ਉਪਰੋਂ ਸ਼ੋਕ ਜਤਾਇਆ ਏ
ਇਹਨਾਂ ਨਿਮਕ ਹਰਾਮੀਆਂ ਡੋਗਰਿਆਂ ਨੇ ਅੰਦ੍ਰੋਂ ਅੰਦ੍ਰ ਆਨੰਦ ਮਨਾਇਆ ਏ
ਖਲਕਤ ਵਿਚ ਤਾਂ ਏਹੋ ਹੀ ਧੁੰਮ ਗਿਆ ਜੋ ਕੁਝ ਡੋਗਰਿਆਂ ਜ਼ੁਲਮ ਕਮਾਇਆ ਏ
ਖੜਗ ਸਿੰਘ ਮਹਾਰਾਜ ਨੂੰ ਜ਼ਹਿਰ ਦੇਕੇ ਪਹਿਲੇ ਇਹਨਾਂ ਨੇ ਪਾਰ ਬੁਲਾਇਆ ਏ
ਫੇਰ ਇਹਨਾਂ ਹੀ ਪਾਪੀਆਂ ਜ਼ਾਲਮਾਂ ਨੇ ਕੌਰ ਜੀ ਨੂੰ ਮਾਰ ਮੁਕਾਇਆ ਏ
ਠੰਢੀ ਚਿਖਾ ਨਾ ਪਿਓ ਦੀ ਹੋਣ ਦਿਤੀ ਵਿਚੇ ਮਾਰ ਕੇ ਪੁਤ ਨੂੰ ਪਾਇਆ ਏ
ਇਹਨਾਂ ਡੋਗਰਿਆਂ ਨਿਮਕ ਹਰਾਮੀਆਂ ਨੇ ਸੀਗਾ ਕ਼ੀ ਦਾ ਕੀ ਵਖਾਇਆ ਏ
ਐਡਾ ਵਡਾ ਇਹ ਸਿਖਾਂ ਦਾ ਰਾਜ ਭਾਰਾ ਝੱਟ ਖਾਕ ਦੇ ਨਾਲ ਮਿਲਾਇਆ ਏ
ਸ਼ੇਰ ਸਿੰਘ ਨੂੰ ਗੱਦੀ ਹੁਣ ਦੇਣ ਲਈ ਝਟ ਪਟ ਜੋ ਇਹਨ਼ਾਂ ਸਦਾਇਆ ਏ
ਪੱਟੀ ਮੇਸ ਕਰ ਦਿਤੀ ਹੈ ਬਿਸ਼ਨ ਸਿੰਘਾ ਪੁਤ ਪਿਓ ਦੇ ਨਾਲ ਚਲਾਇਆ ਏ

[ਤਥਾ]

ਨੌ ਨਿਹਾਲ ਸਿੰਘ ਸੂਰਮਾ ਬੜਾ ਭਾਰਾ ਸਖੀ ਮਰਦ ਸਪਾਹੀ ਕਹਾਯਾ ਹੋਯਾ
ਰਾਜਨੀਤ ਦਾ ਪੂਰਾ ਪਰਤਾਪੀ ਪਜਾਬ੍ਹ ਮਹਾਰਾਜ ਹੀ ਸੀਗਾ ਸਦਾਯਾ ਹੋਯਾ
ਐਪਰ ਮੌਤ ਨੇ ਕੁਝ ਨ ਕਰਨ ਦਿਤਾ ਸੀਓਾ ਕਾਲ ਜੋ ਸਿਰਤੇ ਆਯਾ ਹੋਯਾ
ਅੰਮ੍ਰਿਤਸਰ ਦਰਬਾਰ ਪਰਕਰਮਾਂ ਅੰਦਰ ਸੰਗੇ ਮਰਮਰ ਹੈ ਏਸੇ ਲਵਾਯਾ ਹੋਯਾ
ਅਕਾਲਬੁੰਗੇ ਦਰਬਾਰ ਵਿਚਕਾਰ ਸਾਰੇ ਸੰਗੇ ਮਰ ਮਰ ਏ ਏਸੇ ਸਜਾਯਾ ਹੋਯਾ
ਆਹਲੂ ਵਾਲੀਆਂ ਦੇ ਬੁੰਗੇ ਤੀਕ ਸਾਰੇ ਸਾਰਾ ਏਸੇ ਦਾ ਪੱਥਰ ਲਗਵਾਯਾ ਹੋਯਾ

ਤਰਨ ਤਾਰਨ ਦੀ ਸਾਰੀ ਪਰਕਰਮਾਂ ਏਸੇ ਤਰਨਤਾਰਨ ਤਲਾਉ ਬਨਵਾਇਆ ਹੋਯਾ
ਤਰਨ ਤਾਰਨ ਦਾ ਵੱਡਾ ਮੁਨਾਰਾ ਐਡਾ ਏਸੇ ਕੌਰ ਬਣਵਾ ਦਿਖਾਯਾ ਹੋਯਾ
ਬਲਕਿ ਦੋਹਾਂ ਪਰਕਰਮਾਂ ਦੇ ਲਈ ਇਸਨੇ ਕਈ ਲੱਖ ਰੁਪਯਾ ਲਗਾਯਾ ਹੋਯਾ
ਸੰਗ ਮਰਮਰ ਦਾ ਪੱਥਰ ਜੋ ਕੌਰ ਜੀ ਨੇ ਜੋਧ ਪੁਰ ਤੋਂ ਸੀਗਾ ਮੰਗਵਾਯਾ ਹੋਯਾ
ਸੋਈਓ ਮਰੇ ਤੋਂ ਉਡ ਪੁਡ ਗਿਆ ਸਾਰਾ ਕਈ ਲੱਖ ਰੁਪਯਾ ਜੋ ਲਾਯਾ ਹੋਯਾ
ਐਡਾ ਪਰ ਉਪਕਾਰ ਇਹ ਬਿਸ਼ਨ ਸਿੰਘਾ ਖੁਦ ਕੌਰ ਨੇ ਆਪ ਕਮਾਯਾ ਹੋਯਾ

[ਰਾਣੀ ਚੰਦ ਕੌਰ ਦੀ ਚਾਲਾਕੀ]

ਲਾਇਕ ਪਤੀ ਤੇ ਪੁਤ੍ਰ ਦੇ ਮਰਨ ਸੰਦਾ ਸ਼ੋਕ ਮਨ ਦਾ ਮਨ ਹੀ ਜਰ ਲਿਆ
ਖੋਟੀ ਦੇਖਕੇ ਚਾਲ ਵਜੀਰ ਸੰਦੀ ਰਖ ਆਪਣਾ ਰਾਣੀ ਨੇ ਘਰ ਲਿਆ
*ਸੰਧਾਂ ਵਾਲੀਆਂ ਸਭਨਾਂ ਸਰਦਾਰਾਂ ਤਾਂਈ ਅਪਣੀ ਵਲ ਹੈ ਰਾਣੀ ਨੇ ਕਰ ਲਿਆ
ਕਰ ਹੌਂਸਲਾ ਰਾਣੀਂ ਨੇ ਬਿਸ਼ਨ ਸਿੰਘਾ ਸਾਰੇ ਰਾਜ ਦੀ ਵਾਗ ਨੂੰ ਫੜ ਲਿਆ

[ਰਾਜੇ ਧਜਾਨ ਸਿੰਘ ਦੀ ਬੇਈਮਾਨੀ]

ਰਾਣੀ ਚੰਦ ਕੌਰਾਂ ਬਾਜੀ ਜਿੱਤ ਗਈ ਧਜਾਨ ਸਿੰਘ ਤਾਂ ਬੜਾ ਪਛਤਾਉਣ ਲੱਗਾ
ਛੁਟੀ ਲੈਕੇ ਜੰਮੂੰ ਹੈ ਜਾ ਬੈਠਾ ਓਥੇ ਬੈਠ ਕੇ ਜ਼ੁਲਮ ਕਮਾਉਨ ਲੱਗਾ
ਰਜਾਸਤ ਵਿਚ ਚਕ ਚੂੰਧਰਾਂ ਛਡ ਕਰਕੇ ਰੋਜ ਬਹੁਤ ਖਰਾਬੀਆ ਪਾਉਣ ਲੱਗਾ
ਹਾਲ ਲਿਖ ਲਾਹੌਰ ਦੀ ਫੁਟ ਸੰਦਾ ਨਾਲੇ ਵਲ ਅੰਗ੍ਰੇਜ਼ਾਂ ਪਹੁੰਚਾਉਣ ਲੱਗਾ
ਸ਼ੇਰ ਸਿੰਘ ਨੂੰ ਨਾਲੇ ਵਟਾਲੇ ਅੰਦਰ ਗਲ ਭੇਦ ਦੀ ਸਭ ਸੁਣਾਉਣ ਲੱਗਾ
ਪਾਤਸ਼ਾਹੀ ਮੈਂ ਤੈਨੂੰ ਹੈ ਲੈ ਦੇਣੀ ਸ਼ੇਰ ਸਿੰਘ ਨੂੰ ਇਹ ਬਤਾਉਣ ਲੱਗਾ
ਨਾਲੇ ਵਲ ਲਾਹੌਰ ਦੇ ਲਿਖ ਗਲਾਂ ਫੌਜੀ ਅਫਸਰਾਂ ਤਾਂਈ ਭੜਕਾਉਣ ਲੱਗਾ
ਐ ਖਾਲਸਾ ਜੀ ਸਿਰ ਆਪਦੇ ਤੇ ਹੁਣ ਤੀਵੀਂ ਦਾ ਹੁਕਮ ਹੈ ਆਉਣ ਲੱਗਾ
ਔਰਤ ਬਣ ਬੈਠੀ ਅਫਸਰ ਤੁਸਾਂ ਉਤੇ ਮੈਂ ਤਾਂ ਬਹੁਤ ਹੀ ਹਾਂ ਸ਼ਰਮਾਉਣ ਲੱਗਾ

---

*ਇਹ ਸ਼ੇਰ ਸਿੰਘ ਦੇ ਵੈਰੀ ਸਨ ਅਤੇ ਸ਼ੇਰ ਸਿੰਘ ਨੂੰ ਛੀਂਬੇ ਦਾ ਪੁਤਰ ਆਖਿਆ ਕਰਦੇ ਸਨ, ਸੋ ਇਹਨਾਂ ਨੂੰ ਰਾਣੀ ਨੇ ਸਦਕੇ ਆਖਿਆ ਕਿ ਮੇਰੀ ਨੂੰਹਨੂੰ ਗਰਭ ਹੈ ਜੇ ਓਸਦੇ ਘਰ ਵਾਹਿਗੁਰੂ ਨੇ ਪੁਤਰ ਬਖਸ਼ਿਆ ਤਾਂ ਓਹੋ ਤਖਤ ਦਾ ਮਾਲਕ ਹੋਊ, ਉਤਨਾ ਚਿਰ ਰਾਜ ਕਾਜ ਮੇਰੇ ਹਥ ਵਿਚ ਰਹੇ। ਸੰਧਾਂ ਵਾਲੀਏ ਤਾਂ ਵਾਹਿਗੁਰੂ ਕਹਿਕੇ ਝਟ ਪਟ ਪਟਰਾਣੀ ਦੇ ਧੜੇ ਚੜ੍ਹ ਖੜੋਤੇ ਅਤੇ ਹੋਰ ਸਰਦਾਰ ਵੀ ਮੰਨ ਗਏ, ਬਾਕੀ ਵਜ਼ੀਰ ਨੂੰ ਬੁਲਾਕੇ ਰਾਣੀ ਨੇ ਇਹ ਦਸ ਦਿਤਾ ਕਿ ਜੇ ਕੌਰ ਦੀ ਰਾਣੀ ਨੂੰ ਕਾਕੀ ਜੰਮੀ ਤਾਂ ਤੇਰੇ ਪੁਤ੍ਰ ਹੀਰਾ ਸਿੰਘ ਨੂੰ ਮੈਂ ਗੋਦ ਪਾਕੇ ਰਾਜ ਤਿਲਕ ਦੇ ਦੇਵਾਂ ਗੀ ਜੇ ਪੁਤ੍ਰ ਹੋਯਾ ਤਾਂ ਤੁਸੀ ਵੀ ਵਜ਼ੀਰ ਬਣੇ ਰਹੋਗੇ, ਇਸ ਚਾਲ ਨਾਲ ਰਾਣੀ ਵਜੀਰ ਤੋਂ ਬਾਜ਼ੀ ਲੈ ਗਈ, ਵਜੀਰ ਤਕਦਾ ਹੀ ਰਹਿਗਿਆ ਅਤੇ ਰਾਣੀ ਆਪੇ ਹੀ ਬਾਦਸ਼ਾਹ ਬਣ ਬੈਠੀ ਜੋ ਵਜੀਰ ਨੂੰ ਵੀਔਖੇ ਸੌਖੇ ਹੋਕੇ ਮੰਨਣੀ ਪਈ ਤੇ ਸ਼ੇਰ ਸਿੰਘ ਨੂੰ ਪੁੱਠੇ ਪੈਰੀਂ ਜਾਣਾ ਪਿਆ।

ਮਰਦ ਨਹੀਂ ਲੱਭਾ ਸਾਰਾ ਖਾਲਸਾ ਹੀ ਇਕ ਤੀਵੀਂ ਦਾ ਹੁਕਮ ਵਜਾਉਣ ਲੱਗਾ
ਹੱਛਾਮਰਦ ਕੋਈ ਹੋਊ ਤਾਂ ਕਦਰ ਪਾਊ ਤੀਵੀਂ ਕਦਰ ਕੀ ਪਾਉਣੀ ਅਲਾਉਣ ਲੱਗਾ
ਸੰਧਾਂ ਵਾਲੀਏ ਲੁੱਟ ਕੇ ਖਾਈ ਜਾਂਦੇ ਤੁਹਾਡਾ ਕੋਈ ਨ ਕੁਝ ਬਣਾਉਣ ਲੱਗਾ
ਦਸੋ ਕੀ ਬਣਿਆ ਸਾਰੇ ਖਾਲਸੇ ਦਾ ਫੁੱਟ ਪਾਕੇ ਇਓਂ ਚਮਕਾਉਣ ਲੱਗਾ
ਸ਼ੇਰ ਸਿੰਘ ਮਹਾਰਾਜ ਦਾ ਪੁਤ ਲਾਇਕ ਮੈਂਸੀ ਓਸ ਨੂੰ ਗੱਦੀ ਬਹਾਉਣ ਲੱਗਾ
ਐਪਰ ਸਿੱਖਾਂ ਨਾ ਕੁਝ ਖਿਆਲ ਕੀਤਾ ਐਸੇ ਆਖਕੇ ਵੈਰ ਵਧਾਉਣ ਲੱਗਾ
ਤਾਣੀ ਸਿੱਖਾਂ ਦੀ ਸਾਰੀ ਹੀ ਬਿਸ਼ਨ ਸਿੰਘਾ ਅੱਠੀ ਖੰਡ ਹੈ ਕਰ ਦਿਖਾਉਣ ਲੱਗਾ

[ਰਾਜੇ ਧਜਾਨ ਸਿੰਘ ਨੇ ਸ਼ੇਰ ਸਿੰਘ ਨੂੰ ਬੁਲਾਉਣਾਂ]

ਵਿਚੋ ਵਿਚ ਹੀ ਗੁੰਦਣਾਂ ਗੁੰਦ ਕਰਕੇ ਸ਼ੇਰ ਸਿੰਘ ਨੂੰ ਨਾਲੇ ਸੁਣਾ ਲਿਆ
ਤੂੰ ਸਦਾ ਹੀ ਮੇਰੇ ਅਨੁਸਾਰ ਚੱਲੀਂ ਖਤਾਂ ਨਾਲ ਇਹ ਮੰਤਰ ਪਕਾ ਲਿਆ
ਖਤਾਂ ਨਾਲ ਈ ਏਧਰ ਲਾਹੌਰ ਅੰਦਰ ਨਾਲੇ ਫੌਜ ਨੂੰ ਅਪਣੀ ਬਣਾ ਲਿਆ
ਸਾਰੀ ਫੌਜ ਨੂੰ ਦੇਕੇ ਇਹ ਲਾਲਚ ਨਾਲੀ ਪ੍ਰਤੀ ਰੁਪੱਯਾ ਵਧਾ ਲਿਆ
ਇਹ ਸਾਰੇ ਹੀ ਬਾਨਨੂੰ ਬੰਨ ਕਰਕੇ ਸ਼ੇਰ ਸਿੰਘ ਨੂੰ ਫੇਰ ਬੁਲਾ ਲਿਆ
ਸ਼ੇਰ ਸਿੰਘ ਵਟਾਲੇ ਤੋਂ ਚਲ ਕਰਕੇ ਸ਼ਾਲਾਮਾਰ ਆ ਡੇਰਾ ਲਗਾ ਲਿਆ
ਜ੍ਹਾਲਾ ਸਿੰਘ ਮੁਸਾਹਿਬ ਸਾਹਜ਼ਾਦੇ ਸੰਦੇ ਫੇਰਾ ਫੌਜ ਦੇ ਵਿਚ ਹੈ ਪਾ ਲਿਆ
ਲਾਲਚ ਦੇਕੇ ਸਾਰਿਆਂ ਅਫਸਰਾਂ ਨੂੰ ਸ਼ੇਰ ਸਿੰਘ ਦੇ ਨਾਲ ਮਿਲਾ ਲਿਆ
ਸ਼ੇਰ ਸਿੰਘ ਨੂੰ ਅਫਸਰਾਂ ਬਿਸ਼ਨ ਸਿੰਘਾ ਹਥ ਬੰਨ ਕੇ ਸਿਰ ਨਿਵਾ ਲਿਆ

{ ੨੩ ਪੋਹ ਸੰਮਤ ੧੮੯੮ ਬਿ: ਨੂੰ ਸਾਰੀ ਫੌਜ
ਸ਼ੇਰ ਸਿੰਘ ਦੀ ਸਲਾਮੀ ਲੈਕੇ ਮੱਦਤਗਾਰ ਹੋਗਈ }

ਤੇਈ ਪੋਹ ਨੂੰ ਤੜਕੇ ਹੀ ਅੰਮ੍ਰਿਤ ਵੇਲੇ ਸਾਰੀ ਫੌਜ ਹੁਣ ਕੱਠੀ ਹੋ ਰਹੀ ਹੈ ਜੇ
ਜੰਗੀ ਸਠ ਹਜਾਰ ਸਪਾਹ ਸਾਰੀ ਕੋਲ ਆ ਸ਼ਾਹਜ਼ਾਦੇ ਦੇ ਗਈ ਹੈ ਜੇ
ਇਕ ਸੌ ਪੰਜਾਹ ਚਲਾਇ ਤੋਪਾਂ ਸਲਾਮੀ ਆ ਸਾਹਜ਼ਾਦੇ ਦੀ ਲਈ ਹੈ ਜੇ
ਸਾਰੀ ਫੌਜ ਹੀ ਕਿਲੇ ਨੂੰ ਬਿਸ਼ਨ ਸਿੰਘਾ ਵਾਂਗ ਬੱਦਲਾਂ ਦੇ ਉਮਡ ਪਈ ਹੈ ਜੇ

{ ਰਾਣੀ ਚੰਦ ਕੌਰ ਦੇ ਮੱਦਤਗਾਰਾਂ ਨੇ ਕਿਲੇ ਵਿਚ ਆਕੀ ਹੋਕੇ
ਸ਼ੇਰ ਸਿੰਘ ਦੇ ਨਾਲ ਜੰਗ ਨੂੰ ਤਿਆਰ ਹੋਣਾ }

ਚੰਦ ਕੌਰ ਵੀ ਜੰਗ ਨੂੰ ਤਿਆਰ ਹੋਈ ਮੱਦਤਗਾਰ ਨੇ ਅਪਣੇ ਬੁਲਾ ਲੀਤੇ
ਸੰਧਾਂ ਵਾਲੀਆਂ ਅਤੇ ਗੁਲਾਬ ਸਿੰਘ ਨੇ ਡੇਰੇ ਕਿਲੇ ਦੇ ਵਿਚ ਲਗਾ ਲੀਤੇ
ਜਮਾਂਦਾਰ ਕੁਸ਼ਾਲ ਸਿੰਘ ਆ ਤੀਜੇ ਪੈਰ ਕਿਲੇ ਦੇ ਅੰਦ੍ਰ ਜਮਾ ਲੀਤੇ
ਆਪਣੀ ਫੌਜ ਸਮੇਤ ਆ ਇਹਨਾਂ ਤਿੰਨਾਂ ਪੱਕੇ ਕਰਕੇ ਡੇਰੇ ਨੇ ਲਾ ਲੀਤੇ
ਤਿੰਨੇ ਧਿਰਾਂ ਇਹ ਰਾਣੀ ਦੇ ਵਲ ਹੋਈਆਂ ਥਾਂ ਥਾਂ ਤੇ ਪਹਿਰੇ ਟਿਕਾ ਲੀਤੇ
ਦੋਹਾਂ ਧਿਰਾਂ ਨੇ ਵੱਜਕੇ ਬਿਸ਼ਨ ਸਿੰਘਾ ਵਾਜੇ ਜੰਗ ਦੇ ਹੈਣ ਵਜਾ ਲੀਤੇ

[ਰਾਣੀ ਚੰਦ ਕੌਤ ਦੀ ਤੇ ਸ਼ੇਰ ਸਿੰਘ ਦੀ ਲੜਾਈ]

ਸੱਕੇ ਦੇਉਰ ਤੇ ਸਕੀ ਭਰਜਾਈ ਸੰਦੀ ਸ਼ੁਰੂ ਹੋਈ ਹੈ ਆਣ ਲੜਾਈ ਭਾਈ

ਮੇਗਜ਼ੀਨ ਜੋ ਰਾਜੇ ਗੁਲਾਬ ਸਿੰਘ ਦਾ ਵਿਚ ਪਿਆ ਮਸੀਤ ਸੀ ਸ਼ਾਹੀ ਭਾਈ
ਸਾਰੀ ਫੌਜ ਨੂੰ ਇਹ ਵਰਤਾ ਦਿਤਾ ਸ਼ੇਰ ਸਿੰਘ ਨੇ ਕਰੀ ਸਫਾਈ ਭਾਈ
ਚੰਗੀ ਤੋਪ ਬੰਦੂਕ ਦੀ ਰਹੀ ਲੱਗੀ ਤਿੰਨ ਦਿਨ ਲੜਾਈ ਭੜਾਈ ਭਾਈ
ਸੰਧਾਂ ਵਾਲੀਆਂ ਸ਼ੇਰਾਂ ਬਹਾਦਰਾਂ ਨੇ ਕਈ ਵਾਰੀ ਬਹਾਦਰੀ ਦਿਖਾਈ ਭਾਈ
ਭਾਂਜ ਕਈ ਵਾਰੀ ਅੰਦ੍ਰੋਂ ਕਿਲੇ ਅੰਦ੍ਰੋਂ ਸ਼ੇਰ ਸਿੰਘ ਦੀ ਫੌਜ ਨੂੰ ਪਾਈ ਭਾਈ
ਬੜੀ ਫੌਜ ਸ਼ਾਹਜ਼ਾਦੇ ਦੀ ਮਾਰ ਕਰ੍ਕੇ ਸੁਸਰੀ ਵਾਂਗ ਜ਼ਮੀਨ ਵਿਛਾਈ ਭਾਈ
ਜਵਾਲਾ ਸਿੰਘ ਮੁਸਾਹਿਬ ਸ਼ਾਹਜ਼ਾਦੇ ਸੰਦੇ ਜਾਨ ਤੋੜ ਲੜਾਈ ਵਿਖਾਈ ਭਾਈ
ਗੁੱਸਾ ਖਾਕੇ ਸ਼ਾਹੀ ਮਸੀਤ ਸੰਦੇ ਤੋਪ ਉਤੇ ਮੁਨਾਰੇ ਚੜ੍ਹਾਈ ਭਾਈ
ਚਹੁੰਆਂ ਉਤੇ ਮੁਨਾਰਿਆਂ ਜੋੜ ਤੋਪਾਂ ਐਸੇਂ ਛੱਡੀਆਂ ਧਰਤਿ ਕੰਬਾਈ ਭਾਈ
ਬੂਹਾ ਪੱਛਮੀ ਕਿਲੇ ਦਾ ਤੋੜ ਦਿਤਾ ਬਾਹੀ ਨਾਲ ਹੀ ਕਿਲੇ ਦੀ ਢਾਹੀ ਭਾਈ
ਕਿਲੇ ਵਾਲੇ ਅਜੇਹੇ ਨੇ ਤੰਗ ਹੋਏ ਪਾਉਣ ਲਗੇ ਨੇ ਅੰਦ੍ਰ ਦੁਹਾਈ ਭਾਈ
ਕਿਲੇ ਵਾਲਿਆਂ ਓੜਕ ਨੂੰ ਹਥ ਜੋੜੇ ਚੌਥੇ ਦਿਨ ਫਿਰ ਹਾਰ ਹੈ ਖਾਈ ਭਾਈ
ਸੱਚੇ ਪਾਤਸ਼ਾਹ ਅੰਤ ਨੂੰ ਬਿਸ਼ਨ ਸਿੰਘਾ ਸ਼ੇਰ ਸਿੰਘ ਨੂੰ ਫਤੇ ਦਵਾਈ ਭਾਈ

[ਰਾਜੇ ਧਜਾਨ ਸਿੰਘ ਨੇ ਚੰਦ ਕੌਰ ਦੀ ਤੇ ਸ਼ੇਰ ਸਿੰਘ ਦੀ ਸੁਲਾ ਕਰਾ ਦੇਣੀ]

ਕੁਦਰਤ ਨਾਲ ਧਜਾਨ ਸਿੰਘ ਓਸੇ ਵੇਲੇ ਝੱਟ ਚਲਕੇ ਜੰਮੂੰ ਤੋਂ ਆਇਆ ਹੈ
ਦੋਹਾਂ ਧਿਰਾਂ ਦੀ ਸੁਲਾਹ ਕਰਾ ਦਿੱਤੀ ਸ਼ੇਰ ਸਿੰਘ ਨੂੰ ਇਉਂ ਸੁਣਾਇਆ ਹੈ
ਸੋਲਾਂ ਲੱਖ ਦੀ ਤੂੰ ਜਗੀਰ ਦੇ ਦੇ ਜੰਮੂ ਵਲ ਜੋ ਇਹ ਲਿਖਾਇਆਂ ਹੈ
ਚੰਦ ਕੌਰ ਅਰਾਮ ਦੇ ਨਾਲ ਖਾਵੇ ਧਜਾਨ ਸਿੰਘ ਨੇ ਇਹ ਅਲਾਇਆ ਹੈ
ਬੰਦੋਬਸਤ ਗੁਲਾਬ ਸਿੰਘ ਕਰਨ ਵਾਲਾ ਰਹੇ ਰਾਣੀ ਦਾ ਆਪ ਬਤਾਇਆ ਹੈ
ਰਾਜ ਸਾਂਭਲੈ ਸਾਰਾ ਤੂੰ ਬਿਸ਼ਨ ਸਿੰਘਾ ਸ਼ੇਰ ਸਿੰਘ ਨੂੰ ਇਉਂ ਮਨਾਇਆ ਹੈ

[ਸ਼ੇਰ ਸਿੰਘ ਦਾ ਕਿਲੇ ਅੰਦਰ ਦਖਲ ਹੋਣਾ]

ਸ਼ੇਰ ਸਿੰਘ ਹੈ ਕਿਲੇ ਦੇ ਵਿਚ ਵੜਿਆ ਇੰਤਜ਼ਾਮ ਨੇ ਕਰੇ ਕਰਾਇ ਵਾਹ ਵਾਹ
ਅਤਰ ਸਿੰਘ ਤੇ ਦੂਜਾ ਅਜੀਤ ਸਿੰਘ ਜੋ ਸੰਧਾਂ ਵਾਲੀਏ ਕਿਲੇ ਤੋਂ ਧਾਇ ਵਾਹ ਵਾਹ
ਪਾਰ ਸਤਲੁਜੋਂ ਜਾਕੇ ਵੱਸਣ ਲਗੇ ਲੈਣਾ ਸਿੰਘ ਦੇ.ਮਾੜੇ ਦਿਨ ਆਇ ਵਾਹ ਵਾਹ
ਸੰਧਾਂਵਾਲੀਆ ਲਹਿਣਾਂ ਸਿੰਘ ਕੈਦ ਹੋਯਾ ਸ਼ੇਰਸਿੰਘ ਨੇ ਹੁਕਮ ਸੁਣਾਇ ਵਾਹ ਵਾਹ
ਇਹਨਾਂ ਡੋਗਰਿਆਂ ਦੋਹਾਂ ਹੀ ਭਾਈਆਂ ਨੇ ਚੰਗੇ ਚੰਮਦੇ ਦੰਮ ਚਲਾਇ ਵਾਹ ਵਾਹ
ਇਕ ਸ਼ੇਰ ਸਿੰਘ ਦਾ ਦੂਜਾ ਰਾਣੀ ਸੰਦਾ ਬਣਿਆਂ ਦੋਹਾਂਨੇਫੇਦੇਉਠਾਇ ਵਾਹ ਵਾਹ
ਦੇਖੋ ਬਿੱਲੀ ਕਨੌਡੀ ਨੇ ਬਿਸ਼ਨ ਸਿੰਘਾ ਚੂਹਯਾਂ ਕੋਲੋਂ ਨੇ ਕੰਨ ਤੁੜਾਇ ਵਾਹ ਵਾਹ

[ਰਾਜੇ ਗੁਲਾਬ ਸਿੰਘ ਨੇ ਰਾਣੀ ਚੰਦ ਕੌਰ ਨੂੰ ਭੈੜੀ ਸਿਖਿਆ ਦੇਣੀ]

ਚੰਦ ਕੌਰ ਨੂੰ ਰਾਜੇ ਗੁਲਾਬ ਸਿੰਘ ਨੇ ਸ਼ੇਰ ਸਿੰਘ ਦਾ ਦਸਿਆ ਹਾਲ ਸਾਰਾ
ਸ਼ੇਰ ਸਿੰਘ ਹੁਣ ਰਾਜਾ ਹੈ ਬਣ ਬੈਠਾ ਲੈ ਆਪਣਾ ਮਾਲ ਸੰਭਾਲ ਸਾਰਾ
ਕਿਲੇ ਅੰਦਰੋਂ ਮਾਲ ਕਢਾ ਕਰਕੇ ਭੇਜ ਦੇਹ ਤੂੰ ਮੇਰੇ ਖਾਂ ਨਾਲ ਸਾਰਾ

ਦੋਹਾਂ ਧਿਰਾਂ ਨੇ ਤੋਪ ਬੰਦੂਕ ਸੰਦੀ ਤਾਵੀ ਚੰਗੀ ਹੈ ਅੱਗ ਬਰਸਾਈ ਭਾਈ
ਸ਼ੇਰ ਸਿੰਘ ਨਹੀਂ ਲਊਗਾ ਖੋਹ ਤੈਥੋਂ ਮੈਂ ਖੋਲਕੇ ਕਿਹਾ ਹਵਾਲ ਸਾਰਾ
ਸੌਂਹ ਗਊ ਦੀ ਕਰਾਂ ਨ ਬੇਈਮਾਨੀ ਮੈਨੂੰ ਆਪਣਾ ਜਾਨ ਰਖਵਾਲ ਸਾਰਾ
ਮੱਤ ਰੈਨ ਦੀ ਗਿਚੀ ਦੇ ਪਿਛੇ ਹੁੰਦੀ ਕੱਠਾ ਕੀਤਾ ਸੂ ਮਾਲ ਕਮਾਲ ਸਾਰਾ
ਊਠ ਖੱਚਰਾਂ ਹਾਥੀ ਲਦਾ ਗੱਡੇ ਭੇਜ ਦਿਤਾ ਹੈ ਜੰਮੂੰ ਨੂੰ ਮਾਲ ਸਾਰਾ
ਸੋਨਾਂ ਚਾਂਦੀ ਕਰੋੜਾਂ ਰੁਪੱਯਾਂ ਸੰਦਾ ਹੀਰਾ ਮੋਤੀ ਜੋ ਲਾਲ ਗੁਲਾਲ ਸਾਰਾ
ਅਤੇ ਸਾਰਾ ਖਜ਼ਾਨਾ ਲਦਾ ਕਰਕੇ ਲੈਗਿਆ ਜੋ ਡੋਗਰਾ ਭਾਲ ਸਾਰਾ
ਚੰਗੀ ਚੀਜ ਕੋਈ ਛੱਡੀ ਨ ਕਿਲੇ ਅੰਦਰ ਕੀਤਾ ਡੋਗਰੇ ਬੁਰਾ ਖਿਆਲ ਸਾਰਾ
ਇਹਨਾਂ ਡੋਗਰਿਆਂ ਪਾਪੀਆਂ ਲੁੱਟ ਕਰਕੇ ਕੀਤਾ ਸਿਖਾਂ ਦਾ ਘਰ ਕੰਗਾਲ ਸਾਰਾ
ਧਯਾਨ ਸਿੰਘ ਸਮੇਤ ਗੁਲਾਬ ਸਿੰਘ ਦੇ ਸੀਗਾ ਕੋੜਮਾਂ ਇਹ ਚੰਡਾਲ ਸਾਰਾ
ਇਕ ਕੱਢਣ ਤੇ ਦੂਜਾ ਕਢਾਉਣ ਵਾਲਾ ਲਿਆ ਸਿੱਖਾਂ ਦਾ ਮਾਲ ਉਧਾਲ ਸਾਰਾ
ਮਹਾਰਾਜ ਦੇ ਘਰੋਂ ਹੀ ਬਿਸ਼ਨ ਸਿੰਘਾ ਹੋਯਾ ਇਹਨਾਂ ਦਾ ਘਰ ਨਿਹਾਲ ਸਾਰਾ

[੧ ਮਾਘ ਨੂੰ ਸ਼ੇਰ ਸਿੰਘ ਨੇ ਤਖਤ ਤੇ ਬੈਠਣਾਂ]

ਸ਼ੇਰ ਸਿੰਘ ਨੇ ਤਖਤ ਤੇ ਬੈਠ ਕਰਕੇ ਧਯਾਨ ਸਿੰਘ ਵਜ਼ੀਰ ਬਣਾਇਆ ਏ
ਸਭਨਾਂ ਸਿਖਾਂ ਸਰਦਾਰਾਂ ਤੋਂ ਨਜ਼ਰਾਂ ਲੈਕੇ ਦੇ ਦੇ ਇਨਾਮ ਬਹਾਇਆ ਏ
ਸਾਰੀ ਫੌਜ ਨੂੰ ਬੜਾ ਹੈ ਖੁਸ਼ ਕੀਤਾ ਸਭ ਦਾ ਇਕ ਰੁਪੱਯਾ ਵਧਾਇਆ ਏ
ਬੰਦੋ ਬਸਤ ਤਾਂ ਮੁਲਕ ਦਾ ਐਸਾ ਕਰਿਆ ਜੈਸਾ ਕਿਸੇ ਨ ਕਰਿਆ ਕਰਾਇਆ ਏ
ਸਾਰੇ ਮੁਲਕ ਦੇ ਉਤੇ ਹੀ ਸ਼ੇਰ ਸਿੰਘ ਨੇ ਰੋਬ ਦਾਬ ਤਾਂ ਅਪਣਾ ਪਾਇਆ ਏ
ਸ਼ੇਰ ਸਿੰਘ ਦੇ ਰਾਜ ਦੇ ਸ਼ੁਰੂ ਅੰਦਰ ਐਪਰ ਖਾਲਸਾ ਐਸਾ ਮਛਰਾਇਆ ਏ
ਸ਼ੇਰ ਸਿੰਘ ਦੀ ਨਹੀਂ ਪਰਵਾਹ ਕੀਤੀ ਸਾਰੇ ਦੇਸ ਨੂੰ ਲੁੱਟ ਕੇ ਖਾਇਆ ਏ
ਰੱਖੇ ਵਾਹਿਗੁਰੂ ਪਤ ਹੀ ਬਿਸ਼ਨ ਸਿੰਘਾ ਸਮਾਂ ਬੁਰਛਿਆਂ ਦਾ ਹੁਣ ਆਇਆ ਏ

[ਫੌਜ ਖਾਲਸਾ ਦੀਆਂ ਖਰਾਬੀਆਂ]

ਸ਼ੇਰ ਸਿੰਘ ਦੇ ਹੁਕਮ ਦੇ ਸੰਗਲ ਸਾਰੇ ਫੌਜ ਖਾਲਸੇ ਹੈਣ ਉਤਾਰ ਦਿਤੇ
ਬਾਗੀ ਹੋਈ ਹੈ ਸਿੰਘਾਂ ਦੀ ਫੌਜ ਸਾਰੀ ਲਾਹ ਹੁਕਮ ਦੇ ਸਿਰ ਤੋਂ ਭਾਰ ਦਿਤੇ
ਸਾਰੇ ਸ਼ਹਿਰ ਲਾਹੌਰ ਦੇ ਵਿਚ ਵੜਕੇ ਸਾਫ ਸ਼ਹਿਰ ਦੇ ਕਰ ਬਜ਼ਾਰ ਦਿਤੇ
ਘਰ ਐਸੇ ਲੁੱਟੇ ਸਭਨਾਂ ਹਾਕਮਾਂ ਦੇ ਇਕ ਵਾਰ ਤਾਂ ਕਰ ਲਾਚਾਰ ਦਿਤੇ
ਸ਼ਾਹੂਕਾਰ ਸਭ ਸ਼ੈਹਿਰ ਦੇ ਲੁੱਟ ਕਰਕੇ ਫੌਜ ਖਾਲਸੇ ਹੈਣ ਉਜਾੜ ਦਿਤੇ
ਜੇਹੜਾ ਅੜਿਆ ਸੋ ਝੜਿਆ ਮਦਾਨ ਅੰਦਰ ਕਈ ਤੇਗਦੇ ਘਾਟ, ਉਤਾਰ ਦਿਤੇ
ਕਾਰ ਦਾਰ ਸਭ ਕਿਲੇ ਦੇ ਲੁੱਟ ਖਾਧੇ ਸਾਰੇ ਲੋਕ ਹੀ ਕਰ ਬੇਜ਼ਾਰ ਦਿਤੇ
ਫੋਕਸ ਸਾਹਿਬ ਜਹੇ ਅਫਸਰ ਬੜੇ ਭਾਰੇ ਫੜ ਫੜਕੇ ਸਿੰਘਾਂ ਨੇ ਮਾਰ ਦਿਤੇ
ਖੈਰ ਖਾਹ ਲਾਹੌਰ ਦਰਬਾਰ ਸੰਦਾ ਜਿਸਨੇ ਕਈ ਸੀ ਕੰਮ ਸਵਾਰ ਦਿਤੇ
ਜਰਨਲ ਕੋਰਟ ਸਾਹਿਬ ਜਿਸਦਾ ਨਾਮ ਸੀਗਾ ਏਹੋ ਜਹੇ ਵੀ ਸਿੰਘਾਂ ਨੇ ਤਾੜ ਦਿਤੇ
ਓੜਕ ਇਹ ਤਾਂ ਡਰਦਾ ਭੱਜ ਗਿਆ ਬਿਨਾ ਖਾਲਸੇ ਨੂੰ ਖਬਰ ਸਾਰ ਦਿਤੇ

ਦਿਨੋਂ ਦਿਨ ਹੀ ਵਿਗੜਦੀ ਫੌਜ ਜਾਂਦੀ ਕਈ ਫੌਜ ਨੇ ਕੰਮ ਵਿਗਾੜ ਦਿਤੇ
ਬਾਗੀ ਹੋਇਕੇ ਸਿੰਘਾਂ ਨੇ ਬਿਸ਼ਨ ਸਿੰਘਾ ਨੇਕ ਕੰਮ ਨੇ ਸਾਰੇ ਵਿਸਾਰ ਦਿਤੇ

[ਬੁਰਛੇ ਗਰਦੀ ਦੀਆਂ ਹੋਰ ਕਰਤੂਤਾਂ]

ਓਸ ਸਮੇਂ ਅਜੇਹੀ ਹੈ ਪੌਣ ਚੱਲੀ ਕਈ ਗੁਰੂ ਦੇ ਲਾਲ ਉਡਾਇ ਫੜਕੇ
ਭਜਨ ਕਰਨ ਵਾਲੇ ਦਿਨੇ ਰਾਤ ਜੇਹੜੇ ਜਤੀ ਸਤੀ ਵੀ ਮਾਰ ਮੁਕਾਇ ਫੜਕੇ
ਐਸ ਸਮੇਂ ਦੀ ਚੰਦ੍ਰੀ ਪੌਣ ਐਸੀ ਕਸ਼ਮੀਰ ਕਾਬਲ ਪਸ਼ੌਰ ਕੰਬਾਇ ਫੜਕੇ
ਸਾਰੀ ਫੌਜ ਨੂੰ ਝੋਲਾ ਇਹ ਵੱਗ ਗਿਆ ਕੁਝ ਮਾਰੇ ਤੇ ਕੁਝ ਦੁੜਾਇ ਫੜਕੇ
ਮੀਹਾਂ ਸਿੰਘ ਕਸ਼ਮੀਰ ਦਾ ਸੂਬਾ ਜੇਹੜਾ ਲਿਆ ਬੁਰਛਿਆਂ ਓਨੂੰ ਦਬਾਇ ਫੜਕੇ
ਜਾਨੋਂ ਮਾਰਕੇ ਓਸ ਦੇ ਘਰ ਸੰਦੀ ਰਿਣੀ ਚਿਣੀ ਨੇ ਲੁੱਟ ਲਿਆਇ ਫੜਕੇ
ਅਬੂਤਬਲਾ ਸਾਹਿਬ ਜਰਨੈਲ ਭਾਰਾ ਡੇਰੇ ਵਿਚ ਪਸ਼ੌਰ ਲਗਾਇ ਫੜਕੇ
ਡਰਦੇ ਓਨ ਵੀ ਭੱਜ ਡਲੀਗਿਆਂ ਤੋਂ ਲਏ ਆਪਣੇ ਪ੍ਰਾਣ ਬਚਾਇ ਫੜਕੇ
ਜਲਾਲਾਵਾਦ ਦੇ ਵਿਚ ਹੈ ਜਾ ਵੜਿਆ ਲਿਆ ਆਪਣਾ ਆਪ ਲੁਕਾਇ ਫੜਕੇ
ਏਸੇ ਤਰਾਂ ਈਂ ਬੁਰਛਿਆਂ ਚੋਬਰਾਂ ਨੇ ਅਹਿਲਕਾਰ ਵੀ ਸਾਰੇ ਡਰਾਇ ਫੜਕੇ
ਜਿਥੇ ਕਿਥੇ ਦਸ ਵੀਹ ਨੇ ਹੋਣ ਕੱਠੇ ਲੁੱਟ ਮਾਰ ਦਾ ਜ਼ਿਕਰ ਚਲਾਇ ਫੜਕੇ
ਈਕੂੰ ਸੈਂਕੜੇ ਸਿੱਖ ਸਰਦਾਰ ਸਿੱਖਾਂ ਰਲਕੇ ਚੋਬਰਾਂ ਪਾਰ ਬੁਲਾਇ ਫੜਕੇ
ਘਰ ਬਾਰ ਨੇ ਸਭਨਾਂ ਦੇ ਲੁੱਟ ਲੀਤੇ ਕੇਹੜਾ ਚੋਬਰਾਂ ਕੋਲੋਂ ਛੁਡਾਇ ਫੜਕੇ
ਰੌਲਾ ਮੱਚ ਗਿਆ ਸਾਰੇ ਦੇਸ ਅੰਦਰ ਬੁਰਛੇ ਗਰਦੀ ਦੇ ਦਿਨ ਨੇ ਆਇ ਫੜਕੇ
ਵਾੜ ਖੇਤੀ ਨੂੰ ਖਾਣ ਹੈ ਉਠ ਬੈਠੀ ਦਸੋ ਸਿਖਾਂ ਨੂੰ ਕੌਣ ਹਟਾਇ ਫੜਕੇ
ਇਹਨਾਂ ਦਿਨਾਂ ਵਿਚ ਚੋਬਰਾਂ ਬਿਸ਼ਨ ਸਿੰਘਾ ਬੜੇ ਬੜੇ ਨੇ ਜ਼ੁਲਮ ਕਮਾਇ ਫੜਕੇ

[ਮਹਾਰਾਜਾ ਸ਼ੇਰ ਸਿੰਘ ਤੇ ਵਜ਼ੀਰ ਧਜਾਨ ਸਿੰਘ]

ਏਸ ਸਮੇਂ ਦੀ ਦੇਖ ਕੁਚਾਲ ਭੈੜੀ ਦੋਵੇਂ ਰਾਜਾ ਵਜ਼ੀਰ ਹੈਰਾਨ ਬੈਠੇ
ਬੁਰਛੇ ਚੋਬਰਾਂ ਸਿੰਘਾਂ ਤੋਂ ਤੰਗ ਆਕੇ ਸੋਚਾਂ ਸੋਚਦੇ ਹੈਣ ਮਹਾਨ ਬੈਠੇ
ਕਰਕੇ ਬੰਦ ਜ਼ਬਾਨ ਪਰਾਨ ਲੈਕੇ ਅੰਦਰ ਵੜਕੇ ਨੇ ਪਰੇਸ਼ਾਨ ਬੈਠੇ
ਰਹਿਣੀ ਸਾਡੀ ਵੀ ਜਾਨ ਨ ਬਿਸ਼ਨ ਸਿੰਘਾ ਦੋਵੇਂ ਰਾਜਾ ਵਜ਼ੀਰ ਨੇ ਜਾਨ ਬੈਠੇ

[ਸਰਕਾਰ ਅੰਗ੍ਰੇਜ਼ੀ ਦੀ ਸ਼ੇਰ ਸਿੰਘ ਨਾਲ ਹਮਦਰਦੀ]

ਇਸ ਖਰਾਬੀ ਨੂੰ ਸੁਣ ਸੁਧਾਰ ਲਈ ਦੇਰ ਰਤਾ ਅੰਗ੍ਰੇਜ਼ਾਂ ਨੇ ਲਾਈਏ ਨ
ਫੌਜ ਬਾਰਾਂ ਹਜਾਰ ਸੀ ਦੇਣੀ ਚਾਹੀ ਐਪਰ ਆਪ ਮਹਾਰਾਜ ਮੰਗਵਾਈਏ ਨ
ਮਾਰ ਦੇਣਗੇ ਬੁਰਛੇ ਹੰਕਾਰੀ ਮੈਨੂੰ ਕਿਸ ਲਈ ਫੌਜ ਅੰਗ੍ਰੇਜ਼ੀ ਬੁਲਾਈਏ ਨ
ਬਿਸ਼ਨਸਿੰਘ ਅੰਗ੍ਰੇਜ਼ਾਂ ਹਮਦਰਦੀਕੀਤੀ ਏਹਨਾਂ ਤਾਈਂ ਇਹ ਗਲ ਸੁਖਾਈਏ ਨ

[ਮਹਾਰਾਜੇ ਸ਼ੇਰ ਸਿੰਘ ਨੇ ਆਪ ਆਪਣੀ ਫੌਜ ਦਾ ਸੁਧਾਰ ਕਰਨਾ]

ਸ਼ੇਰ ਸਿੰਘ ਮਹਾਰਾਜ ਦਨਾਈ ਕੀਤੀ ਚਾਲ ਚਲੀ ਰਾਜਨੀਤ ਦੀ ਆ ਕਰਕੇ
ਪਹਿਲੇ ਰੋਜ ਇਹ ਨੇਮ ਸੋ ਸ਼ੁਰੂ ਕੀਤਾ ਬੈਠਣ ਲਗਾ ਹੈ ਫੌਜ ਵਿਚ ਜਾ ਕਰਕੇ

ਗੱਲਾਂ ਮਿਠੀਆਂ ਅਤੇ ਪਿਆਰੀਆਂ ਜੋ ਕਰਨ ਲੱਗਾ ਪਿਆਰ ਹੈ ਪਾ ਕਰਕੇ
ਸਭਨਾਂ ਲੁਚਿਆਂ ਨਾਲ ਤਿਲੰਗਿਆਂ ਦੇ ਲਿਆ ਅਪਨਾ ਪਯਾਰ ਵਧਾ ਕਰਕੇ
ਮੁਲਕਾਂ ਹੋਰਨਾਂ ਦੀਆਂ ਕਹਾਣੀਆਂ ਜੋ ਬੈਠ ਬੈਠਕੇ ਆਪ ਸੁਣਾ ਕਰਕੇ
ਬਾਦਸ਼ਾਹਾਂ ਦੇ ਨਾਲੇ ਪਰਸੰਗ ਸੁਹਣੇ ਹੁਨਰ ਵਿਦਜਾ ਨਾਲੇ ਦਿਖਾ ਕਰਕੇ
ਹੋਰ ਕਈ ਪ੍ਰਕਾਰ ਦੇ ਕਿਸਬ ਅਪਣੇ ਸਾਰੀ ਫੌਜ ਨੂੰ ਆਪ ਸਿਖਾ ਕਰਕੇ
ਵਿਗੜੀ ਫੌਜ ਹੈ ਸਭ ਸੁਧਾਰ ਲੀਤੀ ਸ਼ਰਬਤ ਪ੍ਰੇਮ ਦਾ ਆਪ ਪਿਲਾ ਕਰਕੇ
ਚੰਗੇ ਚੰਗੇ ਹੈ ਕੰਮ ਸਿਖਾਉਨ ਲਗਾ ਸਾਰੀ ਫੌਜ ਨੂੰ ਮਗਰ ਲਗਾ ਕਰਕੇ
ਇਕ ਜੁੰਡੀ ਦੇ ਯਾਰ ਜੋ ਆਦਮੀ ਸਨ ਦਿਤੇ ਸਭ ਨਿਖੇੜ ਸਮਝਾ ਕਰਕੇ
ਕਿਧਰੇ ਕਿਧਰੇ ਓਹ ਆਦਮੀ ਭੇਜ ਦਿਤੇ ਵਖੋ ਵਖ ਨੇ ਕੰਮਾਂ ਤੇ ਲਾ ਕਰਕੇ
ਅਪਣੀ ਹਿਕਮਤ ਰਾਜਨੀਤ ਦੇ ਚਾਲਿਆਂ ਨੇ ਲਿਆ ਆਪਣਾ ਰਾਜ ਬਣਾ ਕਰਕੇ
ਐਸੀ ਫੌਜ ਹੈ ਆਪਣੀ ਸਿੱਧੀ ਕੀਤੀ ਕੋਈ ਕੰਨ ਨ ਤੁਰੇ ਉਠਾ ਕਰਕੇ
ਸੰਗਲ ਪਾ ਅੰਗ੍ਰੇਜ਼ੀ ਕਾਨੂੰਨ ਸੰਦੇ ਸਾਰੀ ਫੌਜ ਨੂੰ ਲਿਆ ਬਹਾ ਕਰਕੇ
ਵਖੋ ਵਖਰੀ ਛਾਉਣੀ ਦੇ ਵਿਚ ਫੌਜੀ ਦੂਰ ਦੂਰ ਉਤਾਰੇ ਇਕ ਦਾ ਕਰਕੇ
ਮੁਖਬਰ ਆਪਣੇ ਵਿਚ ਨੇ ਛਡ ਦਿਤੇ ਗਲ ਭੇਤ ਦੀ ਆਪ ਬਤਾ ਕਰਕੇ
ਨਵੀਂ ਭਰਤੀ ਫਿਰ ਹੋਰ ਹੈ ਕਰ ਲੀਤੀ ਚੋਖਰ ਪਾਪੀ ਪੁਰਾਣੇ ਹਟਾ ਕਰਕੇ
ਸ਼ੇਰ ਸਿੰਘ ਮਹਾਰਾਜ ਫਿਰ ਬਿਸ਼ਨ ਸਿੰਘਾ ਬੈਠਾ ਆਪਣਾ ਮੁਲਕ ਵਸਾ ਕਰਕੇ

[ਮਹਾਰਾਜਾ ਸ਼ੇਰ ਸਿੰਘ]

ਸ਼ੇਰ ਸਿੰਘ ਇਹ ਐਸਾ ਬਲਵਾਨਸੀਗਾ ਇਹਦੇ ਜੇਹਾ ਨ ਕੋਈ ਬਲਵਾਨ ਸੀਗਾ
ਪੁਤਲਾ ਅਕਲ ਦਾ ਬਲ ਦਾ ਭੰਡਾਰ ਭਾਰਾ ਸੁੰਦਰ ਸ਼ੇਰ ਦੇ ਵਾਂਗ ਜਵਾਨ ਸੀਗਾ
ਤੇਜ ਪੁੰਜ ਤੇ ਹਸਮੁਖਾ ਮੁਖ ਹੈਸੀ ਮੱਥਾ ਚਮਕਦਾ ਸੂਰਜ ਭਗਵਾਨ ਸੀਗਾ
ਮੁਲਕ ਵਿਗੜਿਆ ਸੋਧਿਆ ਬਿਸ਼ਨਸਿੰਘਾ ਕੰਮ ਕੀਤਾ ਇਹ ਏਸ ਮਹਾਨ ਸੀਗਾ

[ਤਥਾ]

ਥੋੜੇ ਦਿਨਾਂ ਵਿਚ ਤਾਈਓਂ ਹੀ ਮਹਾਰਾਜੇ ਬੰਦੋਬਸਤ. ਹੈ ਕਰ ਕਰਾ ਲਿਆ
ਨਾਦਰ ਨਾਲੋਂ ਤਾਂ ਆਪ ਮਹਾਰਾਜ ਜੀ ਨੇ ਰੋਬ ਦਾਬ ਵਧੇਰੇ ਹੈ ਪਾ ਲਿਆ
ਥਰ ੨ ਫੌਜ ਤੇ ਪਰਜਾ ਸਭਕੰਬਣ ਲਗ ਪਈ ਹਰ ਇਕ ਨੂੰ ਐਸਾ ਦਬਾ ਲਿਆ
ਜਦੋਂ ਆਪਣਾ ਘਰ ਹੈ ਵਸ ਆਯਾ ਫਿਰ ਤਾਂ ਹੋਰਨਾਂ ਵੀ ਡਰ ਖਾ ਲਿਆ
ਕੰਬਣ ਲਗੇ ਅੰਗ੍ਰੇਜ਼ ਤੇ ਕਾਬਲ ਵਾਲੇ ਐਸਾ ਆਪਣਾ ਤੇਜ ਦਿਖਾ ਲਿਆ
ਆਪਣੇ ਪਿਓ ਦੇ ਵਾਂਗ ਹੀ ਸ਼ੇਰ ਸਿੰਘ ਨੇ ਚੰਗਾ ਆਪਣਾ ਡੰਕਾ ਵਜਾ ਲਿਆ
ਮੁਲਕ ਸਾਰਾ ਹੀ ਸੁਖੀ ਵਸਾ ਲਿਆ ਸਭੇ ਨੂੰ ਨਾਲ ਅਰਾਮ ਖਹਾ ਲਿਆ
ਸ਼ੇਰ ਸਿੰਘ ਮਹਾਰਾਜ ਨੇ ਬਿਸ਼ਨ ਸਿੰਘਾ ਚੰਗਾਂ ਧਰਮ ਦਾ ਰਾਜ ਕਮਾ ਲਿਆ

[ਤਥਾ]

ਸ਼ੇਰ ਸਿੰਘ ਮਹਾਰਾਜ ਨੇ ਗੱਦੀ ਬਹਿਕੇ ਆਪ ਧਰਮ ਦੇ ਕੰਮ ਕਮਾਇ ਵਾਹ ਵਾਹ
ਕਈਆਂ ਚੋਰਾਂ ਉਚੱ[illegible] ਲੰਡਿਆਂ ਦੇ ਨੱਕ ਬਾਹਾਂ ਤੇ ਹੱਥ ਕਟਵਾਇ ਵਾਹ ਵਾਹ

ਪੰਜ ਸਤ ਨਿਆਉਂ ਬੀ ਐਸੇ ਕੀਤੇ ਦੁਧੋਂ ਪਾਣੀ ਨਿਤਾਰ ਵਿਖਾਇ ਵਾਹਵਾਹ
ਹੋਰ ਝਗੜੇ ਫਸਾਦ ਸੀ ਜਿੰਨੇ ਹੁੰਦੇ ਸਭ ਦੇਸ ਤੋਂ ਹੈਣ ਹਟਾਇ ਵਾਹਵਾਹ
ਐਨ ਅਮਨ ਪੰਜਾਬ ਵਿੱਚ ਹੋਯਾ ਲੋਕ ਨਾਲ ਅਰਾਮ ਬਹਾਇ ਵਾਹਵਾਹ
ਕੋਈ ਕਿਸੇ ਦੀ ਚੀਜ ਨ ਛੇੜ ਸੱਕੇ ਨਹੀਂ ਭੁਲਕੇ ਆਪ ਉਠਾਇ ਵਾਹਵਾਹ
ਚੋਰ ਚੋਰੀ ਨੂੰ ਉੱਕੇ ਹੀ ਛਡ ਬੈਠੇ ਮਾਲ ਸਮਝ ਦੇ ਸੌਂਹ ਪਰਾਇ ਵਾਹਵਾਹ
ਖੁਲੇ ਬੂਹੇ ਸਭ ਘਰਾਂ ਦੇ ਲੋਕ ਰੱਖਣ ਕੁਝ ਕਿਸੇ ਦਾ ਮੂਲ ਨ ਜਾਇ ਵਾਹਵਾਹ
ਕਾਰਦਾਰ ਜੋ ਬੁਰੇ ਬਦਮਾਸ਼ ਹੈਸਨ ਮਾਰ ਮਾਰ ਕੇ ਓਹ ਵੀ ਉਡਾਇ ਵਾਹਵਾਹ
ਬਾਗ਼ੀ ਲੋਗ ਜੋ ਰੋਜ ਪਥਾੜੇ ਪਾਉਂਦੇ ਓਹ ਵੀ ਦੇਸ ਦੇ ਉਤੋਂ ਮੁਕਾਇ ਵਾਹਵਾਹ
ਐਸੇ ਸਿੱਧੇ ਕੀਤੇ ਲੋਗ ਬਾਗ਼ੀ ਸਾਰੇ ਕੋਈ ਸਿਰ ਨ ਆਪ ਹਲਾਇ ਵਾਹਵਾਹ
ਮਹਾਰਾਜ ਨੇ ਧਰਮ ਦਾ ਰਾਜ ਕਰਕੇ ਸਾਰੇ ਲੋਕ ਨੇ ਸੁਖੀ ਵਸਾਇ ਵਾਹਵਾਹ
ਅਪਣੀ ਅਕਲ ਦੇ ਜੋਰ ਤੇ ਮਹਾਰਾਜੇ ਚੰਗੇ ਕੰਮ ਨੇ ਕਰ ਦਿਖਾਇ ਵਾਹਵਾਹ
ਜ਼ਾਲਮ ਲੋਕ ਸਭ ਸੂਲੀ ਦੇ ਨੱਕੇ ਵਿਚੋਂ ਮਹਾਰਾਜ ਨੇ ਆਪ ਲੰਘਾਇ ਵਾਹਵਾਹ
ਇਹ ਕੰਮ ਮਹਾਰਾਜ ਦੇ ਬਿਸ਼ਨ ਸਿੰਘਾ ਧਜਾਨਸਿੰਘ ਨੂੰ ਨਹੀਂ ਸੁਖਾਇ ਵਾਹਵਾਹ

[ਕਵੀ]

ਇਹ ਐਸਾ ਚੰਡਾਲ ਵਜ਼ੀਰ ਸੀਗਾ ਕਹਿੰਦਾ ਮੇਰਾ ਹੀ ਹੁਕਮ ਅਪਾਰ ਹੋਵੇ
ਹੁਕਮ ਸਾਰਾ ਹੀ ਦੇਸ ਹੈ ਮੰਨੇ ਮੇਰਾ ਮਹਾਰਾਜ ਵੀ ਮੇਰੇ ਅਨੁਸਾਰ ਹੋਵੇ
ਇਸ ਭਾਰੇ ਲਾਹੌਰ ਦਰਬਾਰ ਅੰਦਰ ਸਾਰਾ ਕੋੜਮਾ ਮੇਰੇ ਮੁਖਤਾਰ ਹੋਵੇ
ਰਾਜਾ ਸਿੱਖ ਕੋਈ ਹੋਵੇ ਨ ਬਿਸ਼ਨ ਸਿੰਘਾ ਨਾਮ ਮੇਰਾ ਹੀ ਆਪ ਸਰਕਾਰ ਹੋਵੇ

[ਧਜਾਨ ਸਿੰਘ ਦਾ ਜ਼ੁਲਮ]

ਧਜਾਨ ਸਿੰਘ ਮਹਾਰਾਜ ਦੇ ਰਾਜ ਅੰਦਰ ਚੰਗੇ ਚੰਮ ਦੇ ਦੰਮ ਚਲਾਇ ਛੱਡੇ
ਰੋਬਦਾਬ ਮਹਾਰਾਜ ਦਾ ਮੰਨਿਆਂ ਨ ਬੜੇ ਬੜੇ ਇਸ ਜ਼ੁਲਮ ਕਮਾਇ ਛੱਡੇ
ਦੁਖ ਦੇਇਕੇ ਏਸ ਵਜ਼ੀਰ ਪਾਪੀ ਕਈ ਸਿਖ ਸਰਦਾਰ ਮੁਰਵਾਇ ਛੱਡੇ
ਰੋਜ ਆਣਕੇ ਕਰਕੇ ਜੈ ਦੇਵਾ ਜੇਹੜਾ ਏਸ ਨੂੰ ਸਿਰ ਨਿਵਾਇ ਛੱਡੇ
ਬਸ ਓਸ ਨੂੰ ਜਾਣਦਾ ਬਹੁਤ ਚੰਗਾ ਓਹ ਨੂੰ ਫੈਦੇ ਹੈ ਕਈ ਪੁਚਾਇ ਛੱਡੇ
ਜੈ ਦੇਵਾ ਨ ਜੇਹੜਾ ਹੈ ਕਰਨ ਆਵੇ ਓਹ ਦੇ ਵਲ ਧਜਾਨ ਲਗਾਇ ਛੱਡੇ
ਓਹਨੂੰ ਕਿਸੇ ਨ ਕਿਸੇ ਬਹਾਨੇ ਕੱਢੀ ਸਜਾ ਕੋਈ ਨ ਕੋਈ ਦਵਾਇ ਛੱਡੇ
ਸ਼ੇਰ ਸਿੰਘ ਦੇ ਰਾਜ ਵਿਚ ਬਿਸ਼ਨ ਸਿੰਘਾ ਇਸ ਵੀ ਆਪਣੇ ਹੱਥ ਵਿਖਾਇ ਛੱਡੇ

[ਧਜਾਨ ਸਿੰਘ ਨੇ ਸਰਦਾਰ ਜ੍ਵਾਲਾ ਸਿੰਘ ਨੂੰ ਮਰਵਾਉਣਾਂ]

ਅਵੱਲ ਦਰਜੇ ਦਾ ਜ੍ਵਾਲਾਸਿੰਘ ਸੂਰਮਾ ਸੀ ਜਿਹਦਾ ਪਿਛੇ ਮੈਂ ਹਾਲ ਸੁਣਾ ਦਿਤਾ
ਇਹ ਲੰਗੋਟੀਆ ਯਾਰ ਮਹਾਰਾਜਦਾ ਸੀ ਤਾਈਂਓਂ ਲੈਕ ਮੁਸਾਹਿਬ ਬਣਾ ਦਿਤਾ
ਧਜਾਨ ਸਿੰਘ ਨੂੰ ਏਸ ਦੇ ਜੋ ਕੀਤੀ ਦਾ ਲਾ ਕੇ ਇਹਨੂੰ ਫਸਾ ਦਿਤਾ
ਸਿੰਘਾਂ ਵਾਲੀਆਂ ਦੇ ਨਾਲ ਮੇਲ ਰੱਖੇ ਇਹ ਅਲਜ਼ਾਮ ਹੈ ਏਸ ਨੂੰ ਲਾ ਦਿਤਾ

ਸ਼ੇਖੂ ਪੁਰੇ ਦੇ ਕਿਲੇ ਵਿਚ ਕੈਦ ਕਰਕੇ ਪਾਪੀ ਧਜਾਨ ਸਰਦਾਰ ਮੁਰਵਾ ਦਿਤਾ
ਬਸ ਏਸੇ ਹੀ ਜ਼ੁਲਮ ਧਜਾਨ ਸਿੰਘ ਨੇ ਸਾਰੇ ਸਿੱਖਾਂ ਨੂੰ ਹੈ ਕੰਬਾ ਦਿਤਾ
ਸਾਰੇ ਏਸ ਦੀਆਂ ਪੂਣੀਆਂ ਵਟਣ ਲਗੇ ਕਿਉਂ ਏਸ ਨੇ ਜ਼ੁਲਮ ਕਮਾ ਦਿਤਾ
ਮਹਾਰਾਜ ਵੀ ਏਸ ਦੇ ਮਗਰ ਲਗ ਪਏ ਰਾਜ ਕਾਜ ਨੂੰ ਹੈ ਭੁਲਾ ਦਿਤਾ
ਆਖੇ ਲਗਕੇ ਆਪ ਵਜ਼ੀਰ ਸੰਦੇ ਕਈਆਂ ਸਿੱਖਾਂ ਨੂੰ ਮਾਰ ਮੁਕਾ ਦਿਤਾ
ਕਈਆਂ ਤਾਂਈ ਮਹਾਰਾਜ ਨੇ ਲੁੱਟ ਲੀਤਾ ਪਿੰਡਾ ਚਾਬਕਾਂ ਨਾਲ ਉਡਾ ਦਿਤਾ
ਬਿਸ਼ਨਸਿੰਘ ਕਸੂਰ ਸਭ ਧਜਾਨ ਸਿੰਘ ਦਾ ਇਸਨੇ ਬੜਾ ਹੈ ਜ਼ੁਲਮ ਉਠਾ ਦਿਤਾ

[ਪਿਛਲਾ ਪ੍ਰਸੰਗ]

ਮਹਾਰਾਜ ਰਣਜੀਤ ਸਿੰਘ ਦੇ ਵੇਲੇ ਮੈਂ ਪਿਛੇ ਪਰਸੰਗ ਸੁਣਾਯਾ ਹੋਯਾ
ਮੱਦਤ ਦੇ ਅੰਗ੍ਰੇਜ਼ਾਂ ਨੂੰ ਮਹਾਰਾਜੇ ਸ਼ਾਹ ਸੁਜਾਹ ਨੂੰ ਤਖਤ ਬਹਾਯਾ ਹੋਯਾ
ਫੜਕੇ ਕਾਬਲੋਂ ਦੋਸਤ ਮੁਹੰਮਦ ਖਾਂ ਨੂੰ ਕਲਕੱਤੇ ਵਿਚ ਅੰਗ੍ਰੇਜ਼ਾਂ ਪੁਚਾਯਾ ਹੋਯਾ
ਸ਼ਾਹ ਸੁਜਾਦੀ ਮੱਦਤ ਦੇ ਵਾਸਤੇ ਤੇ ਪੰਥ ਖਾਲਸਾ ਕਾਬਲ ਸੀ ਆਯਾ ਹੋਯਾ
ਨਾਲੇ ਕਈਆਂ ਅੰਗ੍ਰੇਜ਼ਾਂ ਨੇ ਆਪ ਆਕੇ ਡੇਰਾ ਕਾਬਲ ਦੇ ਵਿਚ ਸੀ ਲਾਯਾ ਹੋਯਾ
ਅਲੀ ਅਕਬਰ ਬੇਟੇ ਦੋਸਤ ਖਾਂ ਦੇ ਨੇ ਏਸ ਗਲ ਤੋਂ ਗੁੱਸਾ ਸੀ ਖਾਯਾ ਹੋਯਾ
ਕੱਠੇ ਕਰ ਮੁਲਖੱਈਆਂ ਸਾਰਿਆਂ ਨੂੰ ਸ਼ੋਰ ਕਾਬਲ ਦੇ ਵਿਚ ਮਚਾਯਾ ਹੋਯਾ
ਸ਼ਾਹਸੁਜਾ ਨੂੰ ਕਤਲ ਸੀ ਕਰ ਦਿਤਾ ਰੋਬ ਬੜਾ ਅੰਗ੍ਰੇਜ਼ਾਂ ਤੇ ਪਾਯਾ ਹੋਯਾ
ਸਾਹਿਬ ਲੋਗਾਂ ਤੇ ਮੇਮਾਂ ਤੇ ਬਚਿਆਂ ਨੂੰ ਫੜ ਫੜ ਕੇ ਬੜਾ ਦੁਖਾਯਾ ਹੋਯਾ
ਕੈਦ ਕਰਕੇ, ਗੋਹੇ ਚੁਗਾ ਕਰਕੇ ਮੇਮਾਂ ਕੋਲੋਂ ਹੰਮਾਮ ਤਪਵਾਯਾ ਹੋਯਾ
ਨਾਲੇ ਫੌਜ ਅੰਗ੍ਰੇਜ਼ੀ ਦੇ ਨਾਲ ਤੁਰਕਾਂ ਬੜਾ ਬੜਾ ਸੀ ਦਗ਼ਾ ਕਮਾਯਾ ਹੋਯਾ
ਖੂੰਨੀ ਬਰਫ ਪਹਾੜ ਦੇ ਪੁੱਠੇ ਰਸਤੇ ਪਾ ਪਾਕੇ ਮਾਰ ਖਪਾਯਾ ਹੋਯਾ
ਏਸ ਗਲੋਂ ਅੰਗ੍ਰੇਜ਼ਾਂ ਨੂੰ ਬੜਾ ਭਾਰਾ ਗੁੱਸਾ ਆਯਾ ਸੀ ਦਾ ਲਗਾਯਾ ਹੋਯਾ
ਸ਼ੇਰ ਸਿੰਘ ਨੂੰ ਤਦੋਂ ਅੰਗ੍ਰੇਜ਼ਾਂ ਪਹਿਲੋਂ ਮੱਦਤਗਾਰ ਸੀ "ਆਪਣਾ ਬਣਾਯਾ ਹੋਯਾ
ਏਸੇ ਲਈ ਅੰਗ੍ਰੇਜ਼ਾਂ ਨੇ ਸਦ ਲੀਤਾ ਸ਼ੇਰ ਸਿੰਘ ਨੂੰ" ਮੰਤ੍ਰ ਪਕਾਯਾ ਹੋਯਾ
ਬਦਲੇ ਓਨਾਂ ਤੋਂ ਲੈਣ ਨੂੰ ਬਿਸ਼ਨਸਿੰਘਾ ਜਿਨਾਂ ਕਾਬਲ ਵਿਚ ਸ਼ੋਰ ਉਠਾਯਾਹੋਯਾ

{ ਮਹਾਰਾਜਾ ਸ਼ੇਰ ਸਿੰਘ ਨੇ ਅੰਗ੍ਰੇਜ਼ਾਂ ਨੂੰ ਮੱਦਤ ਦੇਣੀ
ਅਤੇ ੧੮੯੯ ਬਿ: ਨੂੰ ਫੀਰੋਜ਼ਪੁਰ ਵਿੱਚ ਮੁਲਾਕਾਤ }

ਧਜਾਨ ਸਿੰਘ ਮਹਾਰਾਜ ਨੂੰ ਮਨ੍ਹੇਂ ਕੀਤਾ ਖਬਰੇ ਕੀ ਚਾ ਗਲ ਸੁਣਾਈ ਹੈ ਜੀ
ਸ਼ੇਰ ਸਿੰਘ ਦੇ ਪੁਤ ਪਰਤਾਪ ਸਿੰਘ ਨੇ ਮੁਲਾਕਾਤ ਆ ਕਰੀ ਕਰਾਈ ਹੈ ਜੀ
ਆਪੋ ਵਿਚ ਦੀ ਦੋਹਾਂ ਸਰਕਾਰਾਂ ਆਕੇ ਪੱਕੀ, ਦੋਸਤੀ ਬਹੁਤ ਵਧਾਈ ਹੈ ਜੀ
ਜਲਸੇ ਆਣ ਫੀਰੋਜ਼ਪੁਰ ਬੜੇ ਹੋਏ ਚੰਗੀ ਦੋਸਤੀ ਕੌਰ ਨੇ ਪਾਈ ਹੈ ਜੀ
ਏਲੰਬਰਗ ਸਾਹਿਬ ਲਾਟ ਲੈਕਚਰ ਅੰਦਰ ਬੁੱਧੀ ਕੌਰ ਦੀ ਬੜੀ ਸਰਾਹੀ ਹੈ ਜੀ
ਕੌਰ ਜੀ ਦੀ ਤਦੋਂ ਤਸਬੀਰ ਲਾਹਕੇ ਲਾਟ ਸਾਹਿਬ ਵਲੈਤ ਪੁਚਾਈ ਹੈ ਜੀ

[ਸਰਕਾਰ ਅੰਗ੍ਰੇਜ਼ ਉਤੇ ਸ਼ੇਰ ਸਿੰਘ ਨੇ ਇਹ ਪਰ ਉਪਕਾਰ ਕੀਤੇ]

ਇਕ ਕੈਦੀ ਅੰਗ੍ਰੇਜ਼ਾਂ ਨੂੰ ਮਹਾਰਾਜੇ ਆਪ ਕਾਬਲ ਤੋਂ ਖੁਦ ਬਚਾਇਆ ਜੀ
ਦੁਖ ਦੇਂਦੇ ਪਠਾਣ ਸੀ ਜੇਹੜੇ ਆਕੇ ਓਹਨਾਂ ਤਾਂਈ ਮਹਾਰਾਜ ਹਟਾਇਆ ਜੀ
ਰਸਤਾ ਦੇ ਅੰਗ੍ਰੇਜ਼ਾਂ ਦੀ ਫੌਜ ਤਾਈਂ ਅਪਣੇ ਮੁਲਕ ਦੇ ਵਿਚੋਂ ਲੰਘਾਇਆ ਜੀ
ਮੱਦਤ ਦੇਕੇ ਆਪਣੀ ਨਾਲ ਨਾਲੇ ਝਟ ਕਾਬਲ ਦੇ ਵਿਚ ਪੁਚਾਇਆ ਜੀ
ਧਜਾਨ ਸਿੰਘ ਦੇ ਭਾਈ ਗੁਲਾਬ ਸਿੰਘ ਨੂੰ ਫੌਜ ਦੇਕੇ ਨਾਲ ਪਠਾਇਆ ਜੀ
ਦੋਹਾਂ ਧਿਰਾਂ ਦੇ ਝਗੜੇ ਨਿਬੇੜ ਦਿਤੇ ਪੱਕਾ ਦੋਹਾਂ ਨੂੰ ਦੋਸਤ ਬਣਾਇਆ ਜੀ
ਜਾਮਨ ਹੋਕੇ ਆਪ ਅੰਗ੍ਰੇਜ਼ਾਂ ਕੋਲੋਂ ਨਾਲੇ ਦੋਸਤ ਮਹੰਮਦ ਛੁਡਾਇਆ ਜੀ
ਮੇਮਾਂ ਸਾਹਿਬ ਛੁਡਾ ਪਠਾਣਾਂ ਕੋਲੋਂ ਦੋਹਾਂ ਧਿਰਾਂ ਨੂੰ ਸੁਖੀ ਵਸਾਇਆ ਜੀ
ਸ਼ੇਰ ਸਿੰਘ ਨੇ ਭਾਰ ਇਹ ਬਿਸ਼ਨ ਸਿੰਘਾ ਦੋਹਾਂ ਧਿਰਾਂ ਦੇ ਸਿਰ ਚੜ੍ਹਾਇਆ ਜੀ

{ ਮਹਾਰਾਜੇ ਸ਼ੇਰ ਸਿੰਘ ਨੇ ਵਿਸ਼ੇ ਵਿਕਾਰਾਂ ਸ਼ਿਕਾਰਾਂ ਨਾਚ ਮੁਜਰੇ ਰਾਗ ਰੰਗ ਵਿਚ ਰੁਝਕੇ ਰਾਜ ਨੂੰ ਭੁਲਾ ਦੇਣਾ ਅਤੇ ਆਪਣਾ ਸਤਿਆ ਨਾਸ ਕਰ ਲੈਣਾ }

ਸ਼ੇਰ ਸਿੰਘ ਮਹਾਰਾਜ ਦੀ ਮਤ ਮਾਰੀ ਰਾਜ ਕਾਜ ਨੂੰ ਹੈ ਵਿਸਾਰ ਬੈਠਾ
ਪੀ ਪੀ ਸਰਾਬ ਕਬਾਬ ਖਾਂਦਾ ਰਾਤ ਦਿਨੇਂ ਹੈ ਕਰਦਾ ਬਹਾਰ ਬੈਠਾ
ਨਾਚ ਮੁਜਰੇ ਦੇਖੇ ਰਾਗ ਰੰਗ ਸੁਣਦਾ ਸਿਰੋਂ ਰਾਜ ਦਾ ਭਾਰ ਉਤਾਰ ਬੈਠਾ
ਰਾਤੀ ਵਿਸ਼ੇ ਵਿਕਾਰ ਸ਼ਿਕਾਰ ਦਿਨੇਂ ਖੂਹ ਪਵੇ ਹੈ ਰਾਜ ਉਚਾਰ ਬੈਠਾ
ਐਸਾ ਦਬ ਦਬਾ ਡੋਗਰਿਆਂ ਆਣ ਪਾਯਾ ਆਪਣੇ ਰਾਜ ਨੂੰ ਆਪ ਉਜਾੜ ਬੈਠਾ
ਵਿਚ ਐਸ਼ਾਂ ਦੇ ਲਗ ਕੇ ਮਹਾਰਾਜਾ ਕੰਮ ਆਪਣੇ ਆਪ ਵਿਗਾੜ ਬੈਠਾ
ਜਾਣ ਬੁਝਕੇ ਸ਼ੇਰ ਸਿੰਘ ਬਿਸ਼ਨ ਸਿੰਘਾ ਪੱਥਰ ਆਪਣੇ ਪੈਰ ਤੇ ਮਾਰ ਬੈਠਾ

[ਡੋਗਰਿਆਂ ਦੀ ਬਦਨੀਤੀ]

ਅੰਧਾ ਧੁੰਦ ਅਜੇਹੀ ਦੇ ਵਿੰਚ ਆਕੇ ਗੁਡੀ ਡੋਗਰਿਆਂ ਦੀ ਬੜੀ ਚੜੀ ਹੈ ਜੇ
ਸਾਰੇ ਡੋਗਰੇ ਰਾਜ ਕਮਾਉਣ ਲਗੇ ਮਨ ਭਾਉਂਦੀ ਇਹਨਾਂ ਨੇ ਕਰੀ ਹੈ ਜੇ
ਧਜਾਨ ਸਿੰਘ ਤੇ ਦੂਜੇ ਗੁਲਾਬਸਿੰਘ ਨੇ ਦਿਲੋਂ ਖਰੀ ਬਦਨੀਤੀ ਹੁਣ ਬੜੀ ਹੈ ਜੇ
ਸਾਡੇ ਦੋਹਾਂ ਦੇ ਸਾਮਣੇ ਆਕੜ ਕਰਕੇ ਸ਼ੇਰ ਸਿੰਘ ਜੋ ਕਰੇਗਾ ਅੜੀ ਹੈ ਜੇ
ਸਾਥੀ ਕਰਾਂਗੇ ਭਰਾ ਭਤੀਜੇ ਸਿਦਾ ਇਹਨਾਂ ਮਨ ਦੇ ਵਿਚ ਇਹ ਧਰੀ ਹੈ ਜੇ
ਤਖਤ ਹੋਰ ਸ਼ਾਹਜ਼ਾਦੇ ਨੂੰ ਬਿਸ਼ਨ ਸਿੰਘਾ ਲਾਂਗੇ ਅਸੀ ਬਠਾ ਇਹ ਘੜੀ ਹੈ ਜੇ

{ ੧੬ ਜੇਠ ਸੰ: ੧੯੦੦ ਬਿ: ਨੂੰ ਡੋਗਰਿਆਂ ਨੇ ਰਾਣੀ ਚੰਦ ਕੌਰ ਨੂੰ ਅਤੇ ਚੰਦ ਕੌਰ ਦੇ ਪੋਤਰੇ ਨੌਂ ਨਿਹਾਲ ਸਿੰਘ ਦੇ ਪੁਤਰ ਨਵਾਂ ਦਿਨਾਂ ਦੇ ਨੂੰ ਮਰਵਾ ਦੇਣਾ }

ਸਾਰੇ ਦੂਰ ਫਸਾਦ ਇਹ ਹੋ ਜਾਵਣ ਸ਼ੇਰ ਸਿੰਘ ਬਣਾਇ ਬਣਾਇਆ ਏ
ਤੂੰ ਅਨੰਦ ਪੜ੍ਹਾਇ ਲੈ ਨਾਲ ਮੇਰੇ ਚੰਦ ਕੌਰ ਨੂੰ ਆਪ ਸਮਝਾਇਆ ਏ

ਖੜਗ ਸਿੰਘ ਦੀ ਰਾਣੀ ਨੂੰ ਸ਼ੇਰ ਸਿੰਘ ਨੇ ਈਕੂੰ ਆਪ ਮਨਾ ਬਹਾਇਆ ਏ
ਬੇਈਮਾਨ ਫਿਰ ਰਾਜੇ ਗੁਲਾਬਸਿੰਘ ਨੇ ਉਲਟੇ ਰਾਹ ਚਾ ਰਾਣੀ ਨੂੰ ਪਾਇਆ ਏ
ਸ਼ੇਰ ਸਿੰਘ ਦੀ ਰਾਣੀ ਜੇ ਬਣ ਬੈਠੀ ਇਹਦੇ ਮਨ ਦੇ ਵਿਚ ਇਹ ਆਇਆ ਏ
ਮੇਰੇ ਪਾਸ ਕਰੋੜਾਂ ਰੁਪਯਾਂ ਸੰਦਾ ਹੈ ਖਜਾਨਾ ਜੋ ਜੰਮੂ ਪਹੁੰਚਾਇਆ ਏ
ਸ਼ੇਰ ਸਿੰਘ ਤੇ ਰਾਣੀ ਨੂੰ ਦੇਣਾ ਪੈਸੀ ਮਸਾਂ ਮਸਾਂ ਮੈਂ ਚਾ ਪਚਾਇਆ ਏ
ਸੋਲਾਂ ਲਖ ਦੀ ਨਾਲੇ ਜਗੀਰ ਜੇਹੜੀ ਪਟਾ ਰਾਣੀ ਦੇ ਨਾਂ ਲਿਖਾਇਆ ਏ
ਨਿਕਲ ਜਾਵੇਗੀ ਮੇਰੇ ਓਹ ਹਥ ਵਿਚੋਂ ਇਸ ਲਈ ਏਸ ਨੇ ਦਾ ਲਗਾਇਆ ਏ
ਚੰਦ ਕੌਰ ਨੂੰ ਆਪ ਸਿਖਾਇ ਕਰਕੇ ਕਰੇਵਾ ਕਰਨ ਦੇ ਵਲੋਂ ਹਟਾਇਆ ਏ
ਓੜਕ ਜ਼ਹਿਰ ਦਵਾਕੇ ਗੋਲੀਆਂ ਤੋਂ ਚੰਦ ਕੌਰ ਨੂੰ ਆਪ ਮਰਵਾਇਆ ਏ
ਨੌ ਨਿਹਾਲਸਿੰਘ ਕੌਰ ਦੀ ਰਾਣੀ ਤਾਂਈ ਓਹਨੀਂ ਦਿਨੀਂ ਹੀ ਪੁਤ੍ਰ ਪ੍ਰਗਟਾਇਆ ਏ
ਸਾਰੇ ਸਿਖ ਸਰਦਾਰ ਨੇ ਖੁਸ਼ੀ ਹੋਏ ਸਭਨਾਂ ਬੜਾ ਆਨੰਦ ਮਨਾਇਆ ਏ
ਸ਼ੇਰ ਸਿੰਘ ਵਜ਼ੀਰਾ ਹੈ ਵਾਦ ਗਿਆ ਪਿਛੋਂ ਡੋਗਰਿਆਂ ਜ਼ੁਲਮ ਕਮਾਇਆ ਏ
ਨਵਾਂ ਦਿਨਾਂ ਦੇ ਬਾਲ ਨੂੰ ਮਹੁਰਾ ਦੇਕੇ ਇਹਨਾਂ ਡੋਗਰਿਆਂ ਪਾਰ ਬੁਲਾਇਆ ਏ
ਚੰਦ ਕੌਰ ਨੂੰ ਵਿਚ ਪਾਖਾਨੇ ਪਾਕੇ ਪਹਿਲਾਂ ਗੰਦ ਦੇ ਵਿਚ ਰੁਲਾਇਆ ਏ
ਫੇਰ ਚੁਕਕੇ ਪਿਛੇ ਬਰੂਦ ਖਾਨੇ ਡੂੰਘੀ ਖਾਈ ਦੇ ਵਿਚ ਸੁਟਵਾਇਆ ਏ
ਇਹਨਾਂ ਪਾਪੀਆਂ ਡੋਗਰਿਆਂ ਬਿਸ਼ਨ ਸਿੰਘਾ ਦੋ ਜੀਆਂ ਨੂੰ ਮਾਰ ਮੁਕਾਇਆ ਏ

[ਰਾਜੇ ਧਜਾਨ ਸਿੰਘ ਦੀ ਬਦਨੀਤੀ ਤੇ ਸ਼ੇਰ ਸਿੰਘ ਦੀਆਂ ਸੋਚਾਂ]

ਧਜਾਨ ਸਿੰਘ ਵਜੀਰ ਮਹਾਰਾਜ ਸੰਦਾ ਵੈਰ ਨਾਲ ਮਹਾਰਾਜ ਕਮਾਉਣ ਲੱਗਾ
ਫੌਜੀ ਅਫਸਰਾਂ ਨੂੰ ਹੱਥ ਵਿਚ ਲੈਕੇ ਆਪੇ ਰਾਜ ਦੇ ਕੰਮ ਚਲਾਉਣ ਲੱਗਾ
ਸ਼ੇਰ ਸਿੰਘਨੂੰ ਵੀ ਅੱਗੋਂ ਗੁੱਸਾ ਆਯਾ ਓਹਵੀ ਇਸਦੇ ਅਖਤ੍ਯਾਰ ਘਟਾਉਣ ਲੱਗਾ
ਸ਼ੇਰ ਸਿੰਘ ਨੂੰ ਖਿਆਲ ਇਹ ਫੁਰ ਆਯਾ ਜੇਹੜਾ ਵੈਰ ਵਜ਼ੀਰ ਵਧਾਉਣ ਲੱਗਾ
ਜਮਾਂਦਾਰ ਖੁਸ਼ਾਲ ਸਿੰਘ ਰਾਮ ਸਿੰਘ ਵੀ ਮਹਾਰਾਜ ਨੂੰ ਹੈ ਸੁਣਾਉਣ ਲੱਗਾ
ਏਹਨਾਂ ਡੋਗਰਿਆਂ ਦੇ ਦੰਦ ਤੋੜਨੇ ਨੂੰ ਸੰਧਾਂਵਾਲੀਏ ਹੈਣ ਬਤਾਉਣ ਲੱਗਾ
ਧਜਾਨ ਸਿੰਘ ਨੂੰ ਮਾਰਨ ਦੇ ਬਿਸ਼ਨ ਸਿੰਘਾ ਸ਼ੇਰ ਸਿੰਘ ਵੀ ਦਾ ਲਗਾਉਣ ਲੱਗਾ

[ਸੰਧਾਂ ਵਾਲੀਆਂ ਦੇ ਕਸੂਰ ਮਾਫ]

ਏਸੇ ਸਮੇਂ ਇਕ ਦਿਨ ਕੁਦਰਤ ਨਾਲ ਚਲਕੇ ਅੰਮ੍ਰਿਤਸਰ ਮਹਾਰਾਜ ਨੇ ਆ ਗਏ
ਚੰਚਲ ਸਿੰਘ ਗ੍ਰੰਥੀ ਦਰਬਾਰ ਸੰਦੇ, ਸੰਧਾਂ ਵਾਲੀਏ ਹੈਣ ਬਖਸ਼ਾ ਲਏ
ਲੈਣਾਂ ਸਿੰਘ ਜੀ ਕੈਦ ਦੇ ਵਿਚ ਰਹਿੰਦੇ ਚੰਚਲ ਸਿੰਘ ਨੇ ਆਖ ਛੁਡਾ ਲਏ
ਅਤਰ ਸਿੰਘ ਅਜੀਤ ਸਿੰਘ ਇਹ ਦੋਵੇਂ ਪਾਰ ਸਤਲੁੱਜੋਂ ਪਾਸ ਬੁਲਾ ਲਏ
ਗ੍ਰੰਥੀ ਸਾਹਿਬ ਦਰਬਾਰ ਦੇ ਵਿਚ ਹੋਕੇ ਸੰਧਾਂ ਵਾਲੀਏ ਹੈਣ ਬਚਾ ਲਏ
ਸੰਧਾਂ ਵਾਲੀਆਂ ਤਿੰਨਾਂ ਨੇ ਰਲ ਕਰਕੇ ਗੁਰੂ ਗ੍ਰੰਥ ਤੇ ਹਥ ਲਗਾ ਲਏ
ਲਿਖਤ ਕਰ ਦਿਤੀ ਸੌਂਹ ਖਾ ਲੀਤੀ ਮੂੰਹੋਂ ਬੋਲਕੇ ਬੋਲ ਸੁਣਾ ਲਏ

ਸ਼ੇਰ ਸਿੰਘ ਤੇ ਇਸਦੀ ਉਲਾਦ ਸੰਦੇ ਹਥੀਂ ਬੱਧੀ ਗੁਲਾਮ ਬਣਾ ਲਏ
ਅਸੀਂ ਇਸਦੇ ਵਿਰੋਧੀ ਨ ਕਦੇ ਹੋਈਏ ਐਸੇ ਆਖਕੇ ਸਿਰ ਨਿਵਾ ਲਏ
ਸਾਫ ਦਿਲ ਮਹਾਰਾਜ ਨੇ ਇਹ ਸੁਣਕੇ ਅਪਣੇ ਜਮ ਨੇ ਪਾਸ ਟਿਕਾ ਲਏ
ਅਪਣੇ ਖਾਸ ਮੁਸਾਹਬ ਬਣਾ ਲਏ ਦੇ ਜਗੀਰਾਂ ਅਰਾਮ ਬਹਾ ਲਏ
ਸ਼ੇਰ ਸਿੰਘ ਮਹਾਰਾਜ ਨੇ ਬਿਸ਼ਨ ਸਿੰਘਾ ਅਪਣੇ ਕੋਲ ਨੇ ਜਮ ਵਸਾ ਲਏ

[ਸੰਧਾਂ ਵਾਲੀਆਂ ਦੀ ਬੇਈਮਾਨੀ]

ਸੰਧਾਂ ਵਾਲੀਏ ਤਿੰਨੇ ਏਹ ਓਸੇ ਦਿਨ ਤੋਂ ਸਿੱਖੀ ਧਰਮ ਨੇ ਆਪਣਾ ਗਵਾ ਰਹੇ
ਨੇਮ ਧਰਮ ਸਭ ਸੁੱਟਕੇ ਖੂਹ ਅੰਦਰ ਮਿਤ੍ਰ ਦ੍ਰੋਹੀ ਦੇ ਕੰਮ ਕਮਾ ਰਹੇ
ਅਤਰ ਸਿੰਘ ਹੋਰੀਂ ਓਸੇ ਦਿਨ ਤੋਂ ਹੀ ਊਨੇ ਸਾਹਿਬ ਨੇ ਭੱਜਕੇ ਜਾ ਰਹੇ
ਬੇਦੀ ਸਾਹਿਬਾਂ ਪਾਸ ਹਮੇਸ਼ ਰਹਿਕੇ ਦਾ ਆਪਣੇ ਹੈਣ ਲਗਾ ਰਹੇ
ਅਤਰ ਸਿੰਘ ਲਿਖਦਾ ਰੋਜ ਦੋਹਾਂ ਤਾਈਂ ਤੁਸੀਂ ਅੰਨ ਨ ਮਹੁਰਾ ਹੋ ਖਾ ਰਹੇ
ਜਿੱਨਾਂ ਚਿਰ ਨ ਮਾਰਦੇ ਸ਼ੇਰ ਸਿੰਘ ਨੂੰ ਤੁਸੀ ਆਪਨੂੰ ਦਾਗ ਹੋ ਲਾ ਰਹੇ
ਓੜਕ ਦੋਵੇਂ ਸਰਦਾਰ ਇਹ ਸੰਧਾਂ ਵਾਲੇ ਨੇਮ ਧਰਮ ਸਭ ਖੂਹ ਨੇ ਪਾ ਰਹੇ
ਡੋਗੀ ਰਾਜਾ ਵਜ਼ੀਰ ਦੀ ਬਿਸ਼ਨ ਸਿੰਘਾ ਅਠੀਂ ਖੰਡ ਨੇ ਕਰ ਵਿਖਾ ਰਹੇ

[ਤਥਾ]

ਸੰਧਾਂ ਵਾਲੀਆਂ ਰਾਜਾ ਵਜ਼ੀਰ ਤਾਂਈ ਆਪੋ ਵਿਚ ਦੀ ਵੈਰੀ ਬਣਾ ਦਿਤਾ
ਇਕ ਦੂਜੇ ਦੀਆਂ ਝੂਠੀਆਂ ਲੂਤੀਆਂ ਲਾ ਬੜਾ ਭਾਰਾ ਹੈ ਵੈਰ ਵਧਾ ਦਿਤਾ
ਸੰਧਾਂ ਵਾਲੀਆਂ ਦੋਹਾਂ ਨੇ ਸੱਜਣ ਬਣਕੇ ਦੋਹਾਂ ਧਿਰਾਂ ਦਾ ਵੈਰ ਹੈ ਪਾ ਦਿਤਾ
ਗੁਰੂ ਗ੍ਰੰਥ ਤੇ ਹੱਥ ਲਾ ਬਿਸ਼ਨ ਸਿੰਘਾ ਇਹਨਾਂ ਆਪਣਾਂ ਧਰਮ ਗਵਾ ਦਿਤਾ

[ਧਜਾਨ ਸਿੰਘ ਨੇ ਸੰਧਾਂ ਵਾਲੀਆਂ ਨੂੰ ਆਖਣਾਂ]

ਸੰਧਾਂ ਵਾਲੀਆਂ ਨੂੰ ਕਿਹਾ ਧਜਾਨ ਸਿੰਘ ਨੇ ਸ਼ੇਰ ਸਿੰਘ ਨੂੰ ਦਿਓ ਖਾਂ ਮਾਰ ਤੁਸੀਂ
ਏਸ ਕੰਮ ਨੂੰ ਕਰਕੇ ਤੁਸੀਂ ਦੋਵੇਂ ਲੌ ਆਪਣਾ ਕੰਮ ਸੁਵਾਰ ਤੁਸੀਂ
ਨਾਲੇ ਆਪਨੂੰ ਮੈਂ ਇਨਾਮ ਦਿਆਂ ਨਾਲੇ ਬਣੋ ਖਾਂ ਆਪ ਸਰਕਾਰ ਤੁਸੀਂ
ਗਲ ਤੁਸਾਂ ਦੇ ਫੈਦੇ ਦੀ ਬਿਸ਼ਨ ਸਿੰਘਾ ਲੌ ਆਪ ਵੀ ਦਿਲ ਵਿਚਾਰ ਤੁਸੀਂ

{ਸੰਧਾਂ ਵਾਲੀਆਂ ਨੇ ਧਜਾਨਸਿੰਘ ਦੀ ਲਿਖਤ ਸ਼ੇਰਸਿੰਘ ਨੂੰ ਦਿਖਾਉਂਣੀ
ਅਤੇ ਸ਼ੇਰ ਸਿੰਘ ਤੋਂ ਲਿਖਤ ਕਰਾਕੇ ਧਜਾਨ ਸਿੰਘ ਨੂੰ ਦਿਖਾਉਂਣੀ
ਤੇ ਦੋਹਾਂ ਨੂੰ ਇਕ ਦੂਜੇ ਦੇ ਵੈਰੀ ਬਨਾਉਂਣਾ}

ਸ਼ੇਰ ਸਿੰਘ ਨੂੰ ਮਾਰਨ ਤਿਆਰ ਹੋਏ ਧਜਾਨ ਸਿੰਘ ਤੋਂ ਲਿਖਤ ਕਰਾ ਲਈ
ਫੇਰ ਏਸੇ ਚੰਡਾਲਾਂ ਦੀ ਚੌਂਕੜੀ ਨੇ ਇਹ ਦਿਲ ਦੇ ਵਿਚ ਠਹਿਰਾ ਲਈ
ਖੁਲੇ ਰਾਜ ਕਰੀਏ ਮਾਰ ਸ਼ੇਰ ਸਿੰਘ ਨੂੰ ਇਹ ਦਿਲ ਦੇ ਵਿਚ ਬਣਾ ਲਈ
ਦਲੀਪ ਸਿੰਘ ਨੂੰ ਗੱਦੀ ਬਠਾ ਲਈਏ ਪੱਕੀ ਕਰ ਸਲਾਹ ਪਕਾ ਲਈ
ਧਜਾਨ ਸਿੰਘ ਦੀ ਲਿਖਤ ਇਹ ਹਥ ਲੈਕੇ ਸ਼ੇਰ ਸਿੰਘ ਨੂੰ ਜਾ ਵਿਖਾ ਲਈ

ਸ਼ੇਰ ਸਿੰਘ ਨੂੰ ਵੀ ਬੜਾ ਗੁੱਸਾ ਚੜ੍ਹਿਆ ਬੁਰੀ ਨੀਤ ਵਜੀਰ ਨੇ ਚਾ ਲਈ
ਸੰਧਾਂ ਵਾਲੀਆਂ ਤੇ ਖੁਸ਼ੀ ਸ਼ੇਰ ਸਿੰਘ ਹੋ ਪੱਕੀ ਦੋਸਤੀ ਆਪ ਹੈ ਪਾ ਲਈ
ਸਾਫ ਦਿਲ ਮਹਾਰਾਜ ਨੇ ਸਮਝਿਆ ਨਾ ਮੂੰਹੋਂ ਬੋਲ ਇਹ ਹਾਲ ਸੁਣਾ ਲਈ
ਬੜਾ ਭਾਰਾ ਏਹ ਤੁਸਾਂ ਉਪਕਾਰ ਕੀਤਾ ਮੇਰੀ ਜਾਨ ਹੈ ਤੁਸਾਂ ਬਚਾ ਲਈ
ਐਪਰ ਮਾਰੋ ਹੁਣ ਤੁਸੀਂ ਧਜਾਨ ਸਿੰਘ ਨੂੰ ਸ਼ੇਰ ਸਿੰਘ ਇਹ ਬਾਤ ਬਤਾ ਲਈ
ਧਜਾਨ ਸਿੰਘ ਨੂੰ ਮਾਰਨ ਦੀ ਦੋਹਾਂ ਇਹਨਾਂ ਸ਼ੇਰ ਸਿੰਘ ਤੋਂ ਲਿਖਤ ਲਿਖਾ ਲਈ
ਸ਼ੇਰ ਸਿੰਘ ਦੀ ਲਿਖਤ ਏਹ ਲੈ ਕਰਕੇ ਧਜਾਨ ਸਿੰਘ ਨੂੰ ਜਾ ਦਿਖਾ ਲਈ
ਧਜਾਨ ਸਿੰਘ ਨੂੰ ਵੀ ਬੜਾ ਗੁਸਾ ਚੜਿਆ ਮਹਾਰਾਜ ਨੇ ਬੁਰੀ ਕਮਾ ਲਈ
ਸ਼ੇਰ ਸਿੰਘ ਨੂੰ ਮਾਰੋ ਇਨਾਮ ਪਾਵੋ ਧਜਾਨ ਸਿੰਘ ਨੇ ਗਲ ਅਲਾ ਲਈ
ਸੰਧਾਂ ਵਾਲੀਆਂ ਪਾਪੀਆਂ ਬਿਸ਼ਨ ਸਿੰਘਾ ਕਾਲਕ ਆਪਣੇ ਮੂੰਹ ਲਗਾ ਲਈ

[ਕਵੀ]

ਧਜਾਨ ਸਿੰਘ ਤਾਂ ਹੁਣ ਯਕੀਨ ਕਰਕੇ ਸ਼ੇਰ ਸਿੰਘ ਨੂੰ ਮਾਰ ਮੁਕਾ ਚੁੱਕਾ
ਸ਼ੇਰ ਸਿੰਘ ਵੀ ਹੁਣ ਵਜ਼ੀਰ ਤਾਂਈ ਅਪਣੀ ਵਲੋਂ ਤਾਂ ਪਾਰ ਬੁਲਾ ਚੁੱਕਾ
ਓਹ ਓਸਨੂੰ ਤੇ ਓਹ ਓਸ ਤਾਂਈ ਤੀਰ ਖਿੱਚਕੇ ਹੈ ਚਲਾ ਚੁੱਕਾ
ਐਪਰ ਭਾਣਾ ਅਕਾਲ ਦਾ ਬਿਸ਼ਨ ਸਿੰਘਾ ਕਾਲ ਚਹੁੰਆਂ ਦੇ ਸਿਰ ਹੈ ਆ ਚੁੱਕਾ

[ਤਥਾ]

ਲੈਣਾ ਸਿੰਘ ਤੇ ਦੂਜੇ ਅਜੀਤ ਸਿੰਘ ਜੀ ਇਹ ਮਨ ਸਲਾਹ ਪਕਾ ਬੈਠੇ
ਅਸੀ ਦੋਹਾਂ ਨੂੰ ਪਾਰ ਬੁਲਾ ਛਡੀਏ ਅੰਦਰ ਇਹ ਬਨਾਇ ਬਣਾ ਬੈਠੇ
ਖੁਲੇ ਹੋਇਕੇ ਕਰਾਂਗੇ ਰਾਜ ਦੋਵੇਂ ਅੰਦਰੋ ਅੰਦਰ ਇਹ ਦਾ ਲਗਾ ਬੈਠੇ
ਇਹਨਾਂ ਸੋਚਿਆ ਇਹ ਨਾ ਬਿਸ਼ਨ ਸਿੰਘਾ ਗੁਰੂ ਗ੍ਰੰਥ ਤੇ ਹਥ ਹਾਂ ਲਾ ਬੈਠੇ.

{ ਸੰਧਾਂ ਵਾਲੀਏ ਅਜੀਤ ਸਿੰਘ ਨੇ ਮਹਾਰਾਜ ਸ਼ੇਰ ਸਿੰਘ ਨੂੰ
੧ ਅੱਸੂ ਸ਼ੁਕਰ ਵਾਰ ਸੰ: ੧੯੦੦ ਬਿ: ਨੂੰ ਕਤਲ ਕਰਨਾ }

ਸ਼ਾਹ ਬਿਲਾਵਲ ਮਕਾਨ ਤੇ ਮਹਾਰਾਜਾ ਬੈਠਾ ਬਾਰੀ ਵਿਚ ਢੋ ਲਗਾ ਦੇਖੋ
ਘੋਲ ਮੱਲਾਂ ਦਾ ਆਪ ਸੀ ਦੇਖ ਰਿਹਾ ਅਪਣੇ ਕਾਲ ਨੂੰ ਸਿਰੋਂ ਭੁਲਾ ਦੇਖੋ
ਪਹਿਲੀ ਅੱਸੂ ਦੀ ਸਮਝ ਸੰਗ੍ਰਾਂਤ ਚੰਗੀ ਅਪਣੇ ਪੁਤ੍ਰ ਨੂੰ ਕਿਹਾ ਸਮਝਾ ਦੇਖੋ
ਦਾਨ ਪੁੰਨ ਦੇ ਕਰਨ ਦਾ ਏਹ ਵੇਲਾ ਦਿਤਾ ਪੁਤ੍ਰ ਨੂੰ ਹੁਕਮ ਸੁਣਾ ਦੇਖੋ
ਬਾਗ ਵਿਚ ਭਜ਼ਾਣੀਆਂ ਓਸੇ ਵੇਲੇ ਡੇਰਾ ਕੌਰ ਨੇ ਲਾਯਾ ਹੈ ਆ ਦੇਖੋ
ਗਊਆਂ ਦਾਨ ਤੁਲਾ ਦਾਨ ਹੈ ਕਰਨ ਲੱਗਾ ਕੋਲ ਆਪਣੇ ਬ੍ਰਾਹਮਣ ਬਹਾ ਦੇਖੋ
ਸੰਧਾਂ ਵਾਲੀਆਂ ਸਮਾਂ ਵਿਚਾਰ ਕਰਕੇ ਦਾ ਆਪਣਾ ਲਿਆ ਹੈ ਲਾ ਦੇਖੋ
ਬਾਪ ਬੇਟੇ ਦੇ ਸਿਰ ਤੇ ਮੌਤ ਜੇਹੜੀ ਰੋਜ ਲੋਂਦੀ ਸੀ ਆਈ ਹੈ ਧਾ ਦੇਖੋ
ਕੁਲ ਘਾਤੀ ਅਜੀਤ ਸਿੰਘ ਲੈਣਾ ਸਿੰਘ ਜੋ ਆਇ ਝੱਟ ਨੇ ਘੋੜੇ ਦੁੜਾ ਦੇਖੋ
ਲੈਣਾ ਸਿੰਘ ਚੰਡਾਲ ਤਾਂ ਕੌਰ ਵੱਨੀ ਆਯਾ ਆਪਣਾ ਘੋੜਾ ਨਸਾ ਦੇਖੋ

ਮੂੰਹ ਕਾਲੇ ਜੋ ਵਾਲਾ ਅਜੀਤ ਸਿੰਘ ਹੈ ਅਪਣੀ ਫੌਜ ਨੂੰ ਨਾਲ ਰਲਾ ਦੇਖੋ
ਆਯਾ ਨਿਮਕ ਹਰਾਮ ਮਹਾਰਾਜ ਵੱਨੀ ਅਪਣੀ ਫੌਜ ਤੇ ਘੋੜਾ ਭਜਾ ਦੇਖੋ
ਹਾਜਰ ਹੋਕੇ ਟੇਕ ਕੇ ਆਪ ਮੱਥਾ ਅਰਜ਼ ਕੀਤੀ ਹੈ ਫਤੇ ਬੁਲਾ ਦੇਖੋ
ਫੌਜ ਹਾਜਰ ਹੈ ਹਾਜਰੀ ਲੈ ਲਵੋ ਐਧਰ ਨਜ਼ਰ ਸਰਕਾਰ ਜੀ ਪਾ ਦੇਖੋ
ਨਾਲੇ ਇਹ ਦੁਨਾਲੀ ਬੰਦੂਕ ਸੋਹਣੀ ਕਲਕੱਤੇ ਵਿਚੋਂ ਮੈਂ ਲਈ ਮੰਗਾ ਦੇਖੋ
ਐਸੇ ਆਖਕੇ ਬੋਲਕੇ ਬੋਲ ਮਿਠਾ ਮਹਾਰਾਜ ਨੂੰ ਦਿਤੀ ਦਿਖਾ ਦੇਖੋ
ਮਹਾਰਾਜ ਤਾਂ ਸਾਫ ਦਿਲ ਆਪ ਹੈਸੀ ਇਹ ਖਬਰ ਨਾਂ ਇਹਨਾਂ ਨੂੰ ਕਾ ਦੇਖੋ
ਫੜਨ ਲੱਗੇ ਨੇ ਬਾਂਹ ਪਸਾਰ ਕਰਕੇ ਦੇਖਣ ਲਗੇ ਨੇ ਬਾਂਹ ਉਠਾ ਦੇਖੋ
ਓਸੇ ਵੇਲੇ ਚੰਡਾਲ ਅਜੀਤ ਸਿੰਘ ਨੇ ਦਿਤੇ ਦੋਵੇਂ ਨੇ ਘੋੜੇ ਦਬਾ ਦੇਖੋ
ਬਸ ਕਹਿਰ ਦਾ ਓਹ ਦੁਗਾੜਾ ਭਾਰਾ ਇਕੋ ਵਾਰੀ ਹੈ ਦਿਤਾ ਚਲਾ ਦੇਖੋ
ਛਾਤੀ ਵਿਚ ਮਹਾਰਾਜ ਦੀ ਆ ਪਿਆ ਮਹਾਰਾਜ ਨੂੰ ਗਿਆ ਮੁਕਾ ਦੇਖੋ
ਕੁਰਸੀ ਉਤੋਂ ਮਹਾਰਾਜ ਹੈ ਡਿਗ ਪਿਆ ਅੰਧਕਾਰ ਹੁਣ ਗਿਆ ਹੈ ਛਾ ਦੇਖੋ
ਬੁਧ ਸਿੰਘ ਮਹਾਰਾਜ ਦਾ ਬੀਰ ਬਾਂਕਾ ਤੇਗ ਸੂਤਕੇ ਕੁੱਦ ਪਿਆ ਆ ਦੇਖੋ
ਸੰਧਾਂ ਵਾਲੀਆਂ ਦੇ ਦੋ ਆਦਮੀ ਜੋ ਕਤਲ ਕਰ ਦਿਤੇ ਗੁਸਾ ਖਾ ਦੇਖੋ
ਨਾਲੇ ਕਰੇ ਜ਼ਖਮੀ ਤਿੰਨ ਹੋਰ ਫੜਕੇ ਦਿਤੇ ਆਪਣੇ ਹਥ ਵਿਖਾ ਦੇਖੋ
ਕੁੱਦ ਪਿਆ ਅਜੀਤ ਸਿੰਘ ਵੱਲ ਜੋਧਾ ਕਹਿੰਦਾ ਦੇਣਾ ਮੈਂ ਸਿਰ ਉਡਾ ਦੇਖੋ
ਤੇਗ ਬਾਰੀ ਦੀ ਨਾਲ ਚੁਗਾਠ ਅੜਕੇ ਟੁਟ ਪਈ ਜ਼ਮੀਨ ਤੇ ਜਾ ਦੇਖੋ
ਅਪਣੇ ਮਾਲਕ ਦਾ ਆਪ ਹੈ ਸਾਥੀ ਹੋਯਾ ਗਿਆ ਨਿਮਕ ਹਲਾਲ ਕਹਾ ਦੇਖੋ
ਓਸੇ ਵੇਲੇ "ਮਹਾਰਾਜ" ਅਜੀਤ ਸਿੰਘ ਨੇ ਸਿਰ ਵੱਢਕੇ ਲਿਆ ਉਠਾ ਦੇਖੋ
ਸਿਰ ਕੇਸਾਂ ਤੋਂ ਫੜ ਮਹਾਰਾਜ ਜੀਦਾ ਲਿਆ ਹਥ ਦੇ ਵਿਚ ਲਮਕਾ ਦੇਖੋ
ਕੌਰ ਵੱਨੀ ਹੈ ਵਾਗ ਉਠਾ ਆਯਾ ਸੰਧਾਂ ਵਾਲੀਆ ਕਹਿਰ ਕਮਾ ਦੇਖੋ
ਸੰਧਾਂ ਵਾਲੀਆਂ ਪਾਪੀਆਂ ਬਿਸ਼ਨ ਸਿੰਘਾ ਦਿਤਾ ਸਿਖਾਂ ਦਾ ਰਾਜ ਗਵਾ ਦੇਖੋ

[ਕੌਰ ਪ੍ਰਤਾਪ ਸਿੰਘ ਨੂੰ ਲਹਿਣਾ ਸਿੰਘ ਨੇ ਕਤਲ ਕਰਨਾ]

ਲਹਿਣਾ ਸਿੰਘ ਜਲਾਦ ਨੇ ਇਸ ਪਾਸੇ ਕਰੀ ਕੌਰ ਦੇ ਵਲ ਹੈ ਧਾਈ ਸਮਝੋ
ਨੰਗੀ ਫੜੀ ਸ਼ਮਸ਼ੇਰ ਚਮਕਾ ਕਰਕੇ ਸੂਰਤ ਜਮ ਦੀ ਹੈ ਬਣਾਈ ਸਮਝੋ
ਜਿਥੇ ਕੌਰ ਜੀ *ਦਾਨ ਸੀ ਕਰ ਰਿਹਾ ਸ਼ਕਲ ਜਮ ਦੀ ਆ ਦਿਖਾਈ ਸਮਝੋ
ਓਸ ਵੇਲੇ ਸ਼ਾਹਜਾਦੇ ਪਰਤਾਪ ਸਿੰਘ ਦੇ ਸੀਗਾ ਪਾਸ ਨ ਸੂਰਮਾ ਕਾਈ ਸਮਝੋ

---

*ਕੌਰ ਪਰਤਾਪ ਸਿੰਘ ਛੀ ਤੁਲਾ ਦਾਨ ਤੇ ੨੧ ਗਊਆਂ ਪੰਜ ਹਜਾਰ ਰੁਪਿਆ ਨਕਦ ਯਾਰਾਂ ਹਜਾਰ ਮਣ ਅੰਨਜ ੨੧ ਪੁਸ਼ਾਕੀਆਂ ਜ਼ੇਵਰਾਂ ਸਮੇਤ ਗਰੀਬਾਂ ਬ੍ਰਾਹਮਣਾਂ ਨੂੰ ਦੇ ਚੁਕਾ ਸੀ, ਬਾਕੀ ਸਤਮੀ ਸੋਨੇ ਚਾਂਦੀ ਦੀ ਤੁਲਾ ਉਤੇ ਬੈਠਾ ਸੀ।

ਸਿਰਫ ਧਾੜ ਬ੍ਰਾਹਮਣਾਂ ਮੰਗਤਿਆਂ ਦੀ ਪਾਸ ਬੈਠੀ ਸੀ ਡੇਰੇ ਜਮਾਈ ਸਮਝੋ
ਮੰਗਤੀ ਜ਼ਾਤ ਨਕਾਰਿਆਂ ਬ੍ਰਾਹਮਣਾਂ ਤੋਂ ਦੇਖੋ ਕੁਝ ਵੀ ਨ ਬਣ ਆਈ ਸਮਝੋ
ਖਾਲੀ ਹਥ ਵਿਚਾਰੇ ਜੀ ਭਯਾਣੇ ਬਾਲਕ ਨਜ਼ਰ ਪਿਛਾਂ ਨੂੰ ਉਲਟ ਕੇ ਪਾਈ ਸਮਝੋ
ਸਿਰਤੇ ਖੜਾ ਜਲਾਦ ਤਲਵਾਰ ਲੈਕੇ ਹੱਥ ਜੋੜਕੇ ਅਰਜ਼ ਸੁਣਾਈ ਸਮਝੋ
ਚਾਚਾ ਜੀ ਗੁਲਾਮ ਮੈਂ ਤੁਸਾਂ ਸੰਦਾ ਮੈਨੂੰ ਘੋੜਿਆਂ ਦਾ ਤੁਸੀ ਘਾਈ ਸਮਝੋ
ਸਾਰੀ ਉਮਰ ਮੈਂ ਤੁਸਾਂ ਦੀ ਟਹਿਲ ਕਰਸਾਂ ਅਗੋਂ ਕੰਬ ਕੇ ਪਾਈ ਦੁਹਾਈ ਸਮਝੋ
ਚਾਚਾ ਜਾਣ ਦਿਓ ਚਾਚਾ ਜਾਣ ਦਿਓ ਪਾ ਵਾਸਤੇ ਗਰਦਨ ਨਿਵਾਈ ਸਮਝੋ
ਕੌਰ ਬਹੁਤ ਹੀ ਮਿੰਨਤਾਂ ਕਰ ਰਿਹਾ ਇਕ ਮੰਨੀ ਨਾ ਏਸ ਕਸਾਈ ਸਮਝੋ
ਐਸੀ ਖਿਚ ਤਲਵਾਰ ਚਲਾਈ ਸਮਝੋ ਗਰਦਨ ਕੌਰ ਦੀ ਔਹ ਉਡਾਈ ਸਮਝੋ
ਸਿਰ ਕੇਸਾਂ ਤੋਂ ਫੜਕੇ ਕੌਰ ਜੀਦਾ ਕਰੀ ਸ਼ੈਹਰ ਦੇ ਵਲ ਚੜ੍ਹਾਈ ਸਮਝੋ
ਟੱਕਰ ਪਿਆ ਅਜੀਤਸਿੰਘ ਓਧਰੋਂ ਹੈ ਆਉਂਦਾ ਸ਼ੇਰ ਦਾ ਸਿਰ ਲਟਕਾਈ ਸਮਝੋ
ਇਧਰੋਂ ਸ਼ੇਰ ਦੇ ਪੁਤ ਦਾ ਸਿਰ ਲੈਕੇ ਇਹ ਆਂਵਦਾ ਪਾਪੀ ਲਮਕਾਈ ਸਮਝੋ
ਮਿਲ ਪਏ ਨੇ ਰਾਹ ਦੇ ਵਿਚ ਦੋਵੇਂ ਲਹੂ ਆਂਵਦੇ ਹੈਣ ਛਣਕਾਈ ਸਮਝੋ
ਗੀਤ ਖੁਸ਼ੀ ਦੇ ਗਾਉਂਦੇ ਆਉਂਦੇ ਨੇ ਕੀਤੀ ਦੁਸ਼ਟਾਂ ਨੇ ਕਿਡੀ ਕਮਾਈ ਸਮਝੋ
ਏਸ ਕਹਿਰ ਦੇ ਜ਼ੁਲਮ ਨੇ ਬਿਸ਼ਨ ਸਿੰਘਾ ਸਾਰੇ ਸ਼ੈਹਿਰਦੀ ਖਲਕਤ ਕੰਬਾਈ ਸਮਝੋ

[ਕਵੀ]

ਓਸ ਵਕਤ ਇਸ ਜ਼ੁਲਮ ਦੇ ਨਾਲ ਆਕੇ ਅੰਧਕਾਰ ਅਸਮਾਨ ਤੇ ਛਾ ਗਿਆ
ਸਾਰੇ ਸ਼ੈਹਿਰ ਦੇ ਵਿਚ ਹੜਤਾਲ ਹੋਗਈ ਹਾਹਾਕਾਰ ਹੈ ਸ਼ੈਹਿਰ ਸੁਣਾ ਰਿਹਾ
ਬੂਹੇ ਬੰਦ ਤੇ ਅੰਗ ਨੇਂ ਜ਼ਰਦ ਹੋਗਏ ਹਰ ਇੱਕ ਨੂੰ ਡਰ ਹੈ ਆ ਪਿਆ
ਸਾਰੀ ਪਰਜਾ ਤੇ ਟੁਟਕੇ ਬਿਸ਼ਨ ਸਿੰਘਾ ਇਕੋ ਵਾਰ ਅੰਧੇਰ ਹੈ ਆ ਗਿਆ

{ਸ਼ੇਰ ਸਿੰਘ ਦਾ ਤੇ ਪਰਤਾਪ ਸਿੰਘ ਦਾ ਸਿਰ ਲੈਕੇ ਅਜੀਤ ਸਿੰਘ ਤੇ ਲੈਣਾਂ ਸਿੰਘ ਨੇ ਸ਼ੈਹਿਰ ਨੂੰ ਕਿਲੇ ਵੱਲ ਆਉਂਣਾ ਤੇ ਵਜ਼ੀਰ ਧਜਾਨ ਸਿੰਘ ਨੇ ਮਿਲਂਣਾ}

ਦੋਵੇਂ ਸਿਰ ਲੈ ਸ਼ੈਹਿਰ ਨੂੰ ਆਏ ਪਾਪੀ ਕੁਦਰਤ ਨਾਲ ਵਜ਼ੀਰ ਮਿਲ ਪਿਆ ਅੱਗੋਂ
ਤਦੋਂ ਕਿਲੇ ਤੋਂ ਨਿਕਲ ਧਜਾਨ ਸਿੰਘ ਜੋ ਅਪਣੀ ਵੱਲ ਹਵੇਲੀ ਜਾ ਰਿਹਾ ਅੱਗੋਂ
ਸੰਧਾਂ ਵਾਲੀਆਂ ਨੇ ਫਤੇ ਆਖ ਕਰਕੇ ਧਜਾਨ ਸਿੰਘ ਨੂੰ ਘੇਰ ਹੈ ਲਿਆ ਅੱਗੋਂ
ਤੁਹਾਡੇ ਵੈਰੀਆਂ ਦੇ ਸਿਰ ਲੈ ਆਂਦੇ "ਸੰਧਾਂ ਵਾਲੀਆਂ ਨੇ ਬੋਲ ਕਿਹਾ ਅੱਗੋਂ
ਹੁਕਮ ਤੁਸਾਂ ਦਾ ਅਸਾਂ ਵਜਾ ਦਿਤਾ" ਵੇਖ ਡੋਗਰਾ ਹੈ ਡਰ ਗਿਆ ਅੱਗੋਂ
ਏਸ ਛੋਕਰੇ ਨੂੰ ਕਾਹਨੂੰ ਮਾਰਿਆ ਹੈ ਇਨ ਸੀਗਾ ਵਿਗਾੜਨਾ ਕਿਆ ਅੱਗੋਂ
ਕਿਤੇ ਮੈਨੂੰ ਵੀ ਪਾਰ ਨ ਕਰ ਕੱਢਣ ਡਰ ਗਿਆ ਵਜ਼ੀਰ ਦਾ ਹਿਆ ਅੱਗੋਂ

[ਧਜਾਨ ਸਿੰਘ ਦਾ ਮਰਨਾ]

ਸੰਧਾਂ ਵਾਲੀਆਂ ਕਿਹਾ ਧਜਾਨ ਸਿੰਘ ਨੂੰ ਤੁਸੀਂ ਸਾਰੀਆਂ ਗੱਲਾਂ ਭੁਲਾਈਏ ਜੀ

ਚਲੋ ਮੁੜੋ ਹੁਣ ਕਿਲੇ ਦੇ ਵਲ ਚਲੋ ਦਲੀਪ ਸਿੰਘ ਨੂੰ ਗੱਦੀ ਬਹਾਈਏ ਜੀ
ਮੁੜਨਾ ਚਾਹੇ ਨ ਕਿਲੇ ਦੇ ਵਲ ਰਾਜਾ ਮੁੜਨਾ ਪਿਆ ਪਰ ਕਿਧਰ ਨੂੰ ਜਾਈਏ ਜੀ
ਅੰਦਰ ਵੜਦਿਆਂ ਕਿਲੇ ਅਜੀਤ ਸਿੰਘ ਨੇ ਮਗਰੋਂ ਡੋਗਰੀ ਫੌਜ ਹਟਾਈਏ ਜੀ
ਕਿਥੇ ਮਾਰੀ ਸੀ ਰਾਜਾ ਜੀ ਚੰਦ ਕੌਰਾਂ ਲੈਣਾ ਸਿੰਘ ਇਹ ਗਲ ਜਤਾਈਏ ਜੀ
ਕੰਬ ਪਿਆ ਧਜਾਨ ਸਿੰਘ ਓਸ ਵੇਲੇ ਦਿਲੋਂ ਆਖਦਾ ਮੌਤ ਚਾ ਆਈਏ ਜੀ
ਤਦੋਂ ਕਿਆ ਅਜੀਤ ਸਿੰਘ ਧਜਾਨ ਸਿੰਘ ਨੂੰ ਦਸੋ ਕਿਨੂੰ ਵਜ਼ੀਰ ਬਣਾਈਏ ਜੀ
ਮਰਜੀ ਆਪਦੀ ਮੈਨੂੰ ਬਣਾ ਲਵੋ ਧਜਾਨ ਸਿੰਘ ਇਹ ਗਲ ਅਲਾਈਏ ਜੀ
*ਗੁਰਮੁਖ ਸਿੰਘ ਗਿਆਨੀ ਨੇ ਓਸ ਵੇਲੇ ਸੈਨਤ ਨਾਲ ਇਹ ਗਲ ਸਮਝਾਈਏ ਜੀ
ਜੇਕਰ ਨਵਾਂ ਵਲਟੋਹਾ ਲਗਾ ਲੀਤਾ ਕੜਛਾ ਕਾਹਨੂੰ ਪੁਰਾਣਾ ਲਗਾਈਏ ਜੀ
ਏਸ ਰਮਜ ਨੂੰ ਸਮਝ ਅਜੀਤ ਸਿੰਘ ਨੇ ਇਕ ਸਪਾਹੀ ਨੂੰ ਅੱਖ ਝਮਕਾਈਏ ਜੀ
ਓਸ ਆਦਮੀ ਨੇ ਪਿਛੋਂ ਹੋ ਕਰਕੇ ਕਰਾਬੀਨ ਚਾ ਝੁਕ ਚਲਾਈਏ ਜੀ
ਦੜ ਕਰਦਾ ਜ਼ਮੀਨ ਤੇ ਡਿਗ ਪਿਆ ਧਜਾਨ ਸਿੰਘ ਚੰਡਾਲ ਕਸਾਈਏ ਜੀ
ਧਜਾਨਸਿੰਘਦੇ ਘੁੜਵਾਲ ਤਲਵਾਰ ਖਿਚੀ ਨਾਲ ਇਹਦੀਵੀ ਜਾਨ ਗਵਾਈਏ ਜੀ
ਚਾਰ ਟੋਟੇ ਵਜੀਰ ਦੀ ਕਰ ਦੇਹੀ ਬੁਦ ਖਾਨੇ ਦੀ ਖਾਈ ਸੁਟਾਈਏ ਜੀ
ਦਗੇ ਬਾਜ ਅਜੀਤ ਸਿੰਘ ਤੁੱਛ ਬੁਧੀ ਆਪੇ ਕਰੀ ਇਹ ਕੀ ਦਨਾਈਏ ਜੀ
ਬਾਦਸ਼ਾਹ ਵਜ਼ੀਰ ਨੂੰ ਮਾਰ ਕਰਕੇ ਦਿਤੀ ਜਿੰਦਾਂ ਨੂੰ ਜਾ ਵਧਾਈਏ ਜੀ
ਸੰਧਾਂ ਵਾਲੀਆਂ ਪਾਪੀਆਂ ਬਿਸ਼ਨ ਸਿੰਘਾ ਕਾਲਖ ਆਪਣੇ ਮੂੰਹ ਤੇ ਲਾਈਏ ਜੀ

{ ਸੰਧਾਂ ਵਾਲੀਆਂ ਸ਼ੇਰ ਸਿੰਘ ਦੇ ਲਹੂ ਦਾ ਤਿਲਕ ਦੇਕੇ ਦਲੀਪ ਸਿੰਘ ਨੂੰ
ਗੱਦੀ ਤੇ ਬਹਾਉਣਾ ਤੇ ਆਪ ਵਜ਼ੀਰ ਬਣਕੇ ਸ਼ਰਾਬ
ਨਾਚ ਮੁਜਰੇ ਵਿਚ ਮਸਤ ਹੋ ਬੈਠਣਾ }

ਜਿੰਦ ਕੌਰ ਦੀ ਗੋਦ ਤੋਂ ਚੁਕ ਕਰਕੇ ਦਲੀਪ ਸਿੰਘ ਨੂੰ ਤਖਤ ਬਹਾ ਦਿਤਾ
ਸੰਧਾਂ ਵਾਲੀਆਂ ਸ਼ੇਰ ਦਾ ਲਹੂ ਲੈਕੇ ਦਲੀਪ ਸਿੰਘ ਦੇ ਮੱਥੇ ਤੇ ਲਾ ਦਿਤਾ
ਦਲੀਪ ਸਿੰਘ ਨੂੰ ਸਾਰੀ ਪੰਜਾਬ ਸੰਦਾ ਬਾਦਸ਼ਾਹ ਹੈ ਆਪ ਬਣਾ ਦਿਤਾ
ਰਾਜ ਕਾਜ ਦੀ ਆਪ ਵਜੀਰੀ ਲੈਕੇ ਬੰਦੋਬਸਤ ਹੈ ਕਰਨਾ ਭੁਲਾ ਦਿਤਾ
ਚਾਰ ਯਾਰੀ ਦੀ ਸਭਾ ਜਮਾ ਕਰਕੇ ਰਾਗ ਰੰਗ ਨੂੰ ਸ਼ੁਰੂ ਕਰਾ ਦਿਤਾ
ਪੀ ਸ਼ਰਾਬ ਤੇ ਨਾਚ ਨੇ ਦੇਖਣ ਲੱਗੇ ਮਸਤ ਹੋਕੇ ਫਰਸ਼ ਵਿਛਾ ਦਿਤਾ
ਜੋ ਕੁਝ ਹੋਣਾ ਸੀ ਸੋ ਤਾਂ ਹੋ ਚੁਕਾ ਕਈਆਂ ਅਫਸਰਾਂ ਹੈ ਸੁਣਾ ਦਿਤਾ
ਦਲੀਪ ਸਿੰਘ ਨੂੰ ਨਾਲ ਲੈ ਚਲੇ ਚਲੋ ਵਿਚ ਫੌਜਾਂ ਦੇ ਇਹ ਬਤਾ ਦਿਤਾ

---

*ਏਸ ਗਿਆਨੀ ਜੀ ਦੇ ਪੋਤਰੇ ਸ੍ਰੀ ਮਾਨ ਭਾਈ ਗੁਰਬਖਸ ਸਿੰਘ ਜੋ ਬੈਰਿਸਟਰ ਗਿਆਨੀ ਅਜ ਕਲ ਖਾਲਸਾ ਕਾਲਜ ਦੇ ਸੈਕ੍ਰੇਟ੍ਰੀ ਹਨ ਅਰ ਮੂਫਤ ਸੇਵਾ ਕਰਦੇ ਹਨ ਬੜਾ ਚੰਗਾ ਕੰਮ ਚਲਾਉਂਦੇ ਹਨ।

ਅਗੋਂ ਨਾਲ ਹੰਕਾਰ ਦੇ ਲਹਿਣਾ ਸਿੰਘ ਨੇ ਭੁਜਾਂ ਠੋਕ ਕੇ ਹੈ ਅਲਾ ਦਿਤਾ
ਜੋਰ ਬਾਹਾਂ ਦੇ ਲਿਆ ਹੈ ਰਾਜ ਅਸਾਂ ਕੁਝ ਫੌਜਾਂ ਨੇ ਸਾਨੂੰ ਨ ਆ ਦਿਤਾ
ਬਿਸ਼ਨ ਸਿੰਘ ਪਰਵਾਹ ਨ ਕਿਸੇ ਸੰਦੀ ਸਾਨੂੰ ਰੱਬ ਨੇ ਭਾਗ ਲਗਾ ਦਿਤਾ

[ਮਹਾਰਾਜਾ ਸ਼ੇਰ ਸਿੰਘ ਦੇ ਗੁਣ ਤੇ ਬਾਕੀ ਸੰਛੇਪ ਜੀਵਨ ਬਿਰਤਾਂਤ]

ਸ਼ੇਰ ਸਿੰਘ ਮਹਾਰਾਜ ਪੰਜਾਬ ਅੰਦਰ ਸਾਰੇ ਜੁਆਨਾ ਦਾ ਇਕ ਨਿਸ਼ਾਨ ਸੀ ਜੀ
ਰੰਗ ਕੁੰਦਨ ਵਰਗਾ ਚਿਹਰਾ ਗੋਲ ਚੰਗਾ ਬੜਾ ਸੁੰਦਰ ਸਰੂਪ ਸੁਜਾਨ ਜੀ
ਬੜੇ ਬੜੇ ਬਿਸਾਲ ਸੀ ਸੁੰਦਰ ਨੇਤਰ ਮੁਖ ਸੋਹਣਾ ਚੰਦ ਸਮਾਨ ਸੀ ਜੀ
ਦਾੜ੍ਹਾ ਕਾਲਾ ਚੌਗਿਰਦ ਮੁਛਹਿਰੇ ਕੁੰਢੇ ਛਾਤੀ ਚੌੜੀ ਤੇ ਪੱਕੀ ਮਹਾਨ ਸੀ ਜੀ
ਜ਼ੋਰ ਵਾਲਾ ਨਹਾਇਤ ਸੀ ਜੋਧਿਆਂ ਤੋਂ ਇਕੋ ਜੇਹਾ ਕਦਵਾਰ ਬਲਵਾਨ ਸੀ ਜੀ
ਸਿਰ ਪੈਰ ਤੋਂ ਲੈਕੇ ਇਕੋ ਜਿਹਾ ਬੜਾ ਪੋਰੇ ਦਾ ਪੋਰਾ ਜਵਾਨ ਸੀ ਜੀ
ਜੇਹੜਾ ਦੇਖਦਾ ਸੀ ਕੰਮ ਕਰ ਲੈਂਦਾ ਐਡਾ ਅਕਲ ਦਾ ਧਨੀ ਬੁਧਵਾਨ ਸੀ ਜੀ
ਜੰਤ੍ਰ ਮੰਤ੍ਰ ਤੇ ਤੰਤ੍ਰ ਤੇ ਹੁਨਰ ਕੇਤੇ ਦਾਰੂ ਕੁਸ਼ਤੇ ਵੀ ਆਂਵਦੇ ਜਾਨ ਸੀ ਜੀ
ਤੰਗ ਕੁੜਤੇ ਪਜਾਮੇ ਸਭ ਪਹਿਰਨੇਦੀ ਰਸਮ ਏਸਤੋਂ ਨਿਕਲੀ ਇਹ ਆਨ ਸੀ ਜੀ
ਗਿਆ ਮੌਤ ਅਜਾਈਂ ਹੈ ਬਿਸ਼ਨ ਸਿੰਘਾ ਭਾਣਾ ਵਰਤਣਾ ਏਹੋ ਭਗਵਾਨ ਸੀ ਜੀ

[ਤਥਾ]

ਸੂਰ ਬੀਰ ਦਲੇਰ ਵੀ ਐਡਾ ਹੈਸੀ ਕੋਈ ਹੋਰ ਨ ਇਸਦੇ ਸਮਾਨ ਸੀ ਜੀ
ਇਕ ਜੁਆਨ ਮੁਹੰਮਦ ਅਮੀਨ ਖਾਂਨ ਜੋ ਨੁਵਾਬ ਹਜਾਰੇ ਦਾ ਮਾਨ ਸੀ ਜੀ
ਸਾਰੇ ਦੇਸ਼ ਹਜਾਰੇ ਦੇ ਵਿਚ ਏਹੋ ਬੜਾ ਉੱਚਾ ਤੇ ਜੋਧਾ ਪਠਾਣ ਸੀ ਜੀ
ਇਕ ਦਿਨ ਜੰਗ ਦੇ ਸਮੇਂ ਲਲਕਾਰ ਕਰਕੇ ਕੁੱਦ ਪਿਆ ਇਹ ਵਿਚ ਮਦਾਨ ਸੀ ਜੀ
ਕੱਲਾ ਸਿੰਘ ਕੋਈ ਲੜੇ ਖਾਂ ਨਾਲ ਮੇਰੇ ਇਸ ਪਠਾਣ ਨੇ ਕੀਤਾ ਬਖਾਨ ਸੀ ਜੀ
ਦੇਉ ਜੇਹੇ ਪਠਾਣ ਨੂੰ ਦੇਖ ਕਰਕੇ ਕੋਈ ਸਿੰਘ ਨ ਨਿਕਲਿਆ ਜਾਨ ਸੀ ਜੀ
ਓਸੇ ਵੇਲੇ ਹੀ ਸ਼ੇਰ ਸਿੰਘ ਹਾਥੀ ਉਤੋਂ ਗੱਜ ਪਿਆ ਮਦਾਨ ਵਿਚ ਆਨ ਸੀ ਜੀ
ਨਾਲ ਢਾਲਾਂ ਤਲਵਾਰਾਂ ਦੇ ਲੜ ਕਰਕੇ ਦੋਹਾਂ ਆਪਣੇ ਲਾਹੇ ਗੁਮਾਨ ਸੀ ਜੀ
ਓੜਕ ਓਹ ਮੁਨਾਰੇ ਸਮਾਨ ਜੋਧਾ ਮਾਰ ਦਿਤਾ ਮਹਾਰਾਜ ਬਲਵਾਨ ਸੀ ਜੀ
ਏਸੇ ਤਰਾਂ ਹੀ ਹੌਸਲਾ ਵਧ ਗਿਆ ਮਾਰੇ ਏਸਨੇ ਤੁਰਕ ਮਹਾਨ ਸੀ ਜੀ
ਮਹਾਰਾਜ ਰਣਜੀਤ ਸਿੰਘ ਏਸੇ ਲਈ ਦਿਤਾ ਏਸ ਨੂੰ ਬੜਾ ਸਨਮਾਨ ਸੀ ਜੀ
ਬੜੀ ਸਾਰੀ ਜਗੀਰ ਸੀ ਲਾ ਰੱਖੀ ਸਿੱਖ ਸੂਰਮਾ ਇਹ ਵੀ ਨਿਸ਼ਾਨ ਸੀ ਜੀ
ਹਾਇ ਬੜਾ ਅਫਸੋਸ ਇਸ ਜ਼ੁਲਮ ਉਤੋਂ ਕੰਬ ਉਠਿਆ ਸਭ ਜਹਾਨ ਸੀ ਜੀ
ਐਸੇ ਲੈਕ ਬਹਾਦਰ ਨੂੰ ਮਾਰ ਕਰਕੇ ਕੀਤਾ ਆਪਣਾ ਘਰ ਵੈਰਾਨ ਸੀ ਜੀ
ਸੰਧਾਂ ਵਾਲੀਆਂ ਪਾਪੀਆਂ ਬਿਸ਼ਨਸਿੰਘਾ ਕੀਤਾ ਆਪਣਾ ਸਾਰਾ ਨੁਕਸਾਨ ਸੀ ਜੀ

{ਰਾਜੇ ਹੀਰਾ ਸਿੰਘ ਨੇ ਆਪਣੇ ਪਿਤਾ ਧਿਆਨ ਸਿੰਘ ਦਾ ਮਰਨਾ ਸੁਣਕੇ ਵਿਰਲਾਪ ਕਰਨਾ}

ਰਾਜਾ ਹੀਰਾ ਸਿੰਘ ਪਿਉ ਦਾ ਮਰਨਾ ਸੁਣਕੇ ਡਿਗ ਪਿਆ ਜ਼ਮੀਨ ਬਿਹੋਸ਼ ਹੋਯਾ
ਮੱਛੀ ਤੜਫਦੀ ਪਾਣੀ ਬਹੀਨ ਜੀਕੂੰ ਹੋਸ਼ ਆਈ ਤਾਂ ਚੀਕਾਂ ਹੈ ਮਾਰ ਰੋਯਾ
ਰੋਣਾ ਕੰਮ ਤ੍ਰੀਮਤਾਂ ਭੈੜੀਆਂ ਦਾ ਕਿਹਾ ਚਾਚੇ ਸੁਚੇਤ ਸਿੰਘ ਆਪ ਗੋਯਾ
ਬਣ ਛੱਤਰੀ ਵੈਰ ਲੈ ਬਿਸ਼ਨ ਸਿੰਘਾ ਵਾਂਗ ਬੱਕਰੇ ਤੇਰਾ ਹੈ ਬਾਪ ਮੋਯਾ

{ ਹੀਰਾ ਸਿੰਘ ਨੇ ਸੰਧਾਂ ਵਾਲੀਆਂ ਤੋਂ ਆਪਣੇ ਪਿਉ ਦਾ ਵੈਰ ਲੈਣ ਵਾਸਤੇ ਫੌਜ ਖਾਲਸੇ ਅਗੇ ਵਾਸਤੇ ਪਾਉਣੇ }

ਰੋ ਰੋ ਕੇ ਆਖਿਆ ਹੀਰਾ ਸਿੰਘ ਨੇ ਸ਼ਰਨ ਆਯਾ ਜੇ ਮੈਨੂੰ ਬਚਾਓ ਸਿੰਘੋ
ਜਿਨ੍ਹਾਂ ਕੋਹਕੇ ਮਾਰਿਆ ਪਿਓ ਮੇਰਾ ਵੈਰ ਲੈਦਿਓ ਓਨਾਂ ਤੋਂ ਆਓ ਸਿੰਘੋ
ਜਾ ਪਈ ਜੇ ਐ ਤਲਵਾਰ ਫੜਲੌ ਤੁਸੀ ਮੈਨੂੰ ਵੀ ਪਾਰ ਬੁਲਾਓ ਸਿੰਘੋ
ਲਾਇਕ ਬਾਦਸ਼ਾਹ ਜਿਨ੍ਹਾਂ ਵਜੀਰ ਕੋਹਿਆ ਯਾ ਉਨਾਂ ਨੂੰ ਮਾਰ ਮੁਕਾਓ ਸਿੰਘੋ
ਨਾਲੀ ਪ੍ਰਤੀ ਮੈਂ ਬਾਰਾਂ ਰੁਪਏ ਦੇਵਾਂ ਮੈਥੋਂ ਬੜੇ ਮੁਰਾਤਬੇ ਪਾਓ ਸਿੰਘੋ
ਬਿਸ਼ਨ ਸਿੰਘ ਉਪਕਾਰ ਭੁੱਲਾਂ ਗਾ ਨਾ ਮੇਰੇ ਸਿਰ ਅਹਿਸਾਨ ਚੜ੍ਹਾਓ ਸਿੰਘੋ

[ਕਵੀ]

ਹੀਰਾ ਸਿੰਘ ਨੇ ਖੋਲਕੇ ਹਾਲ ਸਾਰਾ ਸੰਧਾਂ ਵਾਲੀਆਂ ਸੰਦਾ ਸੁਣਾਇਆ ਏ
ਸੰਧਾਂ ਵਾਲੀਆਂ ਦੇ ਜ਼ੁਲਮ ਦਸ ਕਰਕੇ ਸਾਰੇ ਸਿੱਖਾਂ ਨੂੰ ਗੁਸਾ ਚੜ੍ਹਾਇਆ ਏ
ਸ਼ੇਰ ਸਿੰਘ ਤ੍ਰੇ ਕੌਰਦੇ ਮਾਰਨੇ ਦਾ ਨਾਲੇ ਖਾਲਸੇ ਨੂੰ ਗੁੱਸਾ ਆਇਆ ਏ
ਚੜ੍ਹੇ ਸਾਰੇ ਹੀ ਖਾਲਸੇ ਬਿਸ਼ਨ ਸਿੰਘਾ ਬਸ ਕੂਚਦਾ ਤੁਰਮ ਵਜਾਇਆ ਏ

{ ਰਾਜੇ ਹੀਰਾ ਸਿੰਘ ਨੇ ਸਿੰਘਾਂ ਦੀ ਮੱਦਤ ਨਾਲ ਕਿਲੇ ਨੂੰ ਫਤੇ ਕਰਨਾ ਤੇ ਸੰਧਾਂ ਵਾਲੀਆਂ ਦਾ ਮਰਨਾ }

ਲਾਲ ਸਿੰਘ ਸੁਚੇਤ ਸਿੰਘ ਹੀਰਾ ਸਿੰਘ ਨੇ ਸਾਰੇ ਸਿੰਘਾਂ ਨੂੰ ਰੋਹ ਚੜਾ ਦਿਤੇ
ਅਬੂ ਤਬਲੇ ਦੀ ਫੌਜ ਨੇ ਤਯਾਰ ਹੋਕੇ ਝਟ ਪਟ ਨੇ ਕੂਚ ਕਰਾ ਦਿਤੇ
ਅਫਸਰ ਸਾਰੇ ਵੈਂਤੂਰਾ ਸਾਹਿਬ ਵਰਗੇ ਚੜ੍ਹ ਬੈਠੇ ਜਾਂ ਹੁਕਮ ਸੁਣਾ ਦਿਤੇ
ਚੜ੍ਹੇ ਸਾਉਣ ਦੇ ਬੱਦਲਾਂ ਵਾਂਗ ਸਾਰੇ ਮਾਰੂ ਰਾਗ ਦੇ ਵਾਜੇ ਵਜਾ ਦਿਤੇ
ਅਗੇ ਅਗੇ ਸਰਦਾਰ ਤੇ ਫੌਜ ਸਾਰੀ ਪਿਛੇ ਅਫਸਰਾਂ ਨੇ ਘੇਰੇ ਪਾ ਦਿਤੇ
ਘਟਾਂ ਕਿਲੇ ਦੇ ਵਲ ਨੇ ਉਮਡ ਆਈਆਂ ਸਤ ਸ੍ਰੀ ਅਕਾਲ ਬੁਲਾ ਦਿਤੇ
ਤੋਪਾਂ ਡਾਹ ਕੇ ਕਿਲੇ ਲਾਹੌਰ ਦੇ ਨੂੰ ਸੰਝ ਸਮੇਂ ਨੇ ਮੋਰਚੇ ਲਾ ਦਿਤੇ
ਢਾਹ ਸੁਟੋ ਖਾਂ ਕਿਲੇ ਨੂੰ ਖਾਲਸਾ ਜੀ ਸਾਰੇ ਸੂਰਮੇ ਹਾਕਮਾਂ ਡਾਹ ਦਿਤੇ
ਸੰਧਾਂ ਵਾਲੀਏ ਤਦੋਂ ਬਿਹੋਸ਼ ਪਏ ਸੀ ਨਸ਼ੇ ਬੜੇ ਸ਼ਰਾਬ ਨੇ ਆ ਦਿਤੇ
ਕਿਲੇ ਅੰਦਰੋਂ ਮਹਿਰ ਘਸੀਟੇ ਹੋਰਾਂ ਸੰਧਾਂ ਵਾਲੀਏ ਹੈਣ ਬਚਾ ਦਿਤੇ
ਸਾਰੀ ਰਾਤ ਹੈ ਫੌਜ ਲੜਾਉਂਦਾ ਰਿਹਾ ਚੰਗੇ ਸੂਰਮੇ ਹਥ ਵਿਖਾ ਦਿਤੇ
ਰਾਇ ਕੇਸਰੀ ਸਿੰਘ ਸੁਚੇਤ ਸਿੰਘ ਨੇ ਬਾਹਰੋਂ ਆਪਣੇ ਦਿਲ ਵਧਾ ਦਿਤੇ
ਤੋਪਾਂ ਹਲਕੀਆਂ ਚਾੜ੍ਹ ਮੁਨਾਰਿਆਂ ਤੇ ਸਾਰੇ ਕਿਲੇ ਦੇ ਲੋਕ ਕੰਬਾ ਦਿਤੇ

ਲੈਣਾ ਸਿੰਘ ਅਜੀਤ ਸਿੰਘ ਜਾਗ ਕਰਕੇ ਗੋਲਮਦਾਜ਼ ਨੇ ਚੰਗੇ ਲੜਾ ਦਿਤੇ
ਐਪਰ ਤਦੋਂ ਨੂੰ ਬਾਹਰ ਦੀਆਂ ਤੋਪਾਂ ਆਕੇ ਥਾਂ ਕਈ ਨੇ ਕਿਲੇ ਦੇ ਢਾਹ ਦਿਤੇ
ਸੰਧਾਂ ਵਾਲੀਆਂ ਨਿਮਕ ਹਰਾਮੀਆਂ ਦੇ ਬੜੇ ਬੜੇ ਸਪਾਹੀ ਮੁਕਾ ਦਿਤੇ
ਲੱਜ ਨਾਲ ਅਜੀਤ ਸਿੰਘ ਕਿਲੇ ਉਤੋਂ ਥੱਲੇ ਆਪਣੇ ਪੈਰ ਲਮਕਾ ਦਿਤੇ
ਡਿਗਦੇ ਸੁਥਰਿਆਂ ਦੀ ਧਰਮਸਾਲ ਕੋਲੋਂ ਕਾਦਰ ਬਖਸ਼ ਨੇ ਵਾਰ ਚਲਾ ਦਿਤੇ
ਭੈੜਾ ਗੀਦੀ ਅਜੀਤ ਸਿੰਘ ਮਾਰਿਆ ਹੈ ਜਿਸਨੇ ਬੜੇ ਨੇ ਪਾਪ ਕਮਾ ਦਿਤੇ
ਲੈਣਾ ਸਿੰਘ ਤੇ ਮਹਿਰ ਘਸੀਟੇ ਹੋਰਾਂ ਗੰਦੀ ਮੋਰੀ ਤੋਂ ਸਿਰ ਲੰਘਾ ਦਿਤੇ
ਬਸ ਓਥੋਂ ਹੀ ਨਿਕਲਦੇ ਕੁੱਟ ਸੁਟੇ ਵਾਂਗ ਗਿੱਦੜਾਂ ਮਾਰ ਮੁਕਾ ਦਿਤੇ
ਹੀਰਾ ਸਿੰਘ ਨੇ ਕਿਲੇ ਨੂੰ ਫਤੇ ਕਰਕੇ ਡੇਰੇ ਕਿਲੇ ਦੇ ਵਿੱਚ ਜਮਾ ਦਿਤੇ
ਫੌਜ ਖਾਲਸੇ ਕਿਲੇ ਤੇ ਸ਼ੈਹਰ ਅੰਦਰ ਲੁਟ ਪੁਟ ਤੇ ਊਧਮ ਮਚਾ ਦਿਤੇ
ਬੰਦੋਬਸਤ ਕਰ ਜਲਦੀ ਹੀ ਹੀਰਾ ਸਿੰਘ ਨੇ ਚੈਨ ਸੰਦੇ ਢੰਡੋਰੇ ਫਿਰਾ ਦਿਤੇ
ਦਲੀਪ ਸਿੰਘ ਦਾ ਰਾਜ ਵਜੀਰੀ ਮੇਰੀ ਹਰ ਇਕ ਨੂੰ ਹੁਕਮ ਅਲਾ ਦਿਤੇ
ਲੈਣਾ ਸਿੰਘ ਤੇ ਨਾਲੇ ਅਜੀਤ ਸਿੰਘ ਦੇ ਲੱਤਾਂ ਵਿਚ ਨੇ ਰੱਸੇ ਪਵਾ ਦਿਤੇ
ਸਾਰੇ ਸ਼ਹਿਰ ਦੇ ਵਿਚ ਘਸੀਟ ਕਰਕੇ ਹਰ ਇਕ ਨੂੰ ਹੈਣ ਦਿਖਾ ਦਿਤੇ
ਹਰ ਇਕ ਲਾਹੌਰ ਦਰਵਾਜੇ ਅੱਗੇ ਨਾਲ ਬਿਰਛਾਂ ਦੇ ਟੁਕ ਟੰਗਾ ਦਿਤੇ
ਟੁਕੜੇ ਟੁਕੜੇ ਕਰ ਫੇਰ ਹਰਾਮੀਆਂ ਦੇ ਚੀਲ੍ਹਾਂ ਕਾਵਾਂ ਨੂੰ ਹੈਣ ਖੁਆ ਦਿਤੇ
ਘਰ ਬਾਰ ਸਭ ਜ਼ਬਤ ਕਰ ਜ਼ਾਲਮਾਂ ਦੇ ਮਿੱਟੀ ਘੱਟੇ ਦੇ ਨਾਲ ਰਲਾ ਦਿਤੇ
ਮਦਤਗਾਰ ਜੇਹੜੇ ਸੰਧਾਂ ਵਾਲੀਆਂ ਦੇ ਦੁਖ ਓਨਾਂ ਨੂੰ ਬੜੇ ਪੁਚਾ ਦਿਤੇ
ਗੁਰਮੁਖ ਸਿੰਘ ਗਿਆਨੀ ਬੇਲੀ ਰਾਮ ਵਰਗੇ ਬੁਰੀ ਦੁਰਦਿਸਾ ਨਾਲ ਉਡਾ ਦਿਤੇ
ਧਨ ਕਲਾ ਤੇ ਫੁੱਟ ਨੇ ਬਿਸ਼ਨ ਸਿੰਘਾ ਕਈ ਜੋਧੇ ਨੇ ਖਾਕ ਮਿਲਾ ਦਿਤੇ

ਰਾਜੇ ਹੀਰਾ ਸਿੰਘ ਦੀ ਵਜੀਰੀ ਅਤੇ ਦਲੀਪ ਸਿੰਘ ਦੇ ਮਾਮੇ ਜਵਾਹਰ ਸਿੰਘ ਨੇ ਆਪਣੀ ਭੈਣ ਜਿੰਦ ਕੌਰ ਨੂੰ ਵਜੀਰ ਨਾਲ ਲੜਾ ਦੇਣਾ ਤੇ ਪੰਡਤ ਜੱਲੇ ਦੀਆਂ ਖਰਾਬੀਆਂ

ਹੀਰਾ ਸਿੰਘ ਨੇ ਆਪ ਵਜੀਰ ਹੋਕੇ ਬੜੀ ਚੰਗੀ ਵਜ਼ੀਰੀ ਵਿਖਾ ਦਿਤੀ
ਸਾਰੀ ਫੌਜ ਦੀ ਪਿਛਲੀ ਤਨਖਾਂਹ ਗਿਣਕੇ ਕੌਡੀ ਕੌਡੀ ਹੈ ਹਥ ਫੜਾ ਦਿਤੀ
ਅਗੇ ਲਈ ਹਰੇਕ ਸਪਾਹੀ ਸੰਦੀ ਮਾਹ ਬਾਰਾਂ ਰੁਪਏ ਵਧਾ ਦਿਤੀ
ਜਿਸਤੋਂ ਸਾਰੀ ਹੀ ਫੌਜ ਹੈ ਖੁਸ਼ ਹੋਗਈ ਬੜੀ ਭਾਰੀ ਹੈ ਖੁਸ਼ੀ ਮਨਾ ਦਿਤੀ
ਜਵਾਹਰ ਸਿੰਘ ਵਜੀਰੀ ਜੋ ਚਾਹੁੰਦਾ ਸੀ ਉਸਨੇ ਫੇਰ ਹੈ ਕਲਾ ਵਧਾ ਦਿਤੀ
ਹੀਰਾ ਸਿੰਘ ਦੇ ਨਾਲ ਨਰਾਜ਼ ਹੋਕੇ ਜਿੰਦ ਕੌਰ ਸਿਖਾਇ ਲੜਾ ਦਿਤੀ
ਹੀਰਾ ਸਿੰਘ ਦਾ ਗੁਰੂ ਜੋ ਪੰਡਤ ਜੱਲਾ ਦੂਜਾ ਏਸਨੇ ਕਲਾ ਹੈ ਪਾ ਦਿਤੀ
ਸਿਖ ਧਰਮ ਦਾ ਬੜਾ ਇਹ ਵੈਰੀ ਹੈਸੀ ਇਸਨੇ ਛੁਰੀ ਜਬਾਨ ਚਲਾ ਦਿਤੀ
ਜਵਾਹਰ ਸਿੰਘ ਤੇ ਰਾਣੀ ਦਾ ਨਾਮ ਲੈ ਲੈ ਵਿਚ ਸਭਾ ਦੇ ਬੋਲੀ ਲਗਾ ਦਿਤੀ

ਖਾਸ ਵਿਚ ਦਰਬਾਰ ਸਰਦਾਰਾਂ ਤਾਈਂ ਭੈੜੀ ਗਲ ਹੈ ਬੋਲ ਸੁਣਾ ਦਿਤੀ
ਵੈਰੀ ਜਲੇ ਦੇ ਬਣੇ ਸਰਦਾਰ ਸਾਰੇ ਸਭਨਾ ਇਹ ਸਲਾਹ ਪਕਾ ਦਿਤੀ
ਮਾਰ ਦਿਓ ਚੰਡਾਲ ਨੂੰ ਬਿਸ਼ਨ ਸਿੰਘਾ ਹਰ ਇਕ ਸਰਦਾਰ ਨੇ ਰਾਇ ਦਿਤੀ

[ਹੀਰਾ ਸਿੰਘ ਨੇ ਜਗੀਰਦਾਰਾਂ ਤੋਂ ਖਰਾਜ ਮੰਗਣੇ]

ਦੂਣੀ ਫੌਜ ਦੀ ਕਰ ਤਨਖਾਹ ਦਿਤੀ ਫਿਕਰ ਇਹ ਵਜ਼ੀਰ ਨੂੰ ਆਨ ਹੋਏ
ਰਾਤ ਦਿਨੇ ਵਿਚਾਰਾਂ ਵਿਚਾਰਦਾ ਹੈ ਘਾਟਾ ਪੂਰਾ ਇਹ ਕਿਸਤਰਾਂ ਜਾਨ ਹੋਏ
ਕੀਕੂੰ ਫੌਜ ਨੂੰ ਖੁਸ਼ੀ ਮੈਂ ਕਰੀ ਜਾਂਵਾਂ ਮੇਰੇ ਪਾਸ ਕੋਈ ਧਨ ਦੀ ਖਾਨ ਹੋਏ
ਕਰਾਂ ਦੂਣੇ ਖਰਾਜ ਤੇ ਮਾਮਲੇ ਸਭ ਇਹਨਾਂ ਗਲਾਂ ਦੇ ਵਲ ਧਿਆਨ ਹੋਏ
ਲਿਖ ਭੇਜਿਆ ਰਾਜਿਆਂ ਸੂਬਿਆਂ ਨੂੰ ਸਾਰੇ ਸੁਣਕੇ ਹੈਣ ਹੈਰਾਨ ਹੋਏ
ਕਾਰਦਾਰਾਂ ਤੇ ਸਭਨਾਂ ਜਗੀਰਦਾਰਾਂ ਵਲ ਹੁਕਮ ਨੇ ਲਿਖ ਪਿਆਨ ਹੋਏ
ਦੂਣੇ ਦੂਣੇ ਖਿਰਾਜ ਤੇ ਮਾਮਲੇ ਸੁਣ ਸਾਰੇ ਲੋਕ ਨੇ ਤੰਗ ਮਹਾਨ ਹੋਏ
ਏਸ ਗਲ ਤੋਂ ਸਾਰੇ ਹੀ ਬਿਸ਼ਨ ਸਿੰਘਾ ਦੁਸ਼ਮਣ ਏਸ ਦੀ ਜਾਨ ਦੇ ਆਨ ਹੋਏ

[ਹੀਰਾ ਸਿੰਘ ਨੇ ਆਪਣਿਆਂ ਸਨਬੰਧੀਆਂ ਤੇ ਜ਼ੋਰ ਪਾਕੇ ਬਾਕੀ ਰੁਪਯਾ ਮੰਗਣਾ]

ਪੰਜ ਲੱਖ ਸੁਚੇਤ ਸਿੰਘ ਵਲ ਹੈਸੀ ਹੀਰਾ ਸਿੰਘ ਨੇ ਕਿਹਾ ਫੜਾ ਦਿਓ
ਦਸ ਲੱਖ ਗੁਲਾਬ ਸਿੰਘ ਵਲ ਸੀਗਾ ਏਸ ਤਾਂਈ ਵੀ ਕਿਹਾ ਪੁਚਾ ਦਿਓ
ਦੋਹਾਂ ਚਾਚਿਆਂ ਤਾਈਂ ਭਤੀਜੇ ਕਿਹਾ ਸਿੰਘਾਂ ਸੰਦਾ ਰੁਪਯਾ ਗਿਣਾ ਦਿਓ
ਨਵਾਂ ਲੇਖਾ ਹੁਣ ਹੋਵੇਗਾ ਬਿਸ਼ਨ ਸਿੰਘਾ ਪਿਛਲਾ ਸਾਰਾ ਹਿਸਾਬ ਚੁਕਾ ਦਿਓ

[ਕਵੀ]

ਹੀਰਾ ਸਿੰਘ ਦੀ ਇਹ ਇਕ ਚਾਲ ਹੈਸੀ ਪਹਿਲਾਂ ਅਪਣਿਆਂ ਤਾਈਂ ਨਵਾ ਲਵਾਂ
ਬਾਕੀ ਚਾਚਿਆਂ ਵਲ ਹਿਸਾਬ ਜੇਹੜੇ ਪਹਿਲਾਂ ਇਹ ਮੈਂ ਸਾਰਾ ਗਿਣਾ ਲਵਾਂ
ਪਿਛੋਂ ਡਰਕੇ ਦੇਣਗੇ ਲੋਕ ਸਾਰੇ ਈਕੂੰ ਸਭ ਤੋਂ ਮੈਂ ਉਗਰਾਹ ਲਵਾਂ
ਬਿਸ਼ਨ ਸਿੰਘਾ ਦਬਾ ਲਾਂ ਸਾਰਿਆਂ ਨੂੰ ਅਪਣੇ ਆਪ ਨੂੰ ਰਾਜਾ ਬਣਾ ਲਵਾਂ

[ਇਸ ਗਲ ਤੋਂ ਖਿਝਕੇ ਸੁਚੇਤ ਸਿੰਘ ਅਪਣੇ ਭਤੀਜੇ ਦਾ ਵੈਰੀ ਬਣ ਗਿਆ]

ਆਪ ਰਾਜਾ ਸੁਚੇਤ ਸਿੰਘ ਏਸ ਗਲੋਂ ਹੀਰਾ ਸਿੰਘ ਨੂੰ ਦੁਸ਼ਮਣ ਵਿਚਾਰ ਬੈਠਾ
ਸਾਰੀ ਫੌਜ ਜੋ ਸਿੰਘਾਂ ਦੀ ਘੋੜ ਚੜ੍ਹੀ ਸੀ ਜਰਨੈਲ ਇਹ ਕਰ ਹੰਕਾਰ ਬੈਠਾ
ਚੜ੍ਹਦੀ ਕਲਾ ਭਤੀਜੇ ਦੀ ਦੇਖ ਕਰਕੇ ਅਪਣੇ ਆਪ ਹੈ ਹੋ ਲਾਚਾਰ ਬੈਠਾ
ਹੀਰਾ ਸਿੰਘ ਖਰਾਬ ਹੈ ਬਿਸ਼ਨ ਸਿੰਘਾ ਸਾਰੀ ਫੌਜ ਨੂੰ ਇਹ ਉਚਾਰ ਬੈਠਾ

{ ਹੀਰਾ ਸਿੰਘ ਨੇ ਇਹ ਹਾਲ ਸੁਣਕੇ ਫੌਜ ਖਾਲਸੇ
ਅਗੇ ਬੇਨਤੀ ਕਰਨੀ ਅਤੇ ਲਾਲਚ ਦੇਣਾ }

ਹੀਰਾ ਸਿੰਘ ਨੇ ਸੱਦਕੇ ਅਫਸਰਾਂ ਨੂੰ ਕਿਹਾ ਖਾਲਸਾ ਜੀ ਮੇਰੇ ਲਾਲ ਸੁਣ ਲੌ
ਮੈਂ ਤੁਸਾਂ ਦਾ ਦਾਸ ਕਹਾਂਵਦਾ ਹਾਂ ਲੌ ਬਿਰਦ ਦੀ ਲਾਜ ਸੰਭਾਲ ਸੁਣ ਲੌ
ਆਪੇ ਸੌਂਪੀ ਹੈ ਤੁਸਾਂ ਨੇ ਟਹਿਲ ਮੈਨੂੰ ਮਿਹਰਬਾਨਗੀ ਕਰ ਕਮਾਲ ਸੁਣ ਲੌ

ਦੂਜੇ ਕੋਲੋਂ ਕਟਾਉਣਾ ਨਹੀਂ ਚੰਗਾ ਰੁਖ ਆਪ ਲਗਾ ਤੇ ਪਾਲ ਸੁਣ ਲੌ
ਆਹ ਲਓ ਖਾਂ ਆਪੇ ਹੀ ਵੱਢ ਛਡੋ ਮੈਨੂੰ ਏਸ ਤਲਵਾਰ ਦੇ ਨਾਲ ਸੁਣ ਲੌ
ਕਿਓਂ ਮਰਵਾਉਂਦੇ ਹੋ ਸੁਚੇਤਸਿੰਘ ਤੋਂ ਮੇਰਾ ਸਾਰਾ ਇਹ ਤੁਸੀ ਹਵਾਲ ਸੁਣ ਲੌ
ਸਿੰਘ ਸੁਣਕੇ ਗੱਜਕੇ ਆਖਦੇ ਨੇ ਕੌਣ ਹੁੰਦਾ ਹੈ ਓਹ ਚੰਡਾਲ ਸੁਣ ਲੌ
ਤੇਰੇ ਹੁਕਮ ਦੇ ਵਿੱਚ ਹਾਂ ਅਸੀ ਸਾਰੇ ਕਰ ਚਹੇ ਹੋ ਸਾਨੂੰ ਨਿਹਾਲ ਸੁਣ ਲੌ
ਜੇਕਰ ਆਖੇ ਤਾਂ ਹੁਣੇ ਸੁਚੇਤ ਸਿੰਘ ਦਾ ਕਰ ਸੁਟੀਏ ਜਾਕੇ ਕਾਲ ਸੁਣ ਲੌ
ਇਹ ਸੁਣਕੇਤੇ ਹੀਰਾ ਸਿੰਘ ਸੰਦਾ ਚਿਹਰਾ ਹੋ ਗਿਆ ਲਾਲ ਗੁਲਾਲ ਸੁਣ ਲੌ
ਹੀਰਾ ਸਿੰਘ ਨੇ ਆਖਿਆ ਖਾਲਸਾ ਜੀ ਮੇਰੀ ਬੇਨਤੀ ਕਰ ਖਿਆਲ ਸੁਣ ਲੌ
ਬੁਧਕੀ ਹਰ ਸਪਾਹੀ ਤੇ ਅਫਸਰਾਂ ਨੂੰ ਕੰਠੇ ਕੜੇ ਮੈਂ ਦਿਆਂਗਾ ਮਾਲ ਸੁਣ ਲੌ
ਛੇਤੀ ਵਢੋ ਜੇ ਫਸਤਾ ਸੁਚੇਤ ਸਿੰਘ ਦਾ ਲੌ ਇਹ ਇਨਾਮ ਉਤਾਲ ਸੁਣ ਲੌ
ਇਹ ਸੁਣਦਿਆਂ ਸਾਰ ਹੀ ਸਿੰਘ ਸਾਰੇ ਕਰ ਉਠੇ ਅਕਾਲ ਅਕਾਲ ਸੁਣ ਲੌ
ਰਾਤ ਨੀਂਦ ਨ ਪਈ ਹੈ ਖਾਲਸੇ ਨੂੰ ਏਸ ਲੋਭ ਦਾ ਐਸਾ ਹੈ ਜਾਲ ਸੁਣ ਲੌ
ਗਜਲ ਵਜਦੀ ਨਾਲ ਹੀ ਬਿਸ਼ਨ ਸਿੰਘਾ ਉਠ ਤੁਰੇ ਪੁਕਾਰਦੇ ਹਾਲ ਸੁਣ ਲੌ

[ਹੀਰਾਸਿੰਘ ਡੋਗਰੇ ਨੇਂ ਫੌਜ ਖਾਲਸੇ ਤੋਂ ਡੋਗਰਿਆਂਦਾ ਸਤਿਆਨਾਸ ਕਰਾਉਣਾ]

ਮੀਏਂ ਵਡੇ ਦੀ ਖਾਨਗਾਹ ਪਾਸ ਜਾਕੇ ਸਾਰੇ ਡੋਗਰੇ ਖਾਲਸੇ ਘੇਰ ਲਏ
ਤੋਪਾਂ ਧਰ ਖਨਗਾਹ ਉਡਾਇ ਛੱਡੀ ਪਲੇ ਬੜੇ ਸੁਚੇਤ ਸਿੰਘ ਫੇਰ ਲਏ
ਅੰਪਰ ਇਕ ਨ ਸੁਣੀ ਹੈ ਖਾਲਸੇ ਨੇ ਘੇਰੇ ਪਾ ਨੇ ਚਾਰ ਚੁਫੇਰ ਲਏ
ਉਚੀ ਗੱਜ ਕੇ ਕਿਹਾ ਸੁਚੇਤ ਸਿੰਘ ਨੇ ਸਾਸ ਅੰਤ ਦੇ ਜਦੋਂ ਨੇ ਹੇਰ ਲਏ
ਸੌਂਹ ਗੁਰਾਂ ਦੀ ਤੁਸਾਂ ਨੂੰ ਖਾਲਸਾ ਜੀ ਕਾਨੂੰ ਪਾ ਜੇ ਐਵੇਂ ਭੱਟ ਭੇੜ ਲਏ
ਤੋਪਾਂ ਛਡਕੇ ਤੇਗ਼ਾ ਦੇ ਹਥ ਵੇਖੋ ਅੰਡੇ ਕਾਹਨੂੰ ਜੇ ਪਾ ਹਨੇਰ ਲਏ
ਸਿੰਘਾਂ ਸੁਣ ਇਹ ਗਲ ਸੁਚੇਤ ਸਿੰਘ ਦੀ ਦਿਲ ਆਪਣੇ ਕਰ ਦਲੇਰ ਲਏ
ਦੋਵੇਂ ਧਿਰਾਂ ਮਦਾਨ ਦੇ ਵਿੱਚ ਆਈਆਂ ਤੇਗ਼ਾਂ ਧੂਹ ਕਰ ਹੌਸਲੇ ਸ਼ੇਰ ਲਏ
ਜਬਰ ਸਿੰਘ ਨਿਹਾਲ ਸਿੰਘ ਕੇਸਰੀ ਸਿੰਘ ਬਸੰਤ ਸਿੰਘ ਸੁਚੇਤ ਸਿੰਘ ਕੇਰ ਲਏ
*ਅੱਸੀ ਸੱਤ੍ਰ ਇਹ ਡੋਗਰੇ ਬੜੇ ਭਾਰੇ ਸਿੰਘਾਂ ਵਿੱਚ ਮਦਾਨ ਨਬੇੜ ਲਏ

*ਸੁਚੇਤ ਸਿੰਘ ਨੇ ੩ ਕੇਸਰੀ ਸਿੰਘ ਨੇ ੫ ਬਸੰਤ ਸਿੰਘ ਨੇ ੧੩ ਨਿਹਾਲ ਸਿੰਘ ਨੇ ੧੭ ਸਿੰਘ ਸ਼ਹੀਦ ਕੀਤੇ, ਏਧਰੋਂ ਵੀ ਰਾਮ ਸਿੰਘ ਛਾਪੇ ਨੇ ੫ ਹਰਸਾ ਸਿੰਘ ਜਰਨੈਲ ਨੇ ੭ ਰਣਜੋਧ ਸਿੰਘ ਮਜੀਠੀਏ ਨੇ ੯ ਬੀਰ ਸਿੰਘ ਨੇ ੩ ਏਸੇ ਤਰਾਂ ਹੋਰ ਸਿੰਘਾਂ ਨੇ ਡੋਗਰੇ ਮਾਰੇ ਦੋ ਕੁ ਸੌ ਬਹਾਦਰ ਦੋਹਾਂ ਪਾਸਿਆਂ ਤੋਂ ਮਦਾਨ ਵਿਚ ਰਹੇ, ਵਾਹ ੨ ਮਚ ਗਈ ੧੧ ਸਤੀਆਂ ਰਾਇ ਕੇਸਰੀ ਸਿੰਘ ਨਾਲ ੧੫ ਰਾਜੇ ਸੁਚੇਤ ਸਿੰਘ ਨਾਲ ੫ ਬਸੰਤ ਸਿੰਘ ਨਾਲ ਏਸੇ ਤਰਾਂ ਸਭ ਡੋਗਰਿਆਂ ਨਾਲ ਔਰਤਾਂ ਜਲ ਮਰੀਆਂ।

ਹੀਰਾ ਸਿੰਘ ਚੰਡਾਲ ਨੇ ਬਿਸ਼ਨ ਸਿੰਘਾ ਸਾਰੇ ਇਹ ਪੁਆੜੇ ਸਹੇੜ ਲਏ

[ਕਵੀ]

ਏਸੇ ਸਮੇਂ ਹੀ ਲੋਕ ਸਭ ਬੁਰਛਿਆਂ ਤੋਂ ਮਾਰੇ ਡਰਦੇ ਤ੍ਰਾਹਿ ਤ੍ਰਾਹਿ ਕਰ ਰਹੇ ਸਨ
ਐਹੋ ਜਹੇ ਇਹ ਬੁਰਛੇ ਸੀ ਛੁਹੇ ਹੋਏ ਕਿਸੇ ਕੋਲੋਂ ਵੀ ਨਹੀਂ ਇਹ ਡਰ ਰਹੇ ਸਨ
ਭਾਵੇਂ ਕੋਈ ਕੁਝ ਦੇ ਕੇ ਕਿਸੇ ਤਾਈਂ ਸੁਟੇ ਆਪ ਮਰਵਾ ਨ ਟਲ ਰਹੇ ਸਨ
ਚੁਕੇ ਹੋਏ ਚੰਡਾਲਾਂ ਦੇ ਸਭ ਬੁਰਛੇ ਹਰ ਇਕ ਦੇ ਨਾਲ ਹੀ ਲੜ ਰਹੇ ਸਨ
ਲੁੱਟ ਪੁੱਟ ਸਰਦਾਰਾਂ ਅਮੀਰਾਂ ਤਾਈਂ ਲੁਚ ਮੰਡਲੀ ਦੇ ਲੋਕ ਤਰ ਰਹੇ ਸਨ
ਆਖੇ ਲਗ ਚੰਡਾਲਾਂ ਦੇ ਬਿਸ਼ਨ ਸਿੰਘਾ ਹਰ ਇਕ ਕਮਜ਼ੋਰ ਨੂੰ ਫੜ ਰਹੇ ਸਨ

{ ਹੀਰਾ ਸਿੰਘ ਨੇ ਰਾਜੇ ਗੁਲਾਬ ਸਿੰਘ ਨੂੰ ਫੌਜ ਦੇਕੇ ਕੌਰ ਕਸ਼ਮੀਰਾ ਸਿੰਘ ਪਸ਼ੌਰਾ ਸਿੰਘ ਦੇ ਫੜਨ ਵਾਸਤੇ ਭੇਜਣਾ ਤੇ ਕਸ਼ਮੀਰਾ ਸਿੰਘ ਨੇ ਭਾਈ ਵੀਰ ਸਿੰਘ ਨੌਰੰਗਾ ਵਾਦੀਏ ਪਾਸ ਜਾ ਰਹਿਣਾ }

ਕੌਰ ਸਿੰਘ ਕਸ਼ਮੀਰਾ ਪਸ਼ੌਰਾ ਸਿੰਘ ਨੇ ਸਿਆਲਕੋਟ ਹੈ ਡੇਰਾ ਲਗਾ ਲਿਆ
ਇਹ ਵੀ ਪੁਤ ਮਹਾਰਾਜ ਦੇ ਸੀਗ ਦੋਵੇਂ ਡਰਦੇ ਸਿੰਘਾਂ ਤੋਂ ਸਮਾ ਬਤਾ ਲਿਆ
ਹੀਰਾ ਸਿੰਘ ਦੇ ਆਖੇ ਗੁਲਾਬ ਸਿੰਘ ਨੇ ਇਹਨਾਂ ਉਤੇ ਹੈ ਦਲ ਚੜ੍ਹਾ ਲਿਆ
ਲੜਦੇ ਦੇਖੇ ਨ ਸਿੰਘ ਗੁਲਾਬ ਸਿੰਘ ਨੇ ਫੇਰ ਹੋਰ ਹੈ ਦਾ ਚਾ ਲਾ ਲਿਆ
ਸ਼ਾਮ ਦਾਮ ਦੀ ਚਾਲ ਦੇ ਨਾਲ ਆਕੇ ਕੌਰਾਂ ਕੋਲੋਂ ਹੈ ਕਿਲਾ ਛੁਡਾ ਲਿਆ
ਓੜਕ ਭੱਜਕੇ ਦੋਹਾਂ ਹੀ ਕੌਰ ਸਾਹਿਬਾਂ ਪਾਰ ਸਤਲੁਜੋਂ ਡੇਰਾ ਜਮਾ ਲਿਆ
ਓੜਕ ਏਥੋਂ ਵੀ ਚਲ ਕਸ਼ਮੀਰਾ ਸਿੰਘ ਨੇ ਨੁਰੰਗਾਵਾਦ ਆ ਪੈਰ ਟਿਕਾ ਲਿਆ
ਵੀਰ ਸਿੰਘ ਮਹਾਤਮਾ ਸੰਤ ਭਾਰੇ ਓਨਾਂ ਤਾਈਂ ਹੈ ਸਿਰ ਨਵਾ ਲਿਆ
ਅਤਰ ਸਿੰਘ ਜਹੇ ਸੰਧਾਂ ਵਾਲੀਏ ਜੋ ਅਗੇ ਕਈਆਂ ਨੇ ਡੇਰਾ ਆ ਪਾ ਲਿਆ
ਭੱਜ ਕਰ ਲਾਹੌਰੋਂ ਸਰਦਾਰਾਂ ਕਈਆਂ ਅਪਣਾ ਆਪ ਸੀ ਆਪ ਬਚਾ ਲਿਆ
ਕਠੇ ਹੋਏ ਸੀ ਏਥੇ ਸਰਦਾਰ ਬਹੁਤੇ ਸਭਨਾ ਇਹ ਹੈ ਮੰਤ੍ਰ ਪਕਾ ਲਿਆ
ਵੀਰ ਸਿੰਘ ਨੂੰ ਸਭਨਾਂ ਪ੍ਰੇਰ ਕਰਕੇ ਵਲ ਖਾਲਸੇ ਇਹ ਲਿਖਾ ਲਿਆ
ਚੰਗੀ ਤਰਾਂ ਸੋ ਖੋਲਕੇ ਬਿਸ਼ਨ ਸਿੰਘਾ ਸਾਰਾ ਅਗੇ ਮੈਂ ਹਾਲ ਸੁਣਾ ਲਿਆ

[ਬਾਬਾ ਵੀਰ ਸਿੰਘ ਜੀ ਨੇ ਲਾਹੌਰ ਦਰਬਾਰ ਦੇ ਫੌਜੀਆਂ ਸਿੰਘਾਂ ਵਲ ਲਿਖਣਾ]

ਵੀਰ ਸਿੰਘ ਨੇ ਆਖਿਆ ਖਾਲਸਾ ਜੀ ਗੱਦੀ ਸਿੰਘਾਂ ਦੀ ਇਹ ਕਹਾਈਏ ਜੀ
ਤਾਂਤੇ ਏਸ ਲਾਹੌਰ ਦਰਬਾਰ ਅੰਦਰ ਜਥੇਦਾਰ ਕੋਈ ਮੋਨਾ ਨ ਚਾਹੀਏ ਜੀ
ਹੀਰਾ ਸਿੰਘ ਮਨਮਤੀਏ ਨੂੰ ਦੂਰ ਕਰਕੇ ਅਤਰ ਸਿੰਘ ਨੂੰ ਤੁਸੀ ਬੁਲਾਈਏ ਜੀ
ਜੋ ਖਾਸ ਸਰਕਾਰ ਦੀ ਕੁਲ ਵਿਚੋਂ ਇਸ ਨੂੰ ਗੱਦੀ ਦੇ ਉਤੇ ਬਹਾਈਏ ਜੀ
ਸੰਧਾ ਵਾਲੀਆ ਲੈਕ ਇਹ ਬੜਾ ਭਾਰਾ ਇਸ ਨੂੰ ਤੁਸੀ ਵਜੀਰ ਬਣਾਈਏ ਜੀ
ਸਾਰੀ ਗਲ ਇਹ ਲਿਖਕੇ ਬਿਸ਼ਨ ਸਿੰਘਾ ਵੀਰ ਸਿੰਘ ਲਾਹੌਰ ਪਹੁੰਚਾਈਏ ਜੀ

{ ਇਹ ਬ੍ਰਿਤਾਂਤ ਸੁਣਕੇ ਹੀਰਾ ਸਿੰਘ ਨੇ ਕੰਬ ਜਾਣਾ
ਅਤੇ ਫੌਜ ਖਾਲਸੇ ਅਗੇ ਬੇਨਤੀ ਕਰਨੀ }

ਹੀਰਾ ਸਿੰਘ ਇਹ ਸੁਣਕੇ ਕੰਬ ਗਿਆ ਕਹਿੰਦਾ ਸਿੰਘਾਂ ਨੂੰ ਮੈਨੂੰ ਹਟਾ ਛਡੋ
ਯਾ ਆਹ ਲੌ ਤਲਵਾਰ ਖਾਂ ਖਾਲਸਾ ਜੀ ਨਾਲ ਏਸੇ ਦੇ ਮਾਰ ਮੁਕਾ ਛਡੋ
ਵੀਰ ਸਿੰਘ ਜੋ ਪਿਆ ਸੁਣਾਂਵਦਾ ਹੈ ਇਹ ਤੁਸੀ ਵੀ ਸੁਣ ਸੁਣਾ ਛਡੋ
ਅਤਰ ਸਿੰਘ ਦੀ ਪਿਆ ਸਫਾਰਸ਼ ਕਰਦਾ ਹਰ ਇਕ ਨੂੰ ਇਹ ਬਤਾ ਛਡੋ
ਅਤਰ ਸਿੰਘ ਅੰਗ੍ਰੇਜ਼ਾਂ ਦੇ ਨਾਲ ਰਲਿਆ ਹੁਣ ਤੁਸੀ ਵੀ ਸੁਖ ਭੁਲਾ ਛਡੋ
ਅਤਰ ਸਿੰਘ ਦੀ ਬਾਬਤ ਹੈ ਸੰਤ ਕਹਿੰਦਾ ਤੁਸੀ ਇਹਨੂੰ ਵਜ਼ੀਰ ਬਣਾ ਛਡੋ
ਆਹ ਲੌ ਦੂਜੇ ਤੋਂ ਕਾਹਨੂੰ ਮਰਵਾਉਂਦੇ ਹੋ ਮੈਨੂੰ ਆਪੇ ਹੀ ਪਾਰ ਬੁਲਾ ਛਡੋ
ਯਾ ਦੇ ਜਗੀਰ ਗੁਜ਼ਾਰੇ ਲਈ ਕਿਤੇ ਆਪ ਹੀ ਤੁਸੀ ਬਹਾ ਛਡੋ
ਮੈਂ ਲੈਣਾ ਕੀ ਏਨਾਂ ਪੁਆੜਿਆਂ ਤੋਂ ਖਾਣ ਲਈ ਕੁਝ ਦੇ ਦਵਾ ਛਡੋ
ਐਪਰ ਤੁਸਾਂ ਵੀ ਯਾਦ ਇਹ ਰਖਣਾ ਜੇ ਅਪਣੇ ਬਿਸਤਰੇ ਬੰਨ੍ਹ ਬੰਨ੍ਹਾ ਛਡੋ
ਰਾਜ ਰਹਿਣਾ ਨ ਇਹ ਜੇ ਬਿਸ਼ਨ ਸਿੰਘਾ ਜੋ ਕੁਝ ਖਾਵਣਾ ਜੇ ਸੋ ਖਾ ਛਡੋ

{ ਫੌਜ ਖਾਲਸੇ ਨੇ ਇਹ ਬੇਨਤੀ ਸੁਣਕੇ ਮੋਮ ਹੋ ਜਾਣਾ
ਅਤੇ ਹੀਰਾ ਸਿੰਘ ਨੂੰ ਇਓਂ ਆਖਣਾ }

ਫੌਜ ਖਾਲਸੇ ਆਖਿਆ ਹੀਰਾ ਸਿੰਘ ਨੂੰ ਤੁਸੀ ਹੋਇ ਹੋ ਐਡੇ ਦਿਲਗੀਰ ਕਾਹਨੂੰ
ਅਤਰ ਸਿੰਘ ਦੇ ਲਹੂ ਦੇ ਅਸੀਂ ਪਜਾਸੇ ਕਰੀਏ ਓਸ ਨੂੰ ਅਸੀ ਵਜ਼ੀਰ ਕਾਹਨੂੰ
ਰਾਜ ਕਾਜ ਦੇ ਨਾਲੇ ਓਹ ਲਗਦੇ ਨੇ ਵਿਚ ਰਾਜ ਦੇ ਪੈਣ ਫਕੀਰ ਕਾਹਨੂੰ
ਤੁਸੀ ਆਗਿਆ ਦਿਓ ਖਾਂ ਅਸਾਂ ਤਾਈਂ ਰਹਿਣ ਦੇਈਏ ਆਪ ਦੀ ਪੀੜ ਕਾਹਨੂੰ
ਅਤਰਸਿੰਘ ਤੇ ਦੂਜੇ ਕਸ਼ਮੀਰਾਸਿੰਘ ਦੇ ਰਹਿਣ ਦੇਈਏ ਜੀਉਂਦੇ ਸਰੀਰ ਕਾਹਨੂੰ
ਸਿਰ ਲਾਹਕੇ ਰਖੀਏ ਅਗੇ ਤੇਰੇ ਪੈਣ ਦੇਈਏ ਆਪ ਨੂੰ ਭੀੜ ਕਾਹਨੂੰ
ਤੇਰੇ ਹੁਕਮ ਦੇ ਵਿਚ ਹਾਂ ਬਿਸ਼ਨ ਸਿੰਘਾ ਹੁੰਦੇ ਜਾਂਚਦੇ ਆਪ ਅਧੀਰ ਕਾਹਨੂੰ

[ਲਾਹੌਰ ਤੋਂ ਨਜੀਬਾ ਵਾਲੀ ਫੌਜ ਦੀ ਬਾਬੇ ਵੀਰ ਸਿੰਘ ਤੇ ਚੜ੍ਹਾਈ]

ਇਹ ਗਲ ਹੁਣ ਸਿੰਘਾਂ ਤੋਂ ਸੁਣ ਕਰਕੇ ਹੀਰਾ ਸਿੰਘ ਅਨੰਦ ਮਨਾਇਆ ਹੈ
ਸਾਰੀ ਤੋਰਕੇ ਫੌਜ ਨਜੀਬਾ ਵਾਲੀ ਮੀਆਂ ਲਾਭ ਸਿੰਘ ਨਾਲ ਚੜ੍ਹਾਇਆ ਹੈ
ਵੀਰ ਸਿੰਘ ਨੂੰ ਸ਼ਾਇਦ ਨ ਸਿਖ ਮਾਰਨ ਹੀਰਾ ਸਿੰਘ ਖਿਆਲ ਦੁੜਾਇਆ ਹੈ
ਫੌਜੀ ਅਫਸਰਾਂ ਆਕੇ ਬਿਸ਼ਨ ਸਿੰਘਾ ਵੀਰ ਸਿੰਘ ਨੂੰ ਬੜਾ ਸਮਝਾਇਆ ਹੈ

[ਸਰਦਾਰਾਂ ਨੇ ਭਾਈ ਵੀਰ ਸਿੰਘ ਨੂੰ ਸਮਝਾਉਣਾ]

ਤੁਸੀ ਖਾਲਸੇ ਦੇ ਪੂਜਨੀਕ ਸੰਤੋ ਸਾਰੇ ਸਿੰਘਾਂ ਦਾ ਮੇਲ ਮਿਲਾ ਦਿਓ
ਜਿਸ ਕਰ ਨ ਵਧੇ ਖਰਾਬੀ ਕੋਈ ਗਲ ਪੰਥ ਵਿਚ ਓਹ ਬਣਾ ਦਿਓ
ਸਾਰਾ ਪੰਥ ਹੀ ਆਪ ਦਾ ਬਚਨ ਮੰਨੇ ਫੁੱਟ ਪੰਥ ਦੀ ਆਪ ਹਟਾ ਦਿਓ
ਬਾਦਸ਼ਾਹੀ ਦਾ ਇਹ ਵਿਰੋਧੀ ਹੈਗਾ ਅਤਰ ਸਿੰਘ ਨੂੰ ਤੁਸੀਂ ਫੜਾ ਦਿਓ

ਯਾਂ ਆਪਣੇ ਡੇਰੇ ਤੋਂ ਕੱਢ ਕਰਕੇ ਇਸਨੂੰ ਹੋਰਦੇ ਕਿਧਰੇ ਦੂੜਾ ਦਿਓ
ਜਿਧਰੇ ਜੀ ਚਾਹੇ ਓਧਰ ਚਲਾ ਜਾਵੇ ਇਸਨੂੰ ਤੁਸੀ ਸਮਝਾ ਬੁਝਾ ਦਿਓ
ਕਸਮ ਅਸੀ ਬੀ ਏਸਨੂੰ ਨਹੀਂ ਫੜਦੇ ਤੁਸੀ ਡੇਰੇ ਤੋਂ ਕਿਧਰੇ ਭਜਾ ਦਿਓ
ਇਕ ਏਹੋ ਹੀ ਮਹੁਰੇ ਦਾ ਮਲਾ ਹੈਗਾ ਇਸਨੂੰ ਸੰਤ ਜੀ ਆਪ ਸਮਝਾ ਦਿਓ
ਸ਼ੇਰ ਸਿੰਘ ਦਾ ਘਾਤ ਕਰਾਯਾ ਇਸਨੇ ਇਸਨੂੰ ਬਾਬਾ ਜੀ ਕੋਲੋਂ ਉਠਾ ਦਿਓ
ਮੰਨੋ ਵਾਸਤਾ ਅਸਾਂ ਦਾ ਬਿਸ਼ਨ ਸਿੰਘਾ ਮੇਲ ਪੰਥ ਦਾ ਕਰ ਬਹਾ ਦਿਓ

[ਜਵਾਬ ਬਾਬਾ ਵੀਰ ਸਿੰਘ ਜੀ]

ਕਲਗੀ ਵਾਲੇ ਦੀ ਸ਼ਰਨ ਹੈ ਆ ਚੁਕਾ ਤਾਂਤੇ ਅਸਾਂਨੇ ਏਸਨੂੰ ਉਠਾਵਣਾ ਨ
"ਜੋ ਸਰਨਿ ਆਵੈ ਤਿਸੁ ਕੰਠ ਲਾਵੈ" ਅਸਾਂ ਗੁਰਾਂ ਦਾ ਵਾਕ ਭੁਲਾਵਣਾ ਨ
ਅਤਰ ਸਿੰਘ ਪਜਾਰਾ ਸੰਧਾਂ ਵਾਲੀਆ ਇਹ ਅਸਾਂ ਤੁਸਾਂ ਦੇ ਹਥ ਫੜਾਵਣਾਂ ਨ
ਅਸਾਂ ਏਸਨੂੰ ਗਲ ਦੇਂ ਨਾਲ ਲਾਯਾ ਇਸ ਲਈ ਅਸਾਂ ਬੇਮੁਖ ਕਹਾਵਣਾ ਨ
ਇਹ ਸੰਤਾਂ ਦੀ ਸ਼ਰਨ ਹੈ ਦੌੜ ਆਯਾ ਨਾਲ ਏਸਦੇ ਬੁਰਾ ਕਮਾਵਣਾ ਨ
ਤੁਹਾਡੇ ਹੱਥ ਫੜਾਕੇ ਬਿਸ਼ਨ ਸਿੰਘਾ ਅਸਾਂ ਆਪਣਾ ਆਪ ਬਚਾਵਣਾਂ ਨ

[ਕਵੀ]

ਏਸੇਤਰਾਂ ਹੀ ਬਾਬੇ ਦੇ ਪਾਸ ਆਕੇ ਸਿੱਖ ਸਾਧੂ ਅਨੇਕ ਪੁਕਾਰ ਬੈਠਾ
ਦੋ ਦਿਨ ਇਹ ਗਲ ਹੈ ਹੁੰਦੀ ਰਹੀ ਬਾਬਾ ਜੀ ਤਾਂ ਕਰ ਇਕਰਾਰ ਬੈਠਾ
ਬਾਬੇ ਜੀ ਨੇ ਹਠ ਇਹ ਛਡਿਆ ਨਾ ਸੰਧਾਂਵਾਲੀਆਂ ਤੇ ਜਾਨ ਵਾਰ ਬੈਠਾ
ਅਤਰ ਸਿੰਘ ਨੂੰ ਡੇਰੇ ਤੋਂ ਕਢਿਆ ਨਾ ਕਰ ਆਪਣੇ ਗਲ ਦਾ ਹਾਰ ਬੈਠਾ
ਅਤਰ ਸਿੰਘ ਵੀ ਕਿਸੇ ਦੀ ਨਹੀਂ ਮੰਨੀ ਇਕੋ ਨਾ ਹੀ ਹੈ ਉਚਾਰ ਬੈਠਾ
ਕਰਾਮਾਤੀਆ ਭਾਈ ਨੂੰ ਜਾਣ ਕਰਕੇ ਏਸੇ ਉੱਤੇ ਹੀ ਹੌਸਲਾ ਧਾਰ ਬੈਠਾ
ਅਤਰ ਸਿੰਘ ਨੂੰ ਬੜਾ ਭਰੋਸਾ ਹੈਸੀ ਦਿਲ ਵਿੱਚ ਇਹ ਬਾਤ ਵਿਚਾਰ ਬੈਠਾ
ਸੰਤ ਅਸਾਂ ਨੂੰ ਰਾਜ ਹੁਣ ਲੈ ਦੇਸਨ ਤਾਹੀਓਂ ਡੇਰੇ ਹੈ ਚੌਂਕੜੀ ਮਾਰ ਬੈਠਾ
ਸਿਖਾਂ ਵੈਰੀਆਂ ਨੂੰ ਹੁਣ ਮਾਰ ਕਰਕੇ ਲੈ ਲੈਣ ਲਾਹੌਰ ਦਰਬਾਰ ਬੈਠਾ
ਏਸੇ ਗਲ ਤੇ ਹੀ ਸੰਧਾਂ ਵਾਲੀਆ ਏ ਕੱਠੀ ਫ਼ੌਜ ਕਰ ਸੌਲਾਂ ਹਜਾਰ ਬੈਠਾ
ਬਸ ਏਸੇ ਘੁਮੰਡ ਦੇ ਵਿੱਚ ਆਕੇ ਅਤਰ ਸਿੰਘ ਹੈ ਕਰ ਹੰਕਾਰ ਬੈਠਾ
ਸਿਖਾਂ ਸੰਦੇ ਜੋ ਦੋ ਵਕੀਲ ਆਏ ਕਰ ਓਨਾਂ ਦੇ ਨਾਲ ਹੈ ਰਾਰ ਬੈਠਾ
ਗੁਲਾਬ ਸਿੰਘ ਕਲਕੱਤੀਏ ਨੂੰ ਫੜਕੇ ਬਸ ਤੇਗ਼ ਦੇ ਘਾਟ ਉਤਾਰ ਬੈਠਾ
ਬਾਘ ਸਿੰਘ ਮਰਾੜੀਏ ਦੂਸਰੇ ਵੀ ਨਾਲ ਏਸਦੇ ਖ਼ੂੰਨ ਗੁਜਾਰ ਬੈਠਾ
ਏਸ ਗਲ ਤੋਂ ਹੀ ਮੀਏਂ ਲਾਭ ਸਿੰਘ ਨੂੰ ਗੁੱਸਾ ਚੜ੍ਹ ਗਿਆ ਹੋ ਤਿਆਰ ਬੈਠਾ
ਤੋਪਾਂ ਬੀੜ ਕੇ ਡੇਰੇ ਨੂੰ ਬਿਸ਼ਨ ਸਿੰਘਾ ਸਾਰੀ ਫੌਜ ਨੂੰ ਹੈ ਲਲਕਾਰ ਬੈਠਾ

{ਮੀਏਂ ਲਾਭ ਸਿੰਘ ਨੇ ਬਾਬੇ ਵੀਰ ਸਿੰਘ ਦੇ ਡੇਰੇ ਨੂੰ
ਤੋਪਾਂ ਧਰਕੇ ਉਡਾਉਣਾ ਸ਼ੁਰੂ ਕਰ ਦੇਣਾ}

ਮੀਏਂ ਲਾਭ ਸਿੰਘ ਫੌਜਾਂ ਨੂੰ ਹੁਕਮ ਦੇਕੇ ਤੋਪਾਂ ਬੀੜਕੇ ਗੋਲੇ ਚਲਾ ਦਿੱਤੇ
ਕਾੜ ਕਾੜ ਹੁਣ ਗੋਲੇ ਹੈਂ ਚਲਣ ਲਗੇ ਕਈ ਸੰਤ ਮਹੰਤ ਉੜਾ ਦਿੱਤੇ
ਐਸੀ ਗੋਲਿਆਂ ਆਣਕੇ ਗੂੰਜ ਪਾਈ ਦੋਵੇਂ ਧਰਤੀ ਅਸਮਾਨ ਕੰਬਾ ਦਿੱਤੇ
ਕਿਡੀ ਫੜੀ ਅਨੀਤ ਨੇ ਬਿਸ਼ਨ ਸਿੰਘਾ ਆਸ ਪਾਸ ਦੇ ਪਿੰਡ ਡਰਾ ਦਿੱਤੇ

ਬਾਬਾ ਵੀਰ ਸਿੰਘ ਜੀ ਅਪਣੇ ਡੇਰੇ ਸਮੇਤ ਤੂਤਾਂ ਵਾਲੇ ਪਿੰਡ "ਕਸੂਰ" ਸਤਲੁਜ ਦੇ ਕਨਾਰੇ ਉਤਰੇ ਹੋਏ ਸਨ ਅਤੇ ਜੋ ਬਾਬਾ ਜੀ ਦੇ ਪਾਸ ਜਵਾਹਰ ਸਿੰਘ ਨਲੂਏ ਆਦਿਕ ਬੜੇ ੨ ਜੋਧੇ ਸੋਲਾਂ ਸਤਾਰਾਂ ਹਜਾਰ ਸ਼ਸਤ੍ਰ ਧਾਰੀ ਸਨ ਓਨਾਂ ਨੇ ਹਥ ਜੋੜਕੇ ਸਿਖਾਂ ਨਾਲ ਜੰਗ ਦੀ ਆਗਿਆ ਮੰਗੀ

ਹੱਥ ਜੋੜਕੇ ਬਾਬੇ ਦੇ ਪਾਸ ਆਕੇ ਸਾਰੇ ਸਿੱਖ ਸਰਦਾਰ ਉਚਾਰ ਰਹੇ
ਦੇਖੋ ਬਾਬਾ ਜੀ ਹੁਣ ਤਾਂ ਸਿੱਖ ਸਾਨੂੰ ਗੋਲੇ ਮਾਰਕੇ ਕਰ ਲਾਚਾਰ ਰਹੇ
ਦਿਓ ਆਗਿਆ ਜੰਗ ਦੀ ਹੁਣ ਸਾਨੂੰ ਸਾਰੇ ਸੂਰਮੇ ਹੋਇ ਤਿਆਰ ਰਹੇ
ਅਗੇ ਹੋਕੇ ਹਥ ਦਿਖਾਇ ਮਰੀਏ ਕੇਵਲ ਆਪਦੀ ਸੈਨਤ ਨਿਹਾਰ ਰਹੇ
ਵੈਰੀ ਅਸਾਂ ਦੇ ਬਹੁਤ ਹੀ ਨੇੜੇ ਆਕੇ ਖੂੰਨ ਅਸਾਂ ਦੇ ਹੈਨ ਗੁਜ਼ਾਰ ਰਹੇ
ਮੰਨੀ ਇਕ ਨ ਵੀਰਸਿੰਘ ਬਿਸ਼ਨ ਸਿੰਘਾ ਜਵਾਹਰਸਿੰਘ ਜਹੇ ਬੜਾ ਪੁਕਾਰ ਰਹੇ

[ਜਵਾਬ ਬਾਬਾ ਵੀਰ ਸਿੰਘ ਜੀ]

ਬਾਬੇ ਆਖਿਆ ਸੁਣੋ ਖਾਂ ਖਾਲਸਾ ਜੀ ਸਿਖਾਂ ਨਾਲ ਮੈਂ ਸਿਖ ਲੜਾਵਣੇ ਨਹੀਂ
ਹੁਣੇ ਮੇਰਾ ਸਰੀਰ ਨਿਸ਼ੰਗ ਜਾਵੇ ਸਿੰਘਾਂ ਉਤੇ ਮੈਂ ਹੱਥ ਉਠਾਵਣੇ ਨਹੀਂ
ਦੇਕੇ ਆਗਿਆ ਜੰਗ ਦੀ ਤੁਸਾਂ ਤਾਈਂ ਸਿੰਘਾਂ ਕੋਲੋਂ ਮੈਂ ਸਿੰਘ ਮਰਵਾਵਣੇ ਨਹੀਂ
ਨੇਕੀ ਖਟ ਲੈ ਹੁਣ ਵੀ ਬਿਸ਼ਨ ਸਿੰਘਾ ਮੁੜਕੇ ਫੇਰ ਦਿਹਾੜੇ ਇਹ ਆਵਣੇ ਨਹੀਂ

[ਤਥਾ ਸਿਖ ਸਰਦਾਰ]

ਦੇਖੋ ਬਾਬਾ ਜੀ ਤੋਪਾਂ ਦੇ ਗੋਲਿਆਂ ਨੇ ਡੰਗਰ ਡੇਰੇ ਦੇ ਸਭ ਉੜਾ ਸੁੱਟੇ
ਵੱਡੇ ਵੱਡੇ ਭਜਨੀਕ ਜੋ ਸੰਤ ਸੀਗੇ ਓਹਵੀ ਮਾਰਕੇ ਤੋਪਾਂ ਮੁਕਾ ਸੁੱਟੇ
ਵਜ ਰਹੇ ਨੇ ਅਸਾਂ ਨੂੰ ਆਣ ਗੋਲੇ ਤੰਬੂ ਫੂਕਕੇ ਠੋਠੇ ਲੇ ਢਾਹ ਸੁੱਟੇ
ਸਾਡੇ ਦੁਸ਼ਮਣਾਂ ਸਿੰਘਾਂ ਨੇ ਬਿਸ਼ਨ ਸਿੰਘਾ ਸਾਡੇ ਬੈਠਿਆਂ ਦੇ ਆਹੂ ਲਾ ਸੁੱਟੇ

[ਬਾਬੇ ਵੀਰ ਸਿੰਘ ਜੀ ਦਾ ਸਰਾਪ]

ਏਸ ਪੰਥ ਮਲੇਛ ਨੂੰ ਖਾਲਸਾ ਜੀ ਅਸਾਂ ਅੱਜੋਈ ਚਾ ਨਬੇੜਨਾ ਹੈ
ਬੁਰਛੇ ਸਿੰਘ ਜਹਾਨ ਦੇ ਵਧੇ ਭਾਰੇ ਬੀਜੰ ਏਨਾਂ ਦਾ ਅੱਜ ਉਧੇੜਨਾ ਹੈ
ਏਨਾਂ ਸਿੰਘਾਂ ਮਲੇਛਾਂ ਤੇ ਅੱਜ ਸਿੰਘੋ ਅਠ ਬਲਦਾਂ ਦਾ ਸੁਹਾਗਾ ਆ ਫੇਰਨਾ ਹੈ
ਮਰ ਜਾਵਣਾ ਬੈਠਿਆਂ ਬਿਸ਼ਨ ਸਿੰਘਾ ਐਪਰ ਉੱਠਕੇ ਅਸਾਂ ਨ ਛੇੜਨਾ ਹੈ

[ਤਥਾ]

ਛਸਰ ਓਨਾਂ ਦੀ ਵਿਚ ਹਾਂ ਅਸੀ ਦੁਸ਼ਮਣ ਐਪਰ ਸਾਡੇ ਤਾਂ ਸਾਰੇ ਓਹ ਵੀਰ ਪਿਆਰੇ

ਸਾਨੂੰ ਦੁਸ਼ਮਣ ਨਾ ਭਾਸਦੇ ਓਹ ਸਾਰੇ ਲੜਨ ਆਇ ਜੋ ਸੂਰਮੇ ਬੀਰ ਪਿਆਰੇ
ਅਸਾਂ ਨਾਲ ਭਰਾਵਾਂ ਦੇ ਨਹੀਂ ਲੜਨਾ ਕਰਦਾ ਬੇਨਤੀ ਸਿੰਘ ਹੈ ਬੀਰ ਪਿਆਰੇ
ਨਹੀਂ ਹੱਥ ਉਠਾਵਣਾ ਬਿਸ਼ਨ ਸਿੰਘਾ ਮਰ ਜਾਵਣਾ ਹੈ ਅਖੀਰ ਪਿਆਰੇ

[ਓੜਕ ਕੌਰ ਕਸ਼ਮੀਰਾ ਸਿੰਘ ਅਤਰ ਸਿੰਘ ਸੰਧਾਂ ਵਾਲੀਏ ਨਾਮੀ ਨਾਮੀ ਸਿੰਘਾਂ ਅਗੇ ਹੋਕੇ ਸ਼ਹੀਦ ਹੋ ਜਾਣਾ ਬਾਕੀਆਂ ਨੱਠ ਜਾਣਾ ਅਤੇ ਭਾਈ ਵੀਰਸਿੰਘ ਦੇ ਆਤਮਾ ਨੂੰ ਗੋਲੇ ਨੇ ਗੁਰਪੁਰ ਲੈ ਜਾਣਾ]

ਡੇਰਾ ਸਾਰਾ ਹੀ ਫੌਜ ਨੇ ਫੂਕ ਦਿਤਾ ਸਾਰੇ ਸਿੰਘਾਂ ਦਾ ਹੌਸਲਾ ਢਹਿ ਗਿਆ
ਬਾਬੇ ਜੰਗ ਦੀ ਅਗਿਆ ਨਹੀਂ ਦਿਤੀ ਨਹੀਂ ਲੜਨਾ ਹੈ ਮੁਖ ਤੋਂ ਕਹਿ ਰਿਹਾ
ਅਤਰ ਸਿੰਘ ਤੇ ਕੌਰ ਕਸ਼ਮੀਰਾ ਸਿੰਘ ਦੇ ਸਣੇ ਸਭਨਾਂ ਨੇ ਦੁਖ ਹੈ ਸਹਿ ਲਿਆ
ਮੀਏਂ ਲਾਭ ਸਿੰਘ ਇਧਰ ਹਨੇਰ ਪਾਯਾ ਮਾਰ ਤੋਪਾਂ ਨੂੰ ਕਰੀ ਹੈ ਜੈ ਗਿਆ
ਅਤ੍ਰ ਸਿੰਘ ਕਸ਼ਮੀਰਾ ਸਿੰਘ ਕੌਰ ਆਦਿਕ ਸਾਰਾ ਪੰਥ ਹੈ ਲੜਨ ਨੂੰ ਡਹਿ ਪਿਆ
ਅਤਰ ਸਿੰਘ ਤੇ ਕੌਰ ਕਸ਼ਮੀਰਾ ਸਿੰਘ ਜੀ ਜੀਵ ਦੋਹਾਂ ਦਾ ਹੋ ਹੈ ਖੈ ਗਿਆ
ਬਾਕੀ ਬਚਿਆ ਜੋ ਪੰਥ ਸੀ ਵੀਰਸਿੰਘ ਦਾ ਨਸ ਭੱਜਕੇ ਕਿਧਰੇ ਜਾ ਬਹਿ ਗਿਆ
ਭਾਈ ਜੀ ਦੇ ਜੀਵ ਨੂੰ ਗੋਲਾ ਆਕੇ ਲੈ ਉਡਾ ਬੈਕੁੰਠ ਨੂੰ ਲੈ ਗਿਆ
ਦੇਹ ਗੁਰ ਦਰਿਆ ਦੀ ਭੇਟਾ ਹੋਈ ਸਾਰੇ ਜੱਗ ਹਨੇਰ ਹੈ ਪੈ ਗਿਆ
ਵਾਂਗ ਰਾਜਿਆਂ ਦੇ ਡੇਰਾ ਵੀਰ ਸਿੰਘ ਦਾ ਲੁੱਟ ਪੁੱਟਕੇ ਪੰਥ ਹੈ ਲੈ ਗਿਆ
ਵੀਰ ਸਿੰਘ ਦਾ ਜਾਣਾ ਹੀ ਬਿਸ਼ਨ ਸਿੰਘਾ ਰਾਜ ਸਿੰਘਾਂ ਦਾ ਕਰ ਹੈ ਖੈ ਗਿਆ

[ਫੌਜ ਦੀ ਖਰਾਬੀ]

ਏਸ ਸਮੇਂ ਹੁਣ ਸਾਰੇ ਹੀ ਸਿੰਘ ਰਲਕੇ ਅਪਣੇ ਆਪਨੂੰ ਰਾਜੇ ਕਹਾਉਣ ਲਗ ਪਏ
ਅਪਣੇ ਆਪਨੂੰ ਬਾਦਸ਼ਾਹ ਮੰਨ ਕਰਕੇ ਸਾਰੇ ਦੇਸ ਤੇ ਹੁਕਮ ਚਲਾਉਣ ਲਗ ਪਏ
ਕੂੜੇ ਹੁਕਮ ਦੇ ਸਾਰੇ ਹੀ ਤੋੜ ਘੱਤੇ ਲੁੱਟ ਮਾਰ ਨੇ ਖੂਬ ਮਚਾਉਣ ਲਗ ਪਏ
ਲੁੱਟ ਮਾਰ ਤੇ ਸੱਭ ਨੇ ਲੱਕ ਬੱਧਾ ਅਸੀ ਪਾਤਸ਼ਾਹ ਖੁਦ ਸੁਣਾਉਣ ਲਗ ਪਏ
ਸ਼ਾਹੂਕਾਰ ਸੁਦਾਰ ਸਭ ਫੌਜਕੋਲੋਂ ਹਰ ਹਰ ਕਰਦੇ ਨੇ ਡਰਨ ਡਰਾਉਣ ਲਗ ਪਏ
ਬੁਰਛੇ ਲੁੱਚੇ ਅੜਬੰਗੇ ਤਿਲੰਗੇ ਸਾਰੇ ਲੁੱਟ ਪੁੱਟਕੇ ਮੌਜਾਂ ਉਡਾਉਣ ਲਗ ਪਏ
ਸ਼ਾਹੂਕਾਰ ਕੋਈ ਅਗੇ ਤਿਲੰਗਿਆਂ ਦੇ ਰਤਾ ਬੋਲੇ ਨ ਜਾਨ ਬਚਾਉਣ ਲਗ ਪਏ
ਪੂਰਾ ਸ਼ਾਹ ਵੀ ਸਾਹ ਨ ਕੋਈ ਭਰਦਾ ਹੱਥ ਜੋੜਕੇ ਪਿਛਾ ਛੁਡਾਉਣ ਲਗ ਪਏ
ਦਸ ਬਾਰਾਂ ਤਿਲੰਗੇ ਅਕੱਠੇ ਹੋਕੇ ਗਰੀਬ ਗੁਰਬੇ ਤੇ ਹੱਥ ਉਠਾਉਣ ਲਗ ਪਏ
ਜਿਸਨੂੰਚੰਬੜਦੇ ਓਸੇ ਨੂੰ ਮਾਰ ਛਡਦੇ ਐਸੇ ਐਸੇ ਨੇ ਜ਼ੁਲਮ ਕਮਾਉਣ ਲਗ ਪਏ
ਰਾਹ ਜਾਂਦਿਆਂ ਦਿਨੇ ਹੀ ਲੁੱਟ ਲੈਂਦੇ ਥਾਂ ਥਾਂ ਫਸਾਦ ਵਧਾਉਣ ਲਗ ਪਏ
ਅਪਣੀ ਪਰਜਾ ਨੂੰ ਆਪ ਹੀ ਦੁਖ ਦੇਂਦੇ ਜਗਾ ਜਗਾ ਤੇ ਸ਼ੋਰ ਨੇ ਪਾਉਣ ਲਗ ਪਏ
ਵਡੇ ਵਡੇ ਸਰਦਾਰਾਂ ਤੇ ਰਾਜਿਆਂ ਨੂੰ ਮਾਰ ਕੁੱਟਕੇ ਅਗੇ ਲਗਾਉਣ ਲਗ ਪਏ
ਨਾਮ ਮਾਤ੍ਰਹੀ ਹੀਰਾਸਿੰਘ ਹਾਕਮ ਹੈਸੀ ਏਸ ਕੋਲੋਂ ਵੀ ਹਥ ਜੁੜਵਾਉਣ ਲਗ ਪਏ
ਰਾਜ ਕਰੇਗਾ ਖਾਲਸਾ ਸ਼ੇਰ ਬਾਂਕਾ ਤਾ ਮੁਛਾਂ ਤੇ ਦੇ ਬਤਾਉਣ ਲਗ ਪਏ

ਪਰਜਾਆਪਣੀ ਤਾਈਂ ਹੀ ਬਿਸ਼ਨਸਿੰਘਾ ਬੁਰਛੇ ਉੱਠਕੇ ਹੈਣ ਸਤਾਉਣ ਲਗ ਪਏ

[ਕਵੀ]

ਓਸ ਵੇਲੇ ਦੇ ਕੰਮਾਂ ਦਾ ਨਾਮ ਪਿਆਰੇ ਸਾਰੇ ਦੇਸ ਤੇ ਵੱਜ ਵਜਾਇ ਰਿਹਾ
ਅਜੇ ਤਾਕ ਮਸ਼ਹੂਰ ਜਹਾਨ ਉਤੇ ਹਰ ਇਕ ਹੈ ਸੁਣ ਸੁਣਾਇ ਰਿਹਾ
ਸਿੱਖਾ ਸ਼ਾਹੀ ਹੁਣ ਸਿੱਖਾਂ ਨੂੰ ਆਖ ਕਰਕੇ ਸਾਰਾ ਜੱਗ ਹੀ ਬੋਲੀਆਂ ਲਾਇ ਰਿਹਾ
ਬੁਰਛੇ ਗਰਦੀ ਵੀ ਆਖਦੇ ਖਾਲਸੇ ਨੂੰ ਫਲ ਓਸਦਾ ਪੰਥ ਹੈ ਪਾਇ ਰਿਹਾ
ਗੱਲ ਗੱਲ ਦੇ ਅੰਦਰ ਹੁਣ ਸਿੱਖਾ ਸ਼ਾਹੀ ਸਾਰਾ ਜੱਗ ਹੀ ਪਿਆ ਹੈ ਗਾਇ ਰਿਹਾ
ਹਰ ਇਕ ਵਿਹਾਰ ਦੇ ਕਾਰ ਅੰਦਰ ਹਰ ਇੱਕ ਹੀ ਇਹੋ ਅਲਾਇ ਰਿਹਾ
ਸਿੱਖਾਸ਼ਾਹੀ ਤਾਂ ਨਹੀਂ ਹੈ ਹੋਣ ਲੱਗੀ ਹਰ ਕੋਈ ਬੋਲੀਆਂ ਇਉਂ ਲਗਾਇ ਰਿਹਾ
ਸਿੱਖਾਸ਼ਾਹੀ ਹੈ ਆਪ ਦੀ ਠੀਕ ਹੋਈ ਹਰ ਕੋਈ ਸਿੰਘਾਂ ਨੂੰ ਹੈ ਬੁਲਾਇ ਰਿਹਾ
ਅਹਿਮਦ ਸ਼ਾਹ ਦੀਆਂ ਲੁੱਟਾਂ ਤੇ ਗਰਦੀਆਂ ਨੂੰ ਸਾਰਾ ਜੱਗ ਹੀ ਹੈ ਭੁਲਾਇ ਰਿਹਾ
ਮੁਸਲਮਾਨਾਂ ਦੇ ਜ਼ੁਲਮ ਤਾਂ ਨਹੀਂ ਭੁਲੇ ਜੀ ਜੀ ਜਹਾਨ ਬਤਾਇ ਰਿਹਾ
ਤੁਰਕਾਂ ਕੋਲੋਂ ਨ ਵਧਕੇ ਸਿੰਘਾਂ ਕੀਤੀ ਦੋਸ਼ ਐਵੇਂ ਹੀ ਸਿੰਘਾਂ ਨੂੰ ਆਇ ਰਿਹਾ
ਹੋਈ ਬੁਰਛਿਆਂ ਦੀ ਕੀਤੀ ਬਿਸ਼ਨ ਸਿੰਘਾ ਸਾਡਾ ਪੰਥ ਬਦਨਾਮ ਕਹਾਇ ਰਿਹਾ

[ਤਥਾ]

ਹਾਲਤ ਰਾਜ ਦੀ ਵਿਗੜ ਦੀ ਵਿਗੜ ਗਈ ਜਦੋਂ ਤੇਗ ਲਾਹੌਰ ਦਰਬਾਰ ਚੱਲੀ
ਮਾਰ ਸੁਟਿਆ ਭਾਈਆਂ ਭਾਈਆਂ ਨੂੰ ਆਪੋ ਵਿਚ ਦੀ ਜਦੋਂ ਤਲਵਾਰ ਚੱਲੀ
ਵੀਰ ਸਿੰਘ ਜਹੇ ਸੰਤਾਂ ਨੂੰ ਮਾਰ ਦਿਤਾ ਏਸੇ ਲਈ ਰਜਧਾਨੀ ਪਧਾਰ ਚੱਲੀ
ਫੌਜ ਬੁਰਛਿਆਂ ਸਿੰਘਾਂ ਦੀ ਬਿਸ਼ਨ ਸਿੰਘਾ ਭਾਰ ਆਪਣੇ ਸਿਰ ਤੇ ਚਾੜ੍ਹ ਚੱਲੀ

[ਸਰਦਾਰ ਲੈਹਣਾ ਸਿੰਘ ਮਜੀਠੀਏ ਦਾ ਹਾਲ]

ਲਹਿਣਾ ਸਿੰਘ ਸਰਦਾਰ ਮਜੀਠੀਆ ਜੋ ਸਾਰੀ ਅਗਲੀ ਗਲ ਵਿਚਾਰ ਗਿਆ
ਹੁਣ ਰਾਜ ਅੰਗ੍ਰੇਜ਼ ਦਾ ਹੋ ਜਾਣਾ ਏਹ ਜੋਤਸ਼ ਦੇ ਨਾਲ ਨਿਹਾਰ ਗਿਆ
ਛਡ ਕਰ ਲਾਹੌਰ ਦਰਬਾਰ ਤਾਈਂ ਭਜਨ ਕਰਨ ਨੂੰ ਕਿਧਰੇ ਪਧਾਰ ਗਿਆ
ਰਾਜ ਰਹਿਣਾ ਨ ਸਿੱਖਾਂਦਾ ਬਿਸ਼ਨਸਿੰਘਾ ਜਾਂਦੀ ਵਾਰੀ ਇਹ ਆਪ ਉਚਾਰ ਗਿਆ

[ਕੌਰ ਪਸ਼ੌਰਾ ਸਿੰਘ ਦਾ ਹਾਲ]

ਨਜ਼ਰਬੰਦ ਸੀ ਕੌਰ ਪਸ਼ੌਰਾ ਸਿੰਘ ਜੋ ਲੁਦਿਹਾਣੇ ਅੰਗ੍ਰੇਜ਼ਾਂ ਦੇ ਪਾਸ ਪਿਆਰੇ
ਕਿਸੇ ਤਰਾਂ ਇਹ ਨਿਕਲ ਕੇ ਓਸ ਥਾਉਂ ਆ ਗਿਆ ਲਾਹੌਰ ਹੈ ਖਾਸ ਪਿਆਰੇ
ਕੌਰ ਸਾਹਿਬ ਦੀ ਝਟ ਸਲਾਮੀ ਲੈਕੇ ਬਣੇ ਸਿੰਘ ਸਭ ਕੌਰ ਦੇ ਦਾਸ ਪਿਆਰੇ
ਹੀਰਾ ਸਿੰਘ ਨਰਾਜ਼ ਹੈ ਹੋਗਿਆ ਕਰਨਾ ਚਾਹਿਆ ਹੈ ਕੌਰ ਨੂੰ ਨਾਸ ਪਿਆਰੇ
ਫੜਨ ਲਗਾ ਵਜੀਰ ਜਾਂ ਕੌਰ ਤਾਈਂ ਭੱਜ ਗਿਆ ਹੋ ਕੌਰ ਉਦਾਸ ਪਿਆਰੇ
ਸਜਾਲ ਕੋਟ ਬਿਸਰਾਮ ਹੈ ਜਾ ਕੀਤਾ ਮਗਰ ਗਿਆ ਗੁਲਾਬ ਸਿੰਘ ਤਾਸ ਪਿਆਰੇ
ਕੜੀਆਂ ਵਾਲਾ ਜਗੀਰ ਹੈ ਦੇ ਆਜਾ ਕਰ ਏਸ ਥਾਂ ਆਪ ਨਿਵਾਸ ਪਿਆਰੇ

ਬਹੁਤਾ ਫੁਟ ਦੇ ਨਾਲ ਗੀ ਬਿਸ਼ਨ ਸਿੰਘਾ ਹੋਯਾ ਸਿੰਘਾਂ ਦਾ ਰਾਜ ਵਿਨਾਸ ਪਿਆਰੇ

[ਰਾਜੇ ਗੁਲਾਬ ਸਿੰਘ ਦੀ ਖਰਾਬੀ]

ਬਾਕੀ ਤਾਰਿਆ ਨਹੀਂ ਖਰਾਜ ਇਸਨੇ ਜੰਮੂੰ ਵਲ ਖਿਸਕਾਇ ਹੈ ਕੰਨ ਗਿਆ
ਗੁਸਾ ਖਾਕੇ ਖਾਲਸੇ ਚੜ੍ਹ ਆਏ ਹਾਰ ਖਾਕੇ ਦੂਜੇ ਦਿਨ ਮੰਨ ਗਿਆ
ਦੇਗਾਂ ਮਿਠੀਆ ਨਾਲ ਨਿਹਾਲ ਕੀਤਾ ਪੰਥ ਖਾਲਸੇ ਜਦੋਂ ਹੈ ਬੰਨ ਲਿਆ
ਫੌਜ ਸਾਰੀ ਗੁਲਾਬ ਸਿੰਘ ਵਲ੍ਹ ਹੋਈ ਹੀਰਾ ਸਿੰਘ ਨੂੰ ਹੋ ਇਹ ਜੰਠ ਗਿਆ
ਓਸ ਵੇਲੇ ਲਾਹੌਰ ਤੋਂ ਕੱਢ ਦਿੱਤਾ ਟੋਂਬੂ ਲਿਆ ਲਖਵਾ ਨ ਧਨ ਲਿਆ
ਨਜ਼ਰਬੰਦ ਹੋ ਆਯਾ ਸੀ ਬਿਸ਼ਨ ਸਿੰਘਾ ਹੀਰਾ ਸਿੰਘ ਸਿਰ ਭਾਂਡਾ ਹੈ ਭੰਨ ਲਿਆ

[ਡੋਗਰੇ ਹੀਰਾ ਸਿੰਘ ਵਜੀਰ ਅਤੇ ਜਲ੍ਹੇ ਪੰਡਿਤ ਦਾ ਮਰਨਾ]

ਸਾਰੇ ਸਿੱਖਾਂ ਸਰਦਾਰਾਂ ਤੇ ਸੂਬਿਆਂ ਨੂੰ ਜਲ੍ਹੇ ਪੰਡਿਤ ਨੇ ਬੜਾ ਸਤਾਇਆ ਹੈ
ਜੱਲ੍ਹਾ ਪੰਡਿਤ ਚੰਡਾਲ੍ਹ ਦਾ ਖੋਲ੍ਹ ਕਰਕੇ ਪਿਛੇ ਮੈਂ ਪ੍ਰਸੰਗ ਸੁਣਾਇਆ ਹੈ
ਹੁਣ ਜੱਲ੍ਹੇ ਦੇ ਮਗਰ ਗੁਲਾਬ ਸਿੰਘ ਨੇ ਫੌਜੀ ਅਫਸਰਾਂ ਨੂੰ ਚੁਕ ਪਾਇਆ ਹੈ
ਹੀਰਾ ਸਿੰਘ ਨੂੰ ਫੌਜੀਆਂ ਅਫਸਰਾਂ ਨੇ ਜੱਲ੍ਹੇ ਵੱਲੋਂ ਇਓਂ ਲਿਖ ਪਠਾਇਆ ਹੈ
ਕੱਢ ਛੱਡ ਲਾਹੌਰ ਤੋਂ ਜਲ੍ਹੇ ਤਾਂਈ ਜੇਕਰ ਕਰਨੀ ਵਜੀਰੀ ਬਤਾਇਆ ਹੈ
ਹੀਰਾ ਸਿੰਘ ਬੇਸਮਝ ਨ ਇਕ ਮੰਨੀ ਭਾਵੇਂ ਬੜਾ ਸਰਦਾਰਾਂ ਸਮਝਾਇਆ ਹੈ
ਇਕ ਦਿਨ ਸਾਰਾ ਖਜਾਨਾ ਲੈ ਸਾਥੀਆਂ ਨੂੰ ਜੰਮੂੰ ਵੰਨੀ ਲੈ ਉਠਕੇ ਧਾਇਆ ਹੈ
ਪੰਥ ਖਾਲਸੇ ਤਾਂਈ ਪ੍ਰੇਰ ਕਰਕੇ ਜਵਾਹਰ ਸਿੰਘ ਨੇ ਮਗਰ ਦੁੜਾਇਆ ਹੈ
ਅੱਠ ਕੋਹ ਲਾਹੌਰ ਤੋਂ ਹੀਰਾ ਸਿੰਘ ਨੂੰ ਪੰਥ ਖਾਲਸੇ ਆ ਦਬਾਇਆ ਹੈ
ਬਾਘ-ਬੱਚੇ ਇਕ ਨਾਲੇ ਤੇ ਘੇਰ ਲਿਆ ਹੀਰਾ ਸਿੰਘ ਨੇ ਦਾ ਲਗਾਇਆ ਹੈ
ਮੁਹਿਰਾਂ ਅਤੇ ਰੁਪਏ ਹੈ ਸੁਟਣ ਲੱਗਾ ਖਜਾਲ ਏਸ ਵਿਚ ਸਿੰਘਾਂ ਨੂੰ ਲਾਇਆ ਹੈ
ਜਿਉਂ ਜਿਉਂ ਹੁਣ ਪੰਥ ਹੈ ਅਗੇ ਆਵੇ ਤਿਉਂ ਤਿਉਂ ਜਾਂਵਦਾ ਸੁਟਦਾ ਮਾਇਆ ਹੈ
ਏਸ ਜਾਣਿਆਂ ਮੌਤ ਤੋਂ ਬਚ ਜਾਵਾਂ ਤਦੇ ਏਸ ਇਹ ਪੇਚ ਬਣਾਇਆ ਹੈ
ਐਪਰ ਪੇਸ਼ ਨ ਜਾਂਵਦੀ ਕਾਲ ਅੱਗੇ ਕਾਲ ਜਲ੍ਹੇ ਤੇ ਹੀਰੇ ਦਾ ਆਇਆ ਹੈ
ਲਾਲਚ ਛਡਕੇ ਮਾਇਆ ਦਾ ਖਾਲਸੇ ਨੇ ਹੀਰਾ ਸਿੰਘ ਤੇ ਜਲ੍ਹੇ ਨੂੰ ਢਾਇਆ ਹੈ
ਛਡ ਜਲ੍ਹੇ ਨੂੰ ਰਹੋ ਵਜੀਰ ਬਣਕੇ ਫਿਰ ਵੀ ਸਿੰਘਾਂ ਨੇ ਬੜਾ ਅਲਾਇਆ ਹੈ
ਫਿਰ ਵੀ ਇਕ ਨ ਮੰਨੀ ਹੈ ਹੀਰਾ ਸਿੰਘ ਨੇ ਚੰਗਾ ਆਪਣਾ ਹੱਥ ਦਿਖਾਇਆ ਹੈ
ਓੜਕ ਦੋਹਾਂ ਨੂੰ ਸਿੰਘਾਂ ਨੇ ਮਾਰ ਦਿਤਾ ਹੋਰ ਕਈਆਂ ਨੂੰ ਨਾਲ ਮੁਕਾਇਆ ਹੈ
ਬੋਲ ਪਾਲਿਆ ਆਪਣਾ ਹੀਰਾ ਸਿੰਘ ਨੇ ਧਰਮ ਛੱਤਰੀ ਨਹੀਂ ਗਵਾਇਆ ਹੈ
ਧਨ ਮਾਲ ਸਭ ਓਨ੍ਹਾਂ ਦਾ ਬਿਸ਼ਨ ਸਿੰਘਾ ਪੰਥ ਖਾਲਸਾ ਲੁੱਟ ਲਿਆਇਆ ਹੈ

[ਤਥਾ]

ਹੀਰਾ ਸਿੰਘ ਦੇ ਸਿਰ ਨੂੰ ਜ਼ਾਹਰ ਸਿੰਘ ਨੇ ਲੁਹਾਰੀ ਦਰਵਾਜ਼ੇਦੇ ਉਤੇ ਲਮਕਾ ਦਿੱਤਾ
ਲਾਭ ਸਿੰਘ ਦਾ ਮੋਰੀ ਦਰਵਾਜੇ ਉਤੇ ਸੋਹਣ ਸਿੰਘ ਦਾ ਦਿੱਲੀ ਟੰਗਾ ਦਿੱਤਾ

ਏਸੇ ਤਰ੍ਹਾਂ ਹੀ ਹੋਰ ਸਭ ਡੋਗਰਿਆਂ ਦਾ ਸਿਰ ਦਰੱਖਤਾਂ ਦੇ ਨਾਲ ਲਟਕਾ ਦਿੱਤਾ
ਜਲ੍ਹੇ ਪੰਡਿਤ ਦਾ ਸਿਰ ਅਕਾਲੀਆਂ ਨੇ ਕੌਡੀ ਕੌਡੀ ਹੈ ਸ਼ੈਹਿਰ ਮੰਗਾ ਦਿੱਤਾ
ਸਾਰੇ ਸ਼ੈਹਿਰ ਦੇ ਵਿਚ ਘਸੀਟ ਕਰਕੇ ਚੀਲਾਂ ਕੁੱਤਿਆਂ ਤਾਈਂ ਖੁਲਾ ਦਿੱਤਾ
ਬਿਸ਼ਨ ਸਿੰਘ ਜ਼ੁਬਾਨ ਇਹ ਜੱਲ੍ਹੇ ਸੰਦੀ ਇਹ ਸਾਰਾ ਫਸਾਦ ਵਧਾ ਦਿੱਤਾ

[ਕਵੀ]

ਬਾਦਸ਼ਾਹੀ ਕਿਨ ਸਿੰਘਾਂ ਦੀ ਨਾਸ ਕੀਤੀ ਦੋਸ਼ ਕਿਸਦਾ ਹੈ ਨਿਹਾਰ ਪਜਾਰੇ
ਇਸ ਗਲ ਦੇ ਉਤੇ ਹੁਣ ਬੈਠ ਕਰਕੇ ਅਸੀਂ ਕਰੀਏ ਜੇ ਆਪ ਵਿਚਾਰ ਪਜਾਰੇ
ਭਾਵੇਂ ਡੋਗਰਿਆਂ ਤੇ ਸੰਧਾਂ ਵਾਲੀਆਂ ਦੇ ਦੋਸ਼ ਜਾਪਦੇ ਹੈਂਣ ਅਪਾਰ ਪਜਾਰੇ
ਤਾਂ ਵੀ ਏਨ੍ਹਾਂ ਤੋਂ ਵਧਕੇ ਸਾਬਤ ਹੁੰਦਾ ਦੋਸ਼ ਫੌਜ ਦਾ ਬੇਸ਼ੁਮਾਰ ਪਜਾਰੇ
ਧਿਆਨ ਸਿੰਘ ਤੇ ਬਾਦਸ਼ਾਹ ਸ਼ੇਰ ਸਿੰਘ ਨੂੰ ਸੰਧਾਂ ਵਾਲੀਆਂ ਦਿੱਤਾ ਜਾਂ ਮਾਰ ਪਜਾਰੇ
ਸੰਧਾਂ ਵਾਲੀਆਂ ਨੂੰ ਫੌਜ ਓਸ ਵੇਲੇ ਰਹਿਣ ਦੇਂਦੀ ਜੇ ਬਣੀ ਸਰਕਾਰ ਪਜਾਰੇ
ਬਾਦਸ਼ਾਹੀ ਫਿਰ ਕਦੀ ਵੀ ਜ਼ੁਬਸ ਖਾਕੇ ਐਡੀ ਹੋਂਵਦੀ ਨਹੀਂ ਖੁਆਰ ਪਜਾਰੇ
ਸੰਧਾਂ ਵਾਲੀਏ ਸਾਰੇ ਸਰਦਾਰ ਜੇਹੜੇ ਭਾਵੇਂ ਜ਼ਿਦੀ ਤੇ ਬੁਰੇ ਬੁਰਿਆਰ ਪਜਾਰੇ
ਐਪਰ ਡੋਗਰਿਆਂ ਵਾਂਗ ਇਸ ਰਾਜ ਸੰਦੇ ਵੈਰੀ ਨਹੀਂ ਸਨ ਸਾਰੇ ਸਰਦਾਰ ਪਜਾਰੇ
ਰਾਜ ਖ਼ਾਲਸੇ ਦੇ ਖੈਰਖਾਹ ਹੈਸਨ ਮੈਂ ਦਿਤਾ ਜੇ ਸੱਚ ਉਚਾਰ ਪਜਾਰੇ
ਸੱਚ ਪੁਛੋ ਜੇ ਪਾਠਕੋ ਮੇਰੇ ਕੋਲੋਂ ਮੈਂ ਆਖਦਾ ਹਾਂ ਪੁਕਾਰ ਪਜਾਰੇ
ਬੇਇਤਫਾਕੀ ਬੇਇਲਮੀ ਇਹ ਸਿੰਘਾਂ ਸੰਦੀ ਦਿਤੇ ਡੋਗਰਿਆਂ ਕੰਮ ਵਿਗਾੜ ਪਜਾਰੇ
ਖ਼ੁਦਗਰਜ਼ੀ ਸੀ ਡੋਗਰਿਆਂ ਵਿਚ ਭਾਰੀ ਲਏ ਪਾਪ ਦੇ ਭਾਰ ਸੀ ਚਾੜ੍ਹ ਪਜਾਰੇ
ਬਾਦਸ਼ਾਹੀ ਮਹਾਰਾਜ ਰਣਜੀਤ ਸਿੰਘ ਦੀ ਦਿੱਤੀ ਦੋਹਾਂ ਨੇ ਰਲ ਉਜਾੜ ਪਜਾਰੇ
ਸੂਰਬੀਰਤਾ ਸਿੰਘਾਂ ਦੇ ਵਿੱਚ ਜਿਤਨੀ ਦੋ ਗੁਣ ਰੱਖਦੇ ਹੋਰ ਜੇ ਧਾਰ ਪਜਾਰੇ
ਘਾਟਾ ਵਿੱਦਜਾ ਇਤਫਾਕ ਦਾ ਰਿਹਾ ਸਾਰਾ ਗਿਆ ਰਾਜ ਦਾ ਮੁੱਢ ਉਖਾੜ ਪਜਾਰੇ
ਜੇ ਇਹ ਘਾਟਾ ਨ ਸਿੰਘਾਂ ਦੇ ਵਿਚ ਹੁੰਦਾ ਲੈਂਦੇ ਸਾਰੇ ਹੀ ਕੰਮ ਸਵਾਰ ਪਜਾਰੇ
ਬਾਦਸ਼ਾਹੀ ਵੀ ਸਿੰਘਾਂ ਦੀ ਬਣੀ ਰਹਿੰਦੀ ਮੌਜਾਂ ਲੁੱਟਦੇ ਮਾਰ ਡਕਾਰ ਪਜਾਰੇ
ਕੁਝ ਕਿਸੇ ਦੇ ਵਸ ਨ ਬਿਸ਼ਨ ਸਿੰਘਾ ਭਾਣਾ ਵਰਤਨਾਂ ਏਹੋ ਕਰਤਾਰ ਪਜਾਰੇ

[ਜਵਾਹਰ ਸਿੰਘ ਦੀ ਵਜ਼ੀਰੀ]

ਜਵਾਹਰ ਸਿੰਘ ਨੇ ਹੁਣ ਵਜ਼ੀਰ ਹੋਕੇ ਕੀਤਾ ਫੌਜ ਨੂੰ ਖੁਸ਼ ਹੈ ਆ ਕਰਕੇ
ਬਾਦਸ਼ਾਹੀ ਖਜ਼ਾਨੇ ਨੂੰ ਸਾਰੇ ਪਹਿਲੋਂ ਮਰ ਗਏ ਨੇ ਖਾ ਮੁਕਾ ਕਰਕੇ
ਜਵਾਹਰ ਸਿੰਘ ਨੇ ਹੋਰ ਵਿਚਾਰ ਕੀਤੀ ਲਿਆ ਆਪਣਾ ਦਾਂ ਲਗਾ ਕਰਕੇ
ਸੋਨੇ ਚਾਂਦੀ ਦੇ ਭਾਂਡੇ ਤੇ ਗਹਿਣੇ ਚੰਗੇ ਕੱਠੇ ਕਰ ਨੇ ਲਏ ਢਲਵਾ ਕਰਕੇ
ਹਾਥੀ ਘੋੜਿਆਂ ਸੰਦੇ ਸਾਮਾਨ ਨਾਲੇ ਕੰਠੇ ਕੜੇ ਨੇ ਲਏ ਬਣਵਾ ਕਰਕੇ
ਦੇਕੇ ਫੌਜ ਨੂੰ ਕੰਠੇ ਸਭ ਬਿਸ਼ਨ ਸਿੰਘਾ ਬੈਠਾ ਆਪ ਅਨੰਦ ਮਨਾ ਕਰਕੇ

[ਫੌਜ ਖਾਲਸੇ ਦੀ ਜੰਮੂੰ ਤੇ ਚੜ੍ਹਾਈ]

ਤਿੰਨ ਕ੍ਰੋੜ ਰੁਪਯਾ ਜੋ ਬਾਕੀ ਰਹਿੰਦਾ ਸੀਗਾ ਰਾਜੇ ਗੁਲਾਬ ਸਿੰਘ ਵੱਲ ਪਿਆਰੇ
ਜਵਾਹਰ ਸਿੰਘ ਵਜੀਰ ਨੇ ਓਸ ਵੇਲੇ ਦਿਤਾ ਸਿੰਘਾਂ ਨੂੰ ਜੰਮੂੰ ਵਲ ਘੱਲ ਪਿਆਰੇ
ਸੇਵਾ ਸਿੰਘ ਜਰਨੈਲ ਮਜੀਠੀਆ ਜੋ ਮਾਨ ਫਤੇ ਸਿੰਘ ਪਿਆ ਹੈ ਹੱਲ ਪਿਆਰੇ
ਸ਼ਾਮ ਸਿੰਘ ਸਰਦਾਰ ਅਟਾਰੀ ਵਾਲਾ ਪਿਆ ਫੌਜ ਦੇ ਨਾਲ ਹੈ ਚੱਲ ਪਿਆਰੇ
ਇਹਨਾਂ ਤਿੰਨਾਂ ਸਰਦਾਰਾ ਤੇ ਸਿੰਘਾਂ ਸਭਨਾਂ ਲਿਆ ਜੰਮੂੰ ਨੂੰ ਘੇਰ ਆ ਮੱਲ ਪਿਆਰੇ
ਪਹਿਲੇ ਦਿਨ ਤਾਂ ਰਾਜਾ ਹੈ ਚੰਗਾ ਲੜਿਆ ਕੀਤੇ ਬੜੇ ਫਰੇਬ ਤੇ ਛੱਲ ਪਿਆਰੇ
ਮਾਨ ਫਤੇ ਸਿੰਘ ਜਹੇ ਕਈ ਮਰੇ ਜੋਧੇ ਪਈ ਖਾਲਸੇ ਵਿਚ ਥਰਥੱਲ ਪਿਆਰੇ
ਫਤੇ ਸਿੰਘ ਦੇ ਮਰਨ ਤੋਂ ਗੁੱਸਾ ਖਾਕੇ ਪਏ ਖਾਲਸੇ ਸਾਰੇ ਉਛੱਲ ਪਿਆਰੇ
ਜੰਮੂੰ ਵਿੱਚ ਵੜ ਲੁੱਟ ਮਚਾ ਦਿੱਤੀ ਪਾ ਦਿਤੀ ਹੈ ਹੱਲ ਤੇ ਚੱਲ ਪਿਆਰੇ
ਓੜਕ ਰਾਜੇ ਹੁਣ ਹਾਰਕੇ ਮੰਗੀ ਮਾਫੀ ਮਿਠੀ ਕੀਤੀ ਸੂ ਆਣਕੇ ਗੱਲ ਪਿਆਰੇ
ਓਸੇ ਘੜੀ ਤਿੰਨ ਲੱਖ ਰੁਪੱਯਾ ਦੇਕੇ ਲਿਆ ਖਾਲਸੇ ਚੜ੍ਹ ਨੂੰ ਠੱਲ ਪਿਆਰੇ
ਬਾਕੀ ਪੈਂਚਾਂ ਖੜ ਪੈਂਚਾਂ ਨੂੰ ਵੱਢੀ ਦੇਕੇ ਪਿਆ ਸਿੰਘਾਂ ਦੇ ਨਾਲ ਹੈ ਰੱਲ ਪਿਆਰੇ
ਨਜ਼ਰ ਬੰਦ ਹੋ ਵਿਚ ਲਾਹੌਰ ਆਯਾ ਪੱਲਾ ਪਾਯਾ ਸੋ ਆਪਣੇ ਗੱਲ ਪਿਆਰੇ
ਦੇਗਾਂ ਮਿਠੀਆਂ ਛਕਕੇ ਬਿਸ਼ਨ ਸਿੰਘਾ ਗਿਆ ਖਾਲਸਾ ਪੰਥ ਹੈ ਵੱਲ ਪਿਆਰੇ

[ਮਹਾਰਾਜੇ ਦਲੀਪ ਸਿੰਘ ਦੀ ਕੁੜਮਾਈ]

ਚਤਰ ਸਿੰਘ ਸਰਦਾਰ ਅਟਾਰੀ ਵਾਲੇ ਅਪਣੀ ਬੇਟੀ ਸਖਾਈ ਪੜ੍ਹਾਈ ਹੋਈ
ਤੇਜ ਕੌਰ ਦੇ ਨਾਲ ਦਲੀਪ ਸਿੰਘ ਦੀ ਵੱਜ ਗੱਜਕੇ ਹੈ ਕੁੜਮਾਈ ਹੋਈ
ਏਸ ਜਲਸੇ ਦੇ ਵਿਚ ਗੁਲਾਬ ਸਿੰਘ ਨੇ ਚੰਗਾ ਕੀਤਾ ਇੰਤਜ਼ਾਮ ਵਡਾਈ ਹੋਈ
ਜਿਸਤੋਂ ਖੁਸ਼ੀ ਹੋ ਜਿੰਦਾਂ ਨੇ ਰਾਜੇ ਤਾਈਂ ਕਰਨਾ ਚਾਹਿਆ ਵਜੀਰ ਵਧਾਈ ਹੋਈ
ਐਪਰ ਪਿਛਲੇ ਵਜੀਰਾਂ ਤੇ ਰਾਜਿਆਂ ਦੀ ਚੰਗੀ ਇੱਜ਼ਤ ਸੀ ਸਿੰਘਾਂ ਬਣਾਈ ਹੋਈ
ਸਾਰੇ ਵਿੱਚ ਲਾਹੌਰ ਦਰਬਾਰ ਅੰਦਰ ਰਲ ਮਿਲ ਲੜਾਈ ਮਚਾਈ ਹੋਈ
ਬਾਕੀ ਜੀਊਂਦਿਆਂ ਸਿਖਾਂ ਸਰਦਾਰਾਂ ਸੰਦੀ ਜਾਨ ਸ਼ੇਰ ਦੇ ਮੂੰਹ ਸੀ ਆਈ ਹੋਈ
ਏਸੇ ਲਈ ਵਜੀਰ ਨੇ ਨਾਂਹ ਕੀਤੀ ਸਿੰਘਾਂ ਬੜੀ ਹਨੇਰੀ ਉਡਾਈ ਹੋਈ
ਨਾਲੇ ਰਾਜ ਲਾਹੌਰ ਦੇ ਸੂਰਜ ਅਗੇ ਅੰਧਾ ਧੁੰਦ ਸੀ ਆਕੇ ਛਾਈ ਹੋਈ
ਰਾਜ ਸੰਝਦਾ ਸੂਰਜ ਵਜੀਰ ਜਾਤਾ ਸਾਰੀ ਗਲ ਸੀ ਵੇਖੀ ਵਖਾਈ ਹੋਈ
ਤੁਰ ਗਿਆ ਇਕਰਾਰ ਕਰ ਵਲ ਜੰਮੂੰ ਭੇਜ ਦਿਆਂ ਰੁਪੱਯਾ ਸਫਾਈ ਹੋਈ
ਮਹਾਰਾਜ ਦੇ ਰਾਜ ਵਿਚ ਬਿਸ਼ਨਸਿੰਘਾ ਸੀਗੀ ਡੋਗਰਿਆਂ ਨੇ ਗਰਦੀ ਪਾਈ ਹੋਈ

[ਰਾਜੇ ਗੁਲਾਬ ਸਿੰਘ ਦੀ ਖਰਾਬੀ]

ਬੜਾ ਭਾਰਾ ਚੰਡਾਲ ਗੁਲਾਬ ਸਿੰਘ ਇਹ ਜਾਂਦਾ ਹੋਇਆ ਸੀ ਅੱਗ ਭੜਕਾ ਗਿਆ
ਤੈਨੂੰ ਤਖਤ ਲਾਹੌਰ ਦਾ ਲੈ ਦਿਆਂ ਪਸ਼ੌਰਾ ਸਿੰਘ ਨੂੰ ਇਹ ਸੁਣਾ ਗਿਆ
ਮਹਾਰਾਜ ਦੇ ਪੁਤ ਇਸ ਕੌਰ ਜੀ ਨੂੰ ਸਾਰੇ ਖਾਲਸੇ ਨਾਲ ਮਿਲਾ ਗਿਆ